ਜਹ ਗਿਆਨ ਪ੍ਰਗਾਸੁ ਅਗਿਆਨੁ ਮਿਟੰਤੁ
GIAN
ਗੁਰਮਤਿ ਗਿਆਨ

ਅਗਸਤ 2024

# ਗੁਰਮਤਿ ਵਿਰਸਾ

# GURMAT VIRSA गुरमति विरसा

Year-6, Issue-1, August 2024, Ludhiana gurmatvirsa@gmail.com Multilingual Price 25/-

## ਮੋਰਚਾ ਗੁਰੂ ਕਾ ਬਾਗ



ਅਕਾਲੀ ਦਲ ਦੀ ਦੁਰਦਸ਼ਾ ਲਈ ਜ਼ਿੰਮੇਵਾਰ ਕੌਣ?

## ਅਜ਼ਾਦੀ: ਹਕੀਕਤ ਜਾਂ ਭਰਮ





# ਗਰਮੀਆਂ ਦੀਆਂ ਛੁੱਟੀਆਂ ਦੌਰਾਨ ਪੰਜਾਬ ਦੇ ਵੱਖ ਵੱਖ ਸਕੂਲਾਂ/ਗੁਰਦੁਆਰਿਆਂ ਵਿਖੇ ਗੁਰਮਤਿ ਗਿਆਨ ਮਿਸ਼ਨਰੀ ਕਾਲਜ ਵਲੋਂ ਵੱਡੀ ਗਿਣਤੀ ਵਿਚ ਗੁਰਮਤਿ ਕੈਂਪ ਲਗਾਏ ਗਏ





ਕੇਂਦਰ ਖਨਾਲ ਖੁਰਦ ਵਿਖੇ ਲੱਗ ਰਹੀ ਬੱਚਿਆਂ ਦੀ ਗੁਰਬਾਣੀ ਕੀਰਤਨ ਅਤੇ ਮਾਤਾਵਾਂ ਦੀ ਗੁਰਬਾਣੀ ਸੰਥਿਆ ਦੀ ਕਲਾਸ।



ਪਿੰਡ ਤੂਰਬਣਜਾਰਾ ਵਿਖੇ ਲੱਗ ਰਹੀ ਬੱਚਿਆਂ ਦੀ ਗੁਰਮਤਿ ਕਲਾਸ



ਸ.ਸ.ਸ.ਸ ਹਰੀ ਸਿੰਘ ਸਕੂਲ ਨੰਦਪੁਰ (ਤਰਨਤਾਰਨ) ਵਿਖੇ ਲੱਗ ਰਹੀ ਬੱਚਿਆਂ ਦੀ ਗੁਰਮਤਿ ਕਲਾਸ।



ਕੇਂਦਰ ਪਟਿਆਲਾ ਵਲੋਂ ਗੁਰਮਤਿ ਕੈਂਪ ਦੀ ਸਮਾਪਤੀ ਦੇ ਦਿਨ ਬੱਚਿਆਂ ਦਾ ਗੁਰਮਤਿ ਪੇਪਰ ਗਿਆ ਗਿਆ।





ਕੇਂਦਰ ਪਰਿੰਗੜੀ ਵਿਖੇ ਪੰਜ ਰੋਜ਼ਾ ਗੁਰਮਤਿ ਕੈਂਪ ਗੁਰਦੁਆਰਾ ਬਾਬਾ ਹਰਨਾਮ ਸਿੰਘ ਵਿਖੇ ਲਗਾਇਆ ਗਿਆ, ਜਿਸ ਵਿਚ ਵੱਡੀ ਗਿਣਤੀ 'ਚ ਬੱਚਿਆਂ ਨੇ ਭਾਗ ਲਿਆ ਉਪਰੰਤ ਬੱਚਿਆਂ ਨੂੰ ਇਨਾਮ ਦੇ ਕੇ ਸਨਮਾਨਤ ਕੀਤਾ ਗਿਆ।



ਕੇਂਦਰ ਤਰਨਤਾਰਨ ਦੇ ਪਿੰਡ ਜੋਣੇਕੇ ਵਿਖੇ ਲੱਗ ਰਹੀ ਬੱਚਿਆਂ ਦੀ ਗੁਰਮਤਿ ਕਲਾਸ



ਕੇਂਦਰ ਚੱਕ ਕਲਾਂ ਵਿਖੇ ਲੱਗ ਰਹੀ ਬੱਚਿਆਂ ਦੀ ਗੁਰਮਤਿ ਕਲਾਸ।



ਕੇਂਦਰ ਚੱਕ ਕਲਾਂ ਦੇ ਪਿੰਡ ਭੰਡਾਲ ਹਿੰਮਤ ਵਿਖੇ ਲੱਗ ਰਹੀ ਬੱਚਿਆਂ ਦੀ ਗੁਰਮਤਿ ਕਲਾਸ।

# ਗੁਰਮਤਿ ਵਿਰਸਾ

ਅਗਸਤ 2024 (ਮਾਸਿਕ ਮੈਗਜ਼ੀਨ)

**ਮੁੱਖ ਸੰਪਾਦਕ :** ਰਾਣਾ ਇੰਦਰਜੀਤ ਸਿੰਘ
**ਸੰਪਾਦਕ :** ਪ੍ਰਿੰ. ਗੁਰਬਚਨ ਸਿੰਘ ਪੰਨਵਾਂ
**ਸੰਪਾਦਕ :** ਕੈਪਟਨ ਅਵਤਾਰ ਸਿੰਘ ਪਰਿੰਗੜੀ
**ਪ੍ਰਬੰਧਕ:** ਗੁਰਮਤਿ ਗਿਆਨ ਚੈਰੀਟੇਬਲ ਟਰੱਸਟ (ਰਜਿ:)
**ਪ੍ਰਕਾਸ਼ਕ:** ਗੁਰਮਤਿ ਗਿਆਨ ਮਿਸ਼ਨਰੀ ਕਾਲਜ
ਪੰਜਾਬੀ ਬਾਗ, ਜਵੱਦੀ, ਲੁਧਿਆਣਾ- 141013
**ਫੋਨ:** 98146-35655, 99155-29725, 79733-70542
**Email:** gurmatvirsa@gmail.com
**Website:** www.gurmatgian.org

**ਸੰਪਾਦਕੀ ਬੋਰਡ:** ਸੁਖਵਿੰਦਰ ਸਿੰਘ ਦਦੇਹਰ
ਬੀਬੀ ਗੁਰਪ੍ਰੀਤ ਕੌਰ, ਡਾ. ਸਰਬਜੋਤ ਕੌਰ।
**ਕਾਨੂੰਨੀ ਸਲਾਹਕਾਰ:** ਐਡਵੋਕੇਟ ਜਸਪਾਲ ਸਿੰਘ ਚੁੱਘ

## ਸਾਵਣ-ਭਾਦੋਂ ਮਹੀਨੇ ਦੇ ਖਾਸ ਦਿਹਾੜੇ

- ਮੋਰਚਾ ਗੁਰੂ ਕਾ ਬਾਗ : 24 ਸਾਵਣ (8 ਅਗਸਤ)
- ਗੁਰੂ ਨਾਨਕ ਸਾਹਿਬ ਵਲੋਂ ਜਨੇਊ ਤੋਂ ਨਾਂਹ : 2 ਭਾਦੋਂ (17 ਅਗਸਤ)
- ਜੋੜ ਮੇਲਾ ਬਾਬਾ ਬਕਾਲਾ : 10 ਭਾਦੋਂ (25 ਅਗਸਤ)
- ਸੰਪੂਰਨ ਦਿਵਸ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ : 15 ਭਾਦੋਂ (30 ਅਗਸਤ)

Printer & Publisher Inderjit Singh on Behalf of (Owner) Gurmat Gian Missionary College, Punjabi Bagh, Jawaddi, Distt. Ludhiana (Punjab) & Printed from Dutta Lamination, 10019, Durga Puri, Aare Wali Gali, Haibowal Kalan, Ludhiana Punjab.

**Editor- Gurbachan Singh Panwa ***
Responsible for collection of all Printed matter as per PRB Act


**Registration Number of the Newspaper**
**PUNMUL/2019/78309**

## ਗੁਰਮਤਿ ਗਿਆਨ ਚੈਰੀਟੇਬਲ ਟਰੱਸਟ ਵਲੋਂ ਚਲਾਏ ਜਾ ਰਹੇ ਪ੍ਰੋਜੈਕਟ

1. ਗੁਰਮਤਿ ਗਿਆਨ ਮਿਸ਼ਨਰੀ ਕਾਲਜ
2. ਗੁਰਮਤਿ ਪ੍ਰਚਾਰ ਕੇਂਦਰ
3. ਸਿੱਖੀ ਲਹਿਰ
4. ਐਜੂ-ਏਡ ਵਿੰਗ
5. ਗੁਰਮਤਿ ਐਲੀਮੈਂਟਰੀ ਕੋਰਸ
6. ਗੁਰਮਤਿ ਟ੍ਰੇਨਿੰਗ ਕੈਂਪ
7. ਗੁਰਮਤਿ ਗਿਆਨ ਲਾਇਬ੍ਰੇਰੀ
8. ਹੋਮਿਓਪੈਥੀ ਡਿਸਪੈਂਸਰੀ
9. ਹਫਤਾਵਾਰੀ ਸਮਾਗਮ
10. ਫਰੀ ਮੈਡੀਕਲ ਚੈੱਕਅੱਪ
11. ਗੁਰਮਤਿ ਵਿਰਸਾ ਮੈਗਜ਼ੀਨ
12. ਗੁਰਮਤਿ ਲਿਟਰੇਚਰ ਹਾਊਸ
13. ਗਰੇਸ ਪਬਲਿਕ ਸਕੂਲ

## ਕੀ ਅਤੇ ਕਿੱਥੇ ?

ਸੰਪਾਦਕੀ 4
ਸਵਾਲ ਜਵਾਬ 8
ਸ਼ਬਦ ਵਿਚਾਰ 9
ਮੋਰਚਾ 'ਗੁਰੂ ਕਾ ਬਾਗ' 11
ਬੇਅਦਬੀ ਦੇ ਵਿਭਿੰਨ ਪਾਸਾਰ ਅਤੇ ਸਾਡੀਆਂ ਸ਼੍ਰੋਮਣੀ ਸੰਸਥਾਵਾਂ 13
ਸੰਗਰਾਂਦ ਯਾਦ ਹੈ, ਸ਼ਹੀਦੀ ਭੁੱਲ ਗਈ... 15
ਅਜ਼ਾਦੀ: ਹਕੀਕਤ ਜਾਂ ਭਰਮ 16
ਅਜ਼ਾਦੀ ਦੀ ਲੜਾਈ ਵਿਚ ਸਿੱਖਾਂ ਦਾ ਯੋਗਦਾਨ 18
ਅਕਾਲੀ ਸੁਰਜਨ ਸਿੰਘ ਸ਼ਹੀਦ 19
ਸਰਦਾਰ ਜੈ ਸਿੰਘ ਕੁਮੇਦਾਨ, ਝਬਾਲ 21
ਸਿੱਖ ਰਹਿਤ ਮਰਿਯਾਦਾ ਨੂੰ 1936 'ਚ ਜਨਰਲ ਹਾਊਸ ਤੋਂ... 21
ਨੰਨੇ ਵਾਰਸ 22
ਸਾਡਾ ਇਤਿਹਾਸ ਨੰ. 3 24
ਜਦੋਂ ਸ਼ਰਾਬੀ ਹਵਾਲਦਾਰ ਮੈਨੂੰ ਸਸਪੈਂਡ ਕਰਵਾਉਣ ਲੱਗਾ ਸੀ 26
ਹਜ਼ਾਰਾਂ ਵਰ੍ਹੇ ਪੁਰਾਣੇ ਫਲ ਅੰਜੀਰ ਦੇ ਫਾਇਦੇ 27
ਕਾਵਿ ਕਿਆਰੀ 29
ਆਨੰਦ ਕਾਰਜ ਦਾ ਬਦਲਦਾ ਰੂਪ 31
ਕਿਤਾਬ ਸਮੀਖਿਆ: ਗੁਰਬਾਣੀ ਵਿਚ ਆਏ ਪਸ਼ੂ, ਪੰਛੀ ਤੇ... 32
**ਭਾਈ ਗੁਰਦਾਸ ਜੀ-ਸੰਖਿਪਤ ਜੀਵਨ ਵ੍ਰਿਤਾਂਤ 33**
Bhagat Trilochan Ji 34
ਸਿਹਤ ਸੰਭਾਲ 36
ਸਾਡੀ ਖੇਤੀ 38
ਗੁਰਮਤਿ ਸੰਜੋਗ 40
ਜੂਨ ਮਹੀਨੇ ਦੀਆਂ ਸਰਗਰਮੀਆਂ 41




## ਜ਼ਰੂਰੀ ਸੂਚਨਾਵਾਂ

- 'ਗੁਰਮਤਿ ਵਿਰਸਾ' ਮੈਗਜ਼ੀਨ ਵਿਚ ਛਪਣ ਵਾਲੀਆਂ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹੁੰਦੇ ਹਨ। ਜ਼ਰੂਰੀ ਨਹੀਂ ਕਿ ਸੰਪਾਦਕੀ ਬੋਰਡ ਇਨ੍ਹਾਂ ਨਾਲ ਪੂਰੀ ਤਰ੍ਹਾਂ ਸਹਿਮਤ ਹੋਵੇ।
- ਕੋਈ ਵੀ ਵਾਦ-ਵਿਵਾਦ ਲੁਧਿਆਣਾ ਕਚਹਿਰੀਆਂ ਵਿਚ ਹੀ ਨਿਬੇੜੇ ਜਾਣਗੇ।
- ਸੰਪਾਦਕੀ ਬੋਰਡ ਨੂੰ ਕਿਸੇ ਵੀ ਰਚਨਾ ਨੂੰ ਕੱਟਣ ਜਾਂ ਰੱਦ ਕਰਨ ਦਾ ਪੂਰਾ ਹੱਕ ਹੈ।

**ਸੰਪਾਦਕੀ**

# ਅਕਾਲੀ ਦਲ ਦੀ ਦੁਰਦਸ਼ਾ ਲਈ ਜ਼ਿੰਮੇਵਾਰ ਕੌਣ?



ਪ੍ਰਿੰ. ਗੁਰਬਚਨ ਸਿੰਘ ਪੰਨਵਾਂ
99155-29725

ਸਿੱਖੀ ਦੀਆਂ ਅਮੀਰ ਪ੍ਰੰਪਰਾਵਾਂ ਰਹੀਆਂ ਹਨ ਕਿ ਆਏ ਨੀਂ ਨਿਹੰਗ ਕੁੰਡਾ ਖੋਲ੍ਹਦੇ ਨਿਸੰਗ। ਪਰ ਅਕਾਲੀ ਦਲ ਬਾਦਲ ਦੀ ਕਾਰਗੁਜ਼ਾਰੀ ਦੇਖ ਕੇ ਲੋਕਾਂ ਨੇ ਪਿੰਡਾਂ ਵਿਚ ਵੜ੍ਹਨ ਹੀ ਨਹੀਂ ਦਿੱਤਾ ਗਿਆ। ਇਸ ਵਰਤਾਰੇ ਨੂੰ ਥੋੜਾ ਜਿਹਾ ਸਮਝਣ ਦਾ ਯਤਨ ਕੀਤਾ ਜਾਏਗਾ।

ਕੁਝ ਅਕਾਲੀਏ ਅਕਾਲੀ ਦਲ ਬਚਾਓ ਦਾ ਰਾਗ ਅਲਾਪਣ ਲੱਗੇ ਹੋਏ ਹਨ, ਇਨ੍ਹਾਂ ਨੂੰ ਬੰਦਾ ਪੁੱਛੇ ਅਕਾਲੀ ਦਲ ਨੂੰ ਰੋੜਿਆ ਕਿੰਨ੍ਹੇ ਹੈ? ਤੁਸੀਂ ਬਰਾਬਰ ਦੀ ਐਸ਼ ਵਿਚ ਭਾਈਵਾਲ ਰਹੇ ਹੋ ਏਸੇ ਲਈ ਪੰਥ ਨੇ ਤੁਹਾਨੂੰ ਦਰਕਾਰ ਦਿੱਤਾ ਹੈ। ਅੱਕੀਂ ਪਲਾਹੀਂ ਹੱਥ ਮਾਰਦਿਆਂ ਤੁਹਾਨੂੰ ਅਕਾਲ ਤੱਖਤ ਦਾ ਚੇਤਾ ਆ ਗਿਆ। ਅਕਾਲ ਤੱਖਤ ਦੇ ਜੱਥੇਦਾਰ ਦੀ ਹੈਸੀਅਤ ਐਨੀ ਕੁ ਹੈ ਕਿ ਜੱਥੇਦਾਰ ਜੀ ਪਹਿਲੇ ਅਸਤੀਫਾ ਦਿਓ ਫਿਰ ਇਸ਼ਨਾਨ ਕਰਨਾ। ਤੱਤਕਾਲੀ ਜੱਥੇਦਾਰ ਪ੍ਰੋ. ਮਨਜੀਤ ਸਿੰਘ ਨੇ ਅਕਾਲੀ ਦਲਾਂ ਦੀ ਏਕਤਾ ਕਰਾਉਣ ਦਾ ਯਤਨ ਕੀਤਾ ਤਾਂ ਉਸ ਨੂੰ ਬਾਦਲ ਦਲੀਆਂ ਪਾਸੋਂ ਕਮਰੇ ਨੂੰ ਕੁੰਡੀ ਕਾ ਲੇ ਆਪਣੀ ਜਾਨ ਬਚਾਉਣੀ ਪਈ। ਓਦੋਂ ਤੁਸੀਂ ਬਾਦਲ ਦਲ ਦਾ ਹਿੱਸਾ ਸੀ। ਅੱਜ ਫਿਰ ਅਕਾਲ ਤੱਖਤ ਤੇ ਜਾਣ ਦੀ ਡਰਾਮੇਬਾਜ਼ੀ ਸ਼ੁਰੂ ਕੀਤੀ ਗਈ ਹੈ ਪਰ ਤੁਸੀਂ ਪੰਥ ਲਈ ਇਮਾਨਦਾਰ ਨਹੀਂ ਰਹੇ।

ਅਕਾਲ ਤੱਖਤ ਦੇ ਜੱਥੇਦਾਰ ਕੋਲ ਆਪਣਾ ਪੱਖ ਰੱਖਣ ਲਈ ਚਾਰਾਜੋਈ ਤਾਂ ਕਰ ਰਹੇ ਹੋ ਪਰ ਤੱਖਤਾਂ ਦੇ ਜੱਥੇਦਾਰਾਂ ਨੂੰ ਤੁਸੀਂ ਟਿਚ ਜਾਣਦੇ ਹੋ? ਇਹ ਦੱਸੋ ਕਿਹੜੇ ਜੱਥੇਦਾਰ ਦੀ ਤੁਸਾਂ ਬਾਂਹ ਨਹੀਂ ਮਰੋੜੀ? ਆਪਣੀ ਖੱਲ ਬਚਾਉਣ ਲਈ ਤੇ ਅਵਾਮ ਦੀਆਂ ਅੱਖਾਂ ਵਿਚ ਘੱਟਾ ਪਾਉਣ ਲਈ ਅਕਾਲ ਤੱਖਤ ਦੇ ਜੱਥੇਦਾਰ ਨੂੰ ਧਿਰ ਕਿਉਂ ਬਣਾ ਰਹੇ ਹੋ? ਬਾਦਲਾਂ ਦੇ ਗੁਨਾਹਾਂ 'ਤੇ ਪੜਦਾ ਵੀ ਤਾਂ ਅਕਾਲ ਤੱਖਤ ਦੇ ਜੱਥੇਦਾਰਾਂ ਤੋਂ ਹੀ ਪਵਾਇਆ ਗਿਆ ਸੀ।

ਤੁਹਾਡੀਆਂ ਸਰਕਾਰਾਂ ਨੇ ਜੱਥੇਦਾਰਾਂ ਨੂੰ ਸੁਰੱਖਿਆ ਦੇ ਕੇ ਆਮ ਸੰਗਤ ਨਾਲੋਂ ਹੀ ਦੂਰ ਕਰ ਛੱਡਿਆ ਹੈ। ਅਕਾਲ ਤੱਖਤ ਦੇ ਜੱਥੇਦਾਰ ਨੂੰ ਤੁਸਾਂ ਚੰਡੀਗੜ੍ਹ ਸਦ ਕੇ ਗਲ਼ ਵਿਚ ਅੰਗੂਠਾ ਦਿੱਤਾ ਤੇ ਕਿਹਾ ਆਹ ਜਿਹੜਾ ਲਿਖਿਆ ਹੈ ਇਸ ਨੂੰ ਹੁਕਮ ਨਾਮਾ ਬਣਾ ਕੇ ਸਿੱਖਾਂ ਦੇ ਗਲ਼ ਮੜ੍ਹ ਦਿਓ। ਆਹ ਸਾਰੇ ਅਕਾਲੀਏ ਸਭ ਤੋਂ ਵੱਧ ਚੰਦੂ ਮਾਜਰਾ ਜੀ ਸਪਸ਼ਟੀ ਕਰਨ ਦਈ ਜਾਂਦੇ ਸਨ ਸਾਰਾ ਕੁਝ ਪੰਥਕ ਹਿੱਤਾਂ ਲਈ ਕੀਤਾ ਹੈ। ਮਾੜੀ ਮੋਟੀ ਵੀ ਸ਼ਰਮ ਹਯਾ ਨਾ ਰਹੀ। ਅਕਾਲ ਤੱਖਤ ਤੇ ਚਿੱਠੀਆਂ ਦੇਣ ਵਾਲਿਓ ਤੁਸੀਂ ਨਾਲ ਹੀ ਬੈਠੇ ਸੀ। ਆਪਣੇ ਮਤਲਬ ਲਈ ਤੁਸਾਂ ਧਾਰਮਿਕ ਸੰਸਥਾਵਾਂ ਦੀ ਰੱਜ ਕੇ ਦੁਰਵਰਤੋਂ ਕੀਤੀ ਹੈ। ਕਬੀਰ ਸਾਹਿਬ ਦਾ ਬੜਾ ਪਿਆਰਾ ਵਾਕ ਹੈ—

**ਕਬੀਰ ਮਨੁ ਜਾਨੈ ਸਭ ਬਾਤ ਜਾਨਤ ਹੀ ਅਉਗਨੁ ਕਰੈ ॥**
**ਕਾਹੇ ਕੀ ਕੁਸਲਾਤ ਹਾਥਿ ਦੀਪੁ ਕੂਏ ਪਰੈ ॥ (1376)**

ਜਥੇਦਾਰ ਸੁਖਦੇਵ ਸਿੰਘ ਭੌਰ ਵਰਗੇ ਪੰਥ ਪ੍ਰਤੀ ਵਫ਼ਾਦਾਰ ਸਨ ਉਹ ਤੁਹਾਡੇ ਚਿੱਕੜ ਨੂੰ ਪਹਿਲਾਂ ਹੀ ਛੱਡ ਕੇ ਚਲੇ ਗਏ ਹਨ।

ਅਕਾਲ ਤੱਖਤ 'ਤੇ ਕੇਵਲ ਚਾਰ ਗਲਤੀਆਂ ਦੀ ਮੁਆਫ਼ੀ ਲਈ ਜਾਣਾ ਸਹੀ ਨਹੀਂ ਹੈ। ਕੀ ਬਾਕੀ ਦੀਆਂ ਭੁੱਲਾਂ ਦੀ ਮੁਆਫ਼ੀ ਕੌਣ ਮੰਗੇਗਾ। ਚਾਰ ਸੌਦਾ ਸਾਧ ਨਾਲ ਤੇ ਇਕ ਸੁਮੇਧ ਸੈਣੀ ਨਾਲ ਸਬੰਧ ਰੱਖਦੀ ਹੈ। ਜੇ ਮੁਆਫ਼ੀ ਮੰਗਣੀ ਹੀ ਤਾਂ 1996 ਤੋਂ ਸ਼ੁਰੂ ਕਰੋ---ਨਹੀਂ ਤਾਂ ਇਹ ਮੁਆਫ਼ੀ ਇਕ ਪਾਖੰਡ ਤੋਂ ਵੱਧ ਕੁਝ ਵੀ ਨਹੀਂ ਹੈ--

ਭੁੱਲਾਂ ਦੀ ਗਿਣਤੀ ਕਰ ਲਓ—

ਪੰਥਕ ਪਾਰਟੀ ਨੂੰ ਪੰਜਾਬੀ ਪਾਰਟੀ ਕਿੰਨੇ ਬਣਾਇਆ?

ਤੁਸਾਂ ਅਕਾਲੀ ਦਲ ਦਾ ਦਫਤਰ ਅੰਮ੍ਰਿਤਸਰ ਤੋਂ ਚੰਡੀਗੜ੍ਹ ਕਿਉਂ ਬਣਾਇਆ?

ਕੀ ਤੁਸਾਂ ਆਪਣੇ ਵਿਰੋਧੀਆਂ ਤੇ ਪੰਥਕ ਵਿਦਵਾਨਾਂ ਨੂੰ ਠੋਕਣ ਲਈ ਅਕਾਲ ਤੱਖਤ ਦੇ ਜੱਥੇਦਾਰਾਂ ਤੋਂ ਹੁਕਮਨਾਮੇ ਜਾਰੀ ਨਹੀਂ ਕਰਾਏ?

ਕੀ ਤੁਹਾਡੀ ਕਿਰਪਾ ਨਾਲ ਨਾਨਕਸ਼ਾਹੀ ਕੈਲੰਡਰ ਦਾ ਭੋਗ ਨਹੀਂ ਪਾਇਆ ਗਿਆ?

ਕੀ ਤੁਸਾਂ ਸ਼੍ਰੋਮਣੀ ਕਮੇਟੀ ਤੇ ਕਬਜ਼ਾ ਕਰਨ ਲਈ ਤੀਹ ਟਿਕਟਾਂ ਸਾਧਾਂ ਨੂੰ ਨਹੀਂ ਦਿੱਤੀਆਂ?

ਬਲੂ-ਸਟਾਰ ਅਪਰੇਸ਼ਨ ਬਾਰੇ ਟਰੁੱਥ ਕਮਿਸ਼ਨ ਕਾਇਮ ਕਰਕੇ ਪੂਰੀ ਪੜਤਾਲ ਕਰਨ ਦਾ ਲਾਰਾ ਲਾ ਕੇ ਅਖੀਰ ਕਹਿ ਦਿੱਤਾ ਕਿ ਛੱਡੋ ਜੀ, ਇਹ ਸਾਰਾ ਕੁਝ ਬੀਤ ਚੁੱਕਿਆ ਹੈ, ਪੁਰਾਣੀਆਂ ਗੱਲਾਂ ਕਰਨ ਦਾ ਕੋਈ ਲਾਭ ਨਹੀਂ?

ਜੇ ਜਸਟਿਸ ਕੁਲਦੀਪ ਸਿੰਘ ਨੇ ਦੇਸ਼ ਦੇ ਵੱਡੇ ਤਿੰਨ ਜੱਜਾਂ ਦਾ ਪ੍ਰਾਈਵੇਟ ਕਮਿਸ਼ਨ ਬਣਾ ਕੇ ਲਾਪਤਾ ਨੌਜਵਾਨਾਂ ਬਾਰੇ ਪੜਤਾਲ ਸ਼ੁਰੂ ਕੀਤੀ ਤਾਂ ਤੁਰੰਤ ਕਾਰਵਾਈ ਕਰਦਿਆਂ ਹਾਈਕੋਰਟ ਤੋਂ ਪਾਬੰਦੀ ਲਗਾ ਕੇ ਅਗਲੇਰੀ ਜਾਂਚ ਹੀ ਬੰਦ ਕਰਾ ਦਿੱਤੀ?

ਜੇ ਬਲੂ-ਸਟਾਰ ਮਗਰੋਂ ਦੇ ਸਮੇਂ ਦੌਰਾਨ ਨੌਜਵਾਨਾਂ ਉੱਤੇ ਜ਼ੁਲਮ ਢਾਹੁਣ ਵਾਲੇ ਪੁਲਸੀਆਂ ਵਿਰੁੱਧ ਕੇਸ ਦਰਜ ਹੋ ਗਏ ਤਾਂ ਪ੍ਰਕਾਸ਼ ਸਿੰਘ ਬਾਦਲ ਵਲੋਂ ਅਸੈਂਬਲੀ ਵਿੱਚ ਸਹੁੰ ਚੁੱਕ ਕੇ ਉਹ ਕੇਸ ਵਾਪਸ ਨਹੀਂ ਲਏ?

ਕੀ ਬਾਦਲ ਨੇ ਸਤਲੁਜ ਜਮਨਾ ਨਹਿਰ ਲਈ ਸੌ ਕਰੋੜ ਰੁਪਇਆ ਨਹੀਂ ਲਿਆ?

ਜਦੋਂ ਭਾਜਪਾ ਸਰਕਾਰ ਵਿੱਚ ਸੁਖਬੀਰ ਸਿੰਘ ਬਾਦਲ ਕੇਂਦਰ ਵਿੱਚ ਮੰਤ੍ਰੀ ਸੀ ਤਾਂ ਹਿਮਾਚਲ ਪ੍ਰਦੇਸ਼ ਨੂੰ ਕਾਰਖਾਨੇ ਦੇਣ ਦਾ ਫੈਸਲਾ ਹੋਇਆ ਕੀ ਤੁਸੀਂ ਦਸਖਤ ਨਹੀਂ ਕੀਤੇ?

ਕੀ ਤੁਸੀਂ ਧਰਮੀ ਫੌਜੀਆਂ ਦੀ ਕੁਰਬਾਨੀ ਦਾ ਕੋਈ ਮੁੱਲ ਪਾਇਆ?

ਕੀ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਤੁਸੀਂ ਲਿਫਾਫਾ ਵਿਚੋਂ ਨਹੀਂ ਕੱਢਦੇ ਰਹੇ?

ਹਰਸਿਮਰਤ ਕੌਰ ਦੇ ਮੰਤ੍ਰੀ ਹੁੰਦੇ ਤਿੰਨ ਖੇਤੀ ਕਾਨੂੰਨ ਪਾਸ ਹੋਏ ਤਾਂ ਤੁਸੀਂ ਵਜ਼ੀਰੀ ਬਚਾਉਣ ਲਈ ਉਨ੍ਹਾਂ ਨੂੰ ਸਹੀ ਦਸਦੇ ਰਹੇ?

ਕੀ ਦਿੱਲੀ ਏਅਰਪੋਰਟ ਨੂੰ ਜਾਂਦੀਆਂ ਸਰਕਾਰੀ ਬੱਸਾਂ ਰੋਕ ਕੇ ਇੰਡੋ-ਕੈਨੇਡੀਅਨ ਬੱਸ ਤੇ ਤੁਸਾਂ ਕਬਜ਼ਾ ਨਹੀਂ ਕੀਤਾ?

ਜੰਮੂ ਕਸ਼ਮੀਰ ਵਿਚੋਂ 370 ਧਾਰਾ ਰੱਦ ਕਰਕੇ ਕੇਂਦਰੀ ਰਾਜ ਬਣਾ ਦਿੱਤੇ ਤੁਸੀਂ ਉਸ ਦੇ ਹੱਕ ਵਿਚ ਭੁਗਤੇ।

ਅਨੰਦਪੁਰ ਦੇ ਮਤੇ ਦਾ ਤੁਸਾਂ ਹੁਣ ਕਦੇ ਜ਼ਿਕਰ ਕੀਤਾ?

ਜੱਥੇਦਾਰ ਗੁਰਚਰਨ ਸਿੰਘ ਟੋਹੜਾ ਦੀ ਬਲੀ ਦੇ ਕੇ ਬਣ ਗਿਆ ਸ਼੍ਰੋਮਣੀ ਅਕਾਲੀ ਦਲ ਬਾਦਲ। ਅਗਾਂਹ ਤਰੱਕੀ ਕਰਦਿਆਂ ਸ਼੍ਰੋਮਣੀ ਅਕਾਲੀ ਦਲ ਬਣ ਗਿਆ ਬਾਦਲ ਪਰਿਵਾਰ ਦੀ ਜੇਬ੍ਹ ਦਾ ਅਕਾਲੀ ਦਲ। ਜਿਹੜੀ ਮਾੜੀ ਮੋਟੀ ਅਕਾਲੀ ਦਲ ਵਿਚ ਤੜ੍ਹ ਸੀ ਉਹ ਮੋਗੇ ਰੈਲੀ ਵਿਚ ਪੰਜਾਬੀ ਪਾਰਟੀ ਬਣਾ ਕੇ ਕੱਢ ਦਿੱਤੀ। ਬਾਕੀ ਅਕਾਲੀਆਂ ਨੇ ਵਗਦੀ ਗੰਗਾ ਵਿਚ ਇਸ਼ਨਾਨ ਕਰਦਿਆਂ ਕੋਈ ਘੱਟ ਨਹੀਂ ਗੁਜ਼ਾਰੀ। ਹਰੇਕ ਨੇ ਖੁਲ੍ਹੀ ਛੁੱਟੀ ਲੈ ਲਈ ਪੰਥ ਪਏ ਢਠੇ ਖੂਹ ਵਿਚ ਆਪੋ ਆਪਣੇ ਕਾਰੋਬਾਰ ਵਧਾਓ ਮਹਿੰਗੀਆਂ ਗੱਡੀਆਂ ਲਓ, ਝੂਠੀ ਸ਼ਾਨ ਲਈ ਪੰਜਾਬ ਪੁਲੀਸ ਦਾ ਇਸਤੇਮਾਲ ਕਰੋ, ਸ਼ਾਨੋ ਸ਼ੌਕਤ ਨਾਲ ਜੀਓ। ਦਰੀਆਂ ਵਛਾਉਣ ਵਾਲੇ ਵਰਕਰ ਵੇਖਦਿਆਂ ਵੇਖਦਿਆਂ ਇਕ ਨੁਕਰੇ ਲਾ ਦਿੱਤੇ। ਜਿਹੜਾ ਅਕਾਲੀ ਨੇਤਾ ਰਾਹ ਵਿਚ ਰੋੜਾ ਬਣਿਆ ਉਹਦਾ ਕੰਡਾ ਕੱਢ ਕੇ ਹੀ ਸਾਹ ਲਿਆ

ਜਾਂਦਾ ਰਿਹਾ।

ਅਕਾਲੀ ਦਲ ਬਾਦਲ ਦੇ ਹਾਲਾਤ ਏਦਾਂ ਦੇ ਬਣ ਗਏ ਕਿ ਸਭ ਤੋਂ ਵੱਧ ਅਮੀਰ ਉਮੀਦਵਾਰਾਂ ਨੂੰ ਟਿਕਟ ਦੇਣ ਦੀ ਨਵੀਂ ਪਿਰਤ ਪਾਈ। ਇਹ ਵੀ ਸੁਣਨ ਵਿਚ ਆਇਆ ਹੈ ਜਿਹੜਾ ਵੱਧ ਬੋਲੀ ਲਗਾਉਂਦਾ ਸੀ ਉਹ ਅਕਾਲੀ ਦਲ ਦਾ ਉਮੀਦਵਾਰ ਹੁੰਦਾ। ਦੂਸਰਾ ਮਾਪਦੰਡ ਏਦਾਂ ਦਾ ਸੀ ਕਿ ਜਿਸ ਕੋਲ ਮਹਿੰਗੀ ਗੱਡੀ ਹੋਏਗੀ ਉਸ ਨੂੰ ਪਾਰਟੀ ਦੇ ਅਹੁਦੇ ਦਿੱਤੇ ਜਾਣਗੇ। ਤੁਹਾਡਾ ਕੇਵਲ ਇਕੋ ਨਿਸ਼ਾਨਾ ਸੀ ਪੰਥ ਦੇ ਨਾਂ 'ਤੇ ਸਰਕਾਰ ਬਣਾ ਕੇ ਸਰਕਾਰੀ ਲੁੱਟ ਕੀਤੀ ਜਾਏ। ਪਾਰਟੀ ਤੇ ਪੰਥ ਪ੍ਰਤੀ ਤੁਹਾਡੀ ਕੋਈ ਵਫ਼ਦਾਰੀ ਨਾ ਪਹਿਲਾਂ ਸੀ ਨਾ ਹੁਣ ਹੈ ਤੇ ਨਾ ਹੀ ਅਗਾਂਹ ਕੁਝ ਦਿਖਾਈ ਦਿੰਦੀ ਹੈ। ਹਾਲਾਤ ਏਦਾਂ ਦੇ ਬਣ ਗਏ ਹਨ ਕਿ ਹੁਣ ਅੰਦਰਲੀਆਂ ਗੱਲਾਂ ਆਪਣੇ ਆਪ ਬਾਹਰ ਆ ਰਹੀਆਂ ਹਨ। ਤੁਹਾਡੀ ਕਾਰਜ ਸ਼ੈਲੀ ਤੁਹਾਡੇ ਆਪਣੇ ਹੀ ਦੱਸੀ ਜਾ ਰਹੇ ਹਨ। ਸਾਰੀ ਤਸਵੀਰ ਵਿਚ ਤੁਹਾਡੇ ਲਾਲਚ ਵੱਡੇ ਸਨ—ਬਾਬਾ ਫਰੀਦ ਸਾਹਿਬ ਦੇ ਇਸ ਵਿਚਾਰ ਨੂੰ ਸਾਹਮਣੇ ਰੱਖਿਆ ਹੁੰਦਾ ਤਾਂ ਆ ਦਿਨ ਨਾ ਦੇਖਣੇ ਪੈਂਦੇ—

**ਫਰੀਦਾ ਜਾ ਲਬੁ ਤਾ ਨੇਹੁ ਕਿਆ ਲਬੁ ਤ ਕੂੜਾ ਨੇਹੁ ॥**
**ਕਿਚਰੁ ਝਤਿ ਲਘਾਈਐ ਛਪਰਿ ਤੁਟੈ ਮੇਹੁ ॥ (1378)**

ਲਗਦਾ ਨਹੀਂ ਵੱਖਰੇ ਹੋਏ ਅਕਾਲੀਏ ਕੁਝ ਪੰਥ ਜਾਂ ਪੰਜਾਬ ਦਾ ਸਵਾਰ ਸਕਣ ਕਿਉਂਕਿ ਇਨ੍ਹਾਂ ਸਾਰਿਆਂ ਨੇ 2027 ਦੀਆਂ ਚੋਣਾਂ ਵਿਚ ਇਕੱਠੇ ਹੋ ਜਾਣਾ ਹੈ ਤੇ ਪੈਣਾ ਵੀ ਇਨ੍ਹਾਂ ਸਾਰਿਆਂ ਭਾਜਪਾ ਦੀ ਝੋਲ਼ੀ ਵਿਚ ਹੈ। ਅਗਾਂਹ ਭਾਜਪਾ ਨੂੰ ਸੀਟਾਂ ਵੀ ਇਹ ਅੱਧੀਆਂ ਛੱਡਣ ਲਈ ਰਾਜ਼ੀ ਹੋ ਜਾਣਗੇ। ਇਨ੍ਹਾਂ ਸਾਰਿਆਂ ਦੇ ਖ਼ੂਨ ਵਿਚ ਪੰਥਕ ਜਜ਼ਬਾ ਹੀ ਨਹੀਂ ਹੈ। ਬਾਗੀ ਅਕਾਲੀਏ ਵੀ ਪਰਵਾਰਵਾਦ ਤੇ ਸਤਾ ਦੇ ਨਸ਼ੇ ਦੀ ਭੇਟ ਚੜ੍ਹ ਗਏ ਹਨ। ਇਹ ਗੁਰਦੁਆਰਿਆਂ ਦੇ ਸਭਿਆਚਾਰ ਨੂੰ ਛੱਡ ਕੇ ਹੋਟਲਾਂ ਦੇ ਸਭਿਆਚਾਰ ਦਾ ਸ਼ਿਕਾਰ ਹੋ ਕੇ ਰਹਿ ਗਏ ਹਨ। ਕਬੱਡੀ ਮੈਚਾਂ ਵਿਚ ਫਿਲਮੀ ਬੀਬੀਆਂ ਦੇ ਠੁੰਮਕਿਆਂ ਦੀ ਲੋੜ ਨਹੀਂ ਸੀ। ਪਰ ਅਕਾਲੀਏ ਪੰਥਕ ਰਾਵਇਤਾਂ ਨੂੰ ਭੁੱਲ ਕੇ ਇਹ ਠੁੰਮਕੇ ਵੀ ਦੇਖਦੇ ਰਹੇ। ਹੁਣ ਕਿਹੜੇ ਮੂੰਹ ਨਾਲ ਅਕਾਲੀ ਦਲ ਬਚਾਓ ਦਾ ਰਾਗ ਅਲਾਪ ਰਹੇ ਹਨ।

ਅਕਾਲੀ ਦਲ ਬਾਦਲ ਬਿੱਖਰ ਗਿਆ। ਅਜੇ ਦੋ ਟੋਟੇ ਹੀ ਹੋਣੇ ਸਪੱਸ਼ਟ ਹੋਏ ਹਨ ਪਰ ਲੱਗਦਾ ਤੀਜਾ ਵੀ ਬਹੁਤ ਜਲਦ ਧੜਾ ਬਣੇਗਾ। ਸਿਰਫ ਤਿੰਨ ਚਾਰ ਅਕਾਲੀ ਲੀਡਰ ਛੱਡ ਦਿਓ ਬਾਕੀ ਸਾਰੇ ਥਾਲੀ ਦੇ ਬੈਂਗਣ ਹਨ। ਅਕਾਲੀ ਦਲ ਵਿਚੋਂ ਪੰਥਕ ਪ੍ਰੰਪਰਾਵਾਂ, ਲੋਕਰਾਜੀ ਢਾਂਚਾ, ਸਿੱਖੀ ਵਾਲਾ ਜਜ਼ਬਾ ਤੇ ਗੁਰਮਤਿ ਵਾਲਾ ਵਿਧੀ ਵਿਧਾਨ ਸਭ ਕੁਝ ਖਤਮ ਹੋ ਚੁੱਕਿਆ ਹੈ।

1966 ਵਿਚ ਪੰਜਾਬੀ ਸੂਬੀ ਬਣੀ ਸੀ ਜਿਸ ਵਿਚ 2022 ਤੱਕ 23 ਵਾਰ ਕਾਂਗਰਸ ਪਾਰਟੀ ਤੇ 23 ਸਾਲ ਸ਼੍ਰੋਮਣੀ ਅਕਾਲੀ ਦਲ ਰਾਜ ਭਾਗ ਦਾ ਮਾਲਕ ਬਣਦਾ ਰਿਹਾ ਹੈ। 2017 ਨੂੰ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਵਿਚ ਸ਼੍ਰੋਮਣੀ ਅਕਾਲੀ ਦਲ ਬਾਦਲ ਨੂੰ ਕੁਲ ਮਿਲਾ ਕਿ 15 ਸੀਟਾਂ ਮਿਲੀਆਂ ਸਨ। ਸ਼੍ਰੋਮਣੀ ਅਕਾਲੀ ਬਾਦਲ ਨੇ ਕੰਧ ਤੇ ਲਿਖੇ ਨੂੰ ਪੜ੍ਹਨ ਦਾ ਯਤਨ ਨਹੀਂ ਕੀਤਾ, ਇਸ ਲਈ ਫਰਵਰੀ 2022 ਦੀਆਂ ਚੋਣਾਂ ਵਿਚ 15 ਤੋਂ ਤਿੰਨ ਸੀਟਾਂ ਰਹਿ ਗਈਆਂ ਸਨ।

ਇਕਬਾਲ ਸਿੰਘ ਝੂੰਦਾ ਦੀ ਪ੍ਰਧਾਨਗੀ ਹੇਠ ਸਵੈ ਪੜਚੋਲ ਲਈ ਤੁਸਾਂ ਆਪ ਹੀ ਕਮੇਟੀ ਬਣਾਈ ਸੀ ਪਰ ਉਸ ਰਿਪੋਰਟ ਨੂੰ ਵਾਧੂ ਦੇ ਕਾਗ਼ਜ਼ ਸਮਝ ਕੇ ਕੋਈ ਅਮਲ ਨਹੀਂ ਕੀਤਾ। ਸੁਖਬੀਰ ਸਿੰਘ ਬਾਦਲ ਨੇ ਆਪ ਅਸਤੀਫਾ ਦੇਣ ਦੀ ਬਜਾਏ ਕਾਰਜਕਰਨੀ ਕਮੇਟੀ ਹੀ ਭੰਗ ਕਰ ਦਿੱਤੀ। ਨਤੀਜਾ ਸਾਫ਼ ਹੈ ਕਿ ਹੁਣ 2024 ਦੀਆਂ ਲੋਕ ਸਭਾ ਚੋਣਾਂ ਵਿਚ ਕੇਵਲ ਇਕੋ ਸੀਟ ਜਿੱਤੀ ਹੈ। ਬਾਕੀ ਸਾਰੀਆਂ ਸੀਟਾਂ ਤੇ ਜ਼ਮਾਨਤਾਂ ਜ਼ਬਤ ਨਹੀਂ ਹੋਈਆਂ ਸਗੋਂ ਸਾਰੇ ਪੰਜਾਬ ਵਿਚੋਂ ਹੀ ਅਕਾਲੀਆਂ ਦੀਆਂ ਸੰਗਤ ਨੇ ਜ਼ਮਾਨਤਾਂ ਜ਼ਬਤ ਕਰਾ ਦਿੱਤੀਆਂ ਹਨ।

ਅਕਾਲੀ ਦਲ ਬਾਦਲ ਸ਼ਰਮਨਾਕ ਮੌੜ 'ਤੇ ਖੜਾ ਹੋ ਗਿਆ ਹੈ ਕਿਉਂਕਿ ਪਾਰਟੀ ਪ੍ਰਧਾਨ ਨੇ ਕਿਸੇ ਮਿਆਰ ਨਾਲ ਕੋਈ ਅਹੁਦਾ ਨਹੀਂ ਦਿੱਤਾ ਗਿਆ। ਜਿਸ ਦੇ ਘਰੋਂ ਚਾਹ ਪੀ ਲਈ ਉਸ ਨੂੰ ਅਹੁਦਾ ਬਖਸ਼ ਦਿੱਤਾ। ਸਾਰਾ ਪੁਰਾਣਾ ਇਸਤ੍ਰੀ ਅਕਾਲੀ ਦਲ ਇਕ ਪਾਸੇ ਪਰ ਸੁਖਬੀਰ ਸਿੰਘ ਬਾਦਲ ਨੇ ਜਗ੍ਹੋਂ ਤੇਰ੍ਹਵੀਂ ਕਰਦਿਆਂ ਉਸ ਬੀਬੀ ਨੂੰ ਸ਼੍ਰੋਮਣੀ ਅਕਾਲੀ ਇਸਤ੍ਰੀ ਵਿੰਗ ਦਾ ਪ੍ਰਧਾਨ ਬਣਾ ਧਰਿਆ ਜਿਸ ਦਾ ਅਕਾਲੀ ਦਲ ਵਿਚ ਕੋਈ ਅਧਾਰ ਨਹੀਂ ਹੈ। ਸ਼ਰਮਨਾਕ ਹਾਰ 'ਤੇ ਸੁਖਬੀਰ ਸਿੰਘ ਬਾਦਲ ਲਈ ਨਾਅਰੇ ਲਾਏ ਜਾ ਰਹੇ ਹਨ ਸੁਖਬੀਰ ਸਿੰਆਂ ਤੇਰੀ ਸੋਚ 'ਤੇ ਪਹਿਰਾ ਦਿਆਂਗੇ ਠੋਕ ਕੇ। ਕਰ ਲਓ ਤੇਲ ਨੂੰ ਭਾਂਡਾ।

ਪਹਿਲੀ ਵਾਰ ਪੰਜਾਬ ਵਿੱਚ ਲੋਕ ਸਭਾ ਸੀਟਾਂ 'ਤੇ ਇਕੱਲਿਆਂ ਚੋਣ ਲੜ ਰਹੀ ਭਾਜਪਾ ਨੇ ਚੰਗੀ ਕਾਰਗੁਜ਼ਾਰੀ ਦਿਖਾਈ ਹੈ ਹਾਲਾਂ ਕਿ ਭਾਜਪਾ ਨੂੰ ਕਿਰਸਾਨਾਂ ਦੇ ਤਿੱਖੇ ਵਿਰੋਧ ਦਾ ਸਾਹਮਣਾ ਕਰਨਾ ਪਿਆ। ਜੇ ਭਾਰਤੀ ਜਨਤਾ ਪਾਰਟੀ ਨੂੰ ਕਿਰਸਾਨਾਂ ਦੇ ਵਿਰੋਧ ਦਾ ਸਾਹਮਣਾ ਨਾ ਕਰਨਾ ਪੈਂਦਾ ਤਾਂ ਤੁਹਾਨੂੰ ਪੂਰਾ ਰਗੜ ਕੇ ਰੱਖ ਦੇਣਾ ਸੀ। ਪੰਜੀ ਸਾਲ ਰਾਜ ਕਰਨ ਦਾ ਸੁਪਨਾ ਲੈਣ ਵਾਲੇ ਆਪਣੀ ਹੋਂਦ ਹੀ ਗਵਾ ਗਏ। ਗੁਰਦਾਸਪੁਰ, ਲੁਧਿਆਣਾ ਤੇ ਜਲੰਧਰ ਵਿਚ ਕਾਂਗਰਸ ਨੂੰ ਸਿੱਧੀ ਚਣੌਤੀ ਦਿੱਤੀ ਹੈ ਜਦ ਕਿ ਬਾਕੀ ਛੇ ਸੀਟਾਂ ਤੇ ਭਾਜਪਾ ਤੀਜੇ ਸਥਾਨ 'ਤੇ ਰਹੀ ਹੈ। ਕੁੱਲ ਮਿਲਾ ਕਿ ਭਾਜਪਾ ਨੇ ਆਪਣੇ ਵੋਟ ਬੈਂਕ ਵਿਚ ਚੋਖਾ ਵਾਧਾ ਕੀਤਾ ਹੈ ਜਦ ਕਿ ਅਕਾਲੀ ਦਲ ਬਾਦਲ ਆਪਣੀ ਹੋਂਦ ਵੀ ਨਹੀਂ ਬਚਾ ਸਕਿਆ।

ਅਜਿਹੇ ਹਲਾਤਾਂ ਵਿੱਚ ਸਭ ਤੋਂ ਵੱਧ ਜ਼ਿੰਮੇਵਾਰ ਸੁਖਬੀਰ ਸਿੰਘ ਬਾਦਲ, ਵੱਖ ਹੋਇਆ ਅਕਾਲੀ ਟੋਲਾ ਤੇ ਇਨ੍ਹਾਂ ਦੇ ਦੋ ਸਲਾਹਕਾਰ ਹਨ, ਜਿਨ੍ਹਾਂ ਨੂੰ ਪੰਥ ਨਾਲ ਕੋਈ ਦਰਦ ਨਹੀਂ ਹੈ। ਅਕਾਲੀ ਦਲ ਨੇ ਆਪਣਾ ਸਾਰਾ ਢਾਂਚਾ ਹੀ ਖੇਰੂੰ ਖੇਰੂੰ ਕਰ ਲਿਆ ਹੈ। ਕੋਈ ਕੋਰ ਕਮੇਟੀ ਦੀ ਮੀਟਿੰਗ ਨਹੀਂ, ਕੋਈ ਜਨਰਲ ਇਜਲਾਸ ਨਹੀਂ, ਟਿਕਟਾਂ ਦੇਣ ਦਾ ਕੋਈ ਵਿਧੀ ਵਿਧਾਨ ਨਹੀਂ ਰਿਹਾ। ਬਾਕੀ ਆਹ ਅਕਾਲੀਏ ਗੁੰਗੇ ਬਹਿਰੇ ਹੋ ਕੇ ਇਹੋ ਕਹਿੰਦੇ ਰਹੇ ਕਿ ਜੋ ਪ੍ਰਧਾਨ ਜੀ ਕਰਨਗੇ ਸਾਨੂੰ ਮੰਜ਼ੂਰ ਹੈ। ਆਪਣੇ ਪੁੱਤ ਭਤੀਜਿਆਂ ਘਰਵਾਲੀਆਂ ਦੀਆਂ ਟਿਕਟਾਂ ਪੱਕੀਆਂ ਕਰਦਿਆਂ ਕਰਦਿਆਂ ਲੋਕਾਂ ਦਿਆਂ ਮਨਾਂ ਵਿਚੋਂ ਹੀ ਖਤਮ ਹੋ ਗਏ। ਭਾਈ ਅਮਰੀਕ ਸਿੰਘ ਮੁਕਤਸਰ ਵਾਲਿਆਂ ਦੀ ਬੜੀ ਤਲਖ ਟਿੱਪਣੀ ਸਮਝਣੀ ਪਏਗੀ—"ਅਕਾਲੀ ਦਲ ਵਿੱਚ ਆਈ ਸਿਆਸੀ ਅਤੇ ਇਖ਼ਲਾਕੀ ਗਿਰਾਵਟ ਦਾ ਤੋੜਾ ਸਿਰਫ ਸੁਖਬੀਰ ਸਿੰਘ ਬਾਦਲ ਦੇ ਸਿਰ ਝਾੜ੍ਹ ਕੇ ਆਪਣੇ ਗੁਨਾਹਾਂ ਤੋਂ ਬਰੀ ਹੋਣ ਦੇ ਚਲਾਕੀ ਭਰੇ ਏਜੰਡੇ ਅਧੀਨ ਸਿੱਖਾਂ ਨਾਲ ਇਕ ਹੋਰ ਧੋਖਾ ਕਰਨ ਦੀ ਸ਼ਾਜਿਸ ਰਚਦੇ ਨਜ਼ਰ ਆ ਰਹੇ ਹਨ। ਇਹ ਖਬਰ ਓਦੋਂ ਨੰਗੀ ਹੋ ਗਈ ਜਦੋਂ ਪਤਾ ਲੱਗਿਆ ਕਿ ਸ੍ਰ. ਬਰਜਿੰਦਰ ਸਿੰਘ ਹਮਦਰਦ ਦੇ ਵਾੜੇ ਵਿਚ ਬਹਿ ਕੇ ਬਾਗੀ ਅਕਾਲੀ ਵਿਚਾਰਾਂ ਕਰ ਰਹੇ ਹਨ। ਇਹ ਸਖ਼ਸ਼ ਹੈ ਜਿੰਨਾਂ ਨੂੰ ਪੰਥਕ ਸਰਕਾਰ ਨੇ ਰਾਜ ਸਭਾ ਦੀ ਟਿਕਟ ਦਿੱਤੀ ਸੀ ਪਰ ਇਨ੍ਹਾਂ ਨੇ ਪੰਥਕ ਨਾਂ ਨੂੰ ਦਰਕਿਨਾਰ ਕਰਦਿਆਂ ਅਜ਼ਾਦ ਤੌਰ ਤੇ ਟਿਕਟ ਪ੍ਰਵਾਨ ਕੀਤੀ ਸੀ। ਅਕਾਲੀ ਦਲ ਵਾਲਿਆਂ ਨੂੰ ਅਜੇ ਆਪਣਾ ਮੀਡੀਆ ਇੰਨਚਾਰਜ ਕੋਈ ਪੰਥਕ ਰਵਾਇਤਾਂ ਵਾਲਾ ਨਹੀਂ ਲੱਭਾ"।

ਰਾਜਸੀ ਸਰਗਰਮੀਆਂ ਦੀ ਜਾਣਕਾਰੀ ਰੱਖਣ ਵਾਲੇ ਸੱਜਣਾਂ ਨੂੰ ਇਹ ਜਾਣਕਾਰੀ ਹੋਵੇਗੀ ਕਿ ਸੁਖਬੀਰ ਸਿੰਘ ਬਾਦਲ ਪ੍ਰਤੀ ਬਾਗੀ ਸੁਰ ਰੱਖਣ ਵਾਲੇ ਚੰਦੂ ਮਾਜਰਾ ਅਤੇ ਢੀਂਡਸਾ ਸਮੇਤ ਕਈ ਆਗੂਆਂ ਨੇ ਚੋਣਾਂ ਤੋਂ ਪਹਿਲਾਂ ਭਾਜਪਾ ਨਾਲ ਚੋਣ ਸਮਝੋਤੇ ਦੀ ਵਕਾਲਤ ਕੀਤੀ ਸੀ। ਬੀਬੀ ਖਾਲੜਾ ਦਾ ਤੁਸਾਂ ਡੱਟ ਕਿ ਵਿਰੋਧ ਕੀਤਾ ਅਸਲ ਵਿਚ ਜਿਹੜਾ ਤਾਣਾ ਉਣਿਆ ਜਾ ਰਿਹਾ ਹੈ ਇਹ ਸਾਰਾ 2027 ਦੀਆਂ ਚੋਣਾਂ ਨੂੰ ਮੁੱਖ ਰੱਖ ਕੇ ਉਣਿਆ ਜਾ ਰਿਹਾ ਹੈ।

1997 ਤੋਂ 2002 ਤਕ ਪੰਜ ਸਾਲ ਫਿਰ 2007 ਤੋਂ 2017 ਦਸ ਸਾਲ ਤਕ ਅਕਾਲੀ ਦਲ ਬਾਦਲ ਦੀ ਤੂਤੀ ਬੋਲਦੀ ਸੀ। ਐਨੀ ਦਹਿਸ਼ਤ ਸੀ ਕਿ ਇਹਨਾਂ ਤੋਂ ਬਿਨਾਂ ਪਤਾ ਵੀ ਨਹੀਂ ਹਿਲਦਾ ਸੀ। ਉਸ ਵਕਤ ਨੂੰ ਗੁਰੂ ਦੀ ਭੈ-ਭਾਵਨੀ ਵਿਚ ਵਿਚਰਨਾ ਸੀ ਜਿੱਥੋਂ ਖੁੰਝ ਗਏ। ਇਹਨਾਂ ਪੰਦਰਾਂ ਸਾਲਾਂ ਵਿਚ ਸ਼੍ਰੋਮਣੀ ਅਕਾਲੀ ਦਲ ਬਾਦਲ ਨੇ ਵਕਤ ਦੀ ਅਵਾਜ਼ ਨੂੰ ਨਹੀਂ ਸੁਣਿਆ, ਸਿਰਫ ਆਪਣੇ ਪ੍ਰਵਾਰ ਦੀ ਅਵਾਜ਼ ਨੂੰ ਸੁਣਿਆ ਹੈ। ਜਿੰਨੀ ਤਾਕਤ ਆਪਣੇ ਵਿਰੋਧੀਆਂ ਨੂੰ ਚਿੱਤ ਕਰਨ ਵਿਚ ਲਾਈ ਹੈ, ਕਿਤੇ ਓਨੀ ਤਾਕਤ ਸੂਬੇ ਤੇ ਪੰਥ ਦੇ ਭਲੇ ਲਈ ਲਾਈ ਹੁੰਦੀ ਤਾਂ ਏਨਾ ਮਾੜਾ ਹਸ਼ਰ ਨਾ ਹੁੰਦਾ। ਬਾਦਲ ਨੂੰ ਪ੍ਰਵਾਰਕ ਮੋਹ ਨੇ ਅਰਸ਼ ਤੋਂ ਫਰਸ਼ 'ਤੇ

ਸੁੱਟ ਦਿੱਤਾ ਹੈ।

ਸ਼੍ਰੋਮਣੀ ਅਕਾਲੀ ਦਲ ਦੇ ਸ਼ਾਨਾਮਤੀ ਵਿਰਸੇ ਨੂੰ ਸਰਦਾਰ ਬਾਦਲ ਨੇ ਆਪਣੀ ਨਿੱਜੀ ਵਿਰਾਸਤ ਸਮਝ ਲਿਆ। ਧੱਕੇ ਨਾਲ ਸੁਖਬੀਰ ਸਿੰਘ ਬਾਦਲ ਨੂੰ ਉਪ-ਮੁੱਖ ਮੰਤਰੀ ਤੇ ਅਕਾਲੀ ਦਲ ਦਾ ਪ੍ਰਧਾਨ ਬਣਾ ਧਰਿਆ। ਸੁਖਬੀਰ ਸਿੰਘ ਬਾਦਲ ਅਕਾਲੀ ਦਲ ਦੀਆਂ ਪ੍ਰੰਪਰਾਵਾਂ, ਸਿੱਖੀ ਸਰੋਕਾਰਾਂ, ਸਿੱਖ ਰਹਿਤ ਮਰਯਾਦਾ, ਗੁਰੂ ਗ੍ਰੰਥ ਸਾਹਿਬ ਦੀ ਸਿਰੋਮਰਤਾ, ਨਾਨਕਸ਼ਾਹੀ ਕੈਲੰਡਰ ਤੇ ਸਿੱਖ ਇਤਿਹਾਸ ਤੋਂ ਬਿਲਕੁਲ ਕੋਰਾ ਹੈ। ਸੁਖਬੀਰ ਸਿੰਘ ਬਾਦਲ ਦੇ ਆਲੇ ਦੁਆਲੇ ਘੇਰਾ ਉਹਨਾਂ ਲੋਕਾਂ ਦਾ ਹੋ ਗਿਆ ਜਿੰਨ੍ਹਾਂ ਨੂੰ ਸਿੱਖ ਪੰਥ ਦੀਆਂ ਪ੍ਰੰਪਰਾਵਾਂ ਨਾਲ ਕੋਈ ਸਰੋਕਾਰ ਨਹੀਂ ਸੀ। ਇਹਨਾਂ ਝੋਲ਼ੀ ਚੁੱਕਾਂ ਨੂੰ ਪੰਜਾਬ ਦੇ ਮੁੱਦਿਆਂ ਦੀ ਵੀ ਸਮਝ ਨਹੀਂ ਸੀ। ਅਕਾਲੀ ਦਲ ਬਾਦਲ ਦੇ ਤਾਨਾਸ਼ਾਹੀ ਰਵੱਈਏ ਕਾਰਨ ਅਕਾਲੀ ਦਲ ਬਾਦਲ ਇਕ ਜਿਊਂਦੀ ਲਾਸ਼ ਬਣ ਕੇ ਰਹਿ ਗਿਆ ਹੈ। ਅਜਿਹੀ ਸ਼ਰਮਨਾਕ ਹਾਰ ਲਈ ਇਹ ਖ਼ੁਦ ਜ਼ਿੰਮੇਵਾਰ ਹਨ।

ਤਤਕਾਲੀ ਪ੍ਰਧਾਨ ਮੰਤ੍ਰੀ ਸ੍ਰੀਮਤੀ ਇੰਦਰਾ ਗਾਂਧੀ ਨੇ ਮੁਲਕ ਵਿਚ ਐਮਰਜੈਂਸੀ ਲਗਾਈ ਤਾਂ ਸਭ ਤੋਂ ਪਹਿਲਾਂ ਅਕਾਲੀ ਦਲ ਨੇ ਮਨੁੱਖੀ ਅਧਿਕਾਰਾਂ ਦੇ ਹੱਕ ਵਿੱਚ ਮੋਰਚਾ ਲਾਇਆ। ਪੰਜਾਬ ਨਾਲ ਪਾਣੀਆਂ ਦੇ ਸਮਝੌਤੇ ਵਿੱਚ ਅਕਾਲੀ ਦਲ ਦੀ ਭੂਮਿਕਾ ਉਦੋਂ ਸ਼ੱਕੀ ਹੁੰਦੀ ਹੈ ਜਦੋਂ ਸਰਦਾਰ ਬਾਦਲ ਨੇ ਦੇਵੀ ਲਾਲ ਦੀ ਸਰਕਾਰ ਕੋਲੋਂ ਸੌ ਕਰੋੜ ਰੁਪਇਆ ਲੈ ਕੇ ਮਿੱਤਰਤਾ ਪਾਲਦਿਆਂ ਪਾਣੀਆਂ ਦੀ ਲੁੱਟ ਦਾ ਰਾਹ ਖੋਹਲਤਾ। ਪਾਣੀਆਂ ਦੇ ਮੁੱਦੇ 'ਤੇ ਜਦੋਂ ਸੁਪਰੀਮ ਕੋਰਟ ਦਾ ਫੈਸਲਾ ਆਇਆ ਤਾਂ ਬਾਦਲ ਸਰਕਾਰ ਨੇ ਸੌ ਕ੍ਰੋੜ ਵਾਪਸ ਕਰਨ ਦੀ ਡਰਾਮੇਬਾਜ਼ੀ ਕੀਤੀ। ਕੇਵਲ ਖਾਨਾ ਪੂਰਤੀ ਲਈ ਕਹਿ ਦਿੱਤਾ ਕਿ ਜਿਹਦੀ ਜਿਹਦੀ ਜ਼ਮੀਨ ਨਹਿਰ ਵਿੱਚ ਆਉਂਦੀ ਹੈ, ਉਹ ਆਪਣੇ ਕਬਜ਼ੇ ਵਿੱਚ ਕਰ ਲੈਣ। ਬਚਕਾਨਾ ਫੈਸਲੇ ਬਾਦਲ ਆਕਲੀ ਦਲ ਨੂੰ ਬਹੁਤ ਮਹਿੰਗੇ ਪਏ, ਨਾਲ ਹੀ ਲੋਕ ਇਹਨਾਂ ਦੀ ਅਸਲੀਅਤ ਵੀ ਜਾਣ ਗਏ।

15 ਸਾਲ ਅਕਾਲੀ ਦਲ ਬਾਦਲ ਨੇ ਪੰਜਾਬ ਵਿਚ ਰਾਜ ਕੀਤਾ। ਪੰਜ ਵਾਰ ਪੰਜਾਬ ਦਾ ਮੁੱਖ ਮੰਤ੍ਰੀ ਬਣਿਆ। ਇਹ ਸਾਬਤ ਕਰੋ ਕਿ ਪੰਜਾਬ ਦੇ ਭਲੇ ਦਾ ਕਿਹੜਾ ਕੰਮ ਕੀਤਾ ਜੇ। ਸਭ ਤੋਂ ਅਹਿਮ ਗੱਲ ਕਿ ਜਿੰਨ੍ਹਾਂ ਮੁੱਦਿਆਂ 'ਤੇ ਲੋਕਾਂ ਕੋਲੋਂ ਵੋਟਾਂ ਮੰਗਦੇ ਰਹੇ, ਮੁੱਖ ਮੰਤ੍ਰੀ ਬਣਦਿਆਂ ਹੀ ਉਹ ਸਾਰੇ ਵਿਸਾਰ ਦਿੱਤੇ ਜਾਂਦੇ ਰਹੇ। ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਨੂੰ ਪ੍ਰਾਪਤ ਕਰਨਾ, ਪੰਜਾਬੀ ਬੋਲਦੇ ਇਲਾਕਿਆਂ ਨੂੰ ਪੰਜਾਬ ਵਿਚ ਸ਼ਾਮਿਲ ਕਰਨਾ, ਦਰਿਆਈ ਪਾਣੀਆਂ ਸਬੰਧੀ ਇਨਸਾਫ਼ ਹਾਸਲ ਕਰਨ ਵਾਲੇ ਮੁੱਦੇ ਠੰਡੇ ਬਸਤੇ ਵਿਚ ਪਾ ਦਿੱਤੇ। ਅਕਾਲੀ ਦਲ ਬਾਦਲ ਆਪਣੇ ਆਪ ਨੂੰ ਕਿਰਸਾਨ ਹਤੈਸ਼ੀ ਦਸਦੇ ਰਹੇ ਹਨ ਪਰ ਇਹਨਾਂ ਪੰਦਰ੍ਹਾਂ ਸਾਲਾਂ ਵਿਚ ਕਣਕ ਝੋਨੇ ਦਾ ਬਦਲ ਨਹੀਂ ਪੈਦਾ ਕਰ ਸਕੇ। ਇਕ ਕਿਲੋ ਝੋਨਾ ਪੈਦਾ ਕਰਨ ਲਈ ਤਿੰਨ ਹਜ਼ਾਰਾਂ ਲੀਟਰ ਪਾਣੀ ਚਾਹੀਦਾ ਹੈ। ਪਰ ਅਕਾਲੀ ਦਲ ਬਾਦਲ ਪਰਵਾਰ ਦੇ ਮੋਹ ਦੀਆਂ ਤੰਦਾਂ ਵਿਚ ਫਸ ਗਿਆ। ਕੇਂਦਰ ਵਿਚ ਦਸ ਸਾਲ ਸਰਦਾਰ ਮਨਮੋਹਨ ਸਿੰਘ ਪ੍ਰਧਾਨ ਮੰਤਰੀ ਰਹੇ, ਉਦੋਂ ਅਕਾਲੀਆਂ ਦੇ ਕੇਂਦਰ ਨਾਲ ਚੰਗੇ ਸੰਬੰਧ ਸਨ, ਪਰ ਅਕਾਲੀਆਂ ਨੇ ਪੰਜਾਬ ਲਈ ਸ਼ਾਇਦ ਹੀ ਕੋਈ ਪੈਕਜ ਮੰਗਿਆ ਹੋਵੇ। ਹੋਰ ਤਰਾਸਦੀ ਕਿ ਪੰਜਾਬ ਦੇ ਕਾਂਗਰਸੀ ਆਗੂਆਂ ਨੇ ਵੀ ਪੰਜਾਬ ਲਈ ਕੋਈ ਪੈਕਜ਼ ਨਹੀਂ ਮੰਗਿਆ।

ਬਾਦਲ ਅਕਾਲੀ ਦਲ ਨੂੰ ਚਾਹੀਦਾ ਸੀ ਸਿੱਖਿਆ ਤੇ ਸਿਹਤ ਅਧਾਰਿਤ ਸਹੂਲਤਾਂ ਤੇ ਪੰਜਾਬ ਦੀ ਬਿਹਤਰੀ ਲਈ ਕੋਈ ਨੀਤੀਗਤ ਫੈਸਲੇ ਕਰਦੇ। ਖੇਤੀ ਅਧਾਰਿਤ ਸਨਅਤਾਂ ਲਗਾ ਕੇ ਨੌਜਵਾਨ ਪੀੜ੍ਹੀ ਲਈ ਰੁਜ਼ਗਾਰ ਦੇ ਸਾਧਨ ਪੈਦਾ ਕਰਨੇ ਸਨ ਪਰ ਬਾਦਲ ਸਰਕਾਰ ਨੇ ਮੁਫਤ ਦੀਆਂ ਸਹੂਲਤਾਂ ਦੇ ਕੇ ਨਵੀਂ ਬਿਪਤਾ ਸ਼ੁਰੂ ਕੀਤੀ। ਨਹਿਰੀ ਪਾਣੀ ਬਾਹਰਲੇ ਸੂਬਿਆਂ ਨੂੰ ਦੇਣ ਦਾ ਪੱਕਾ ਪ੍ਰਬੰਧ ਕਰਨ ਲਈ ਕਿਰਸਾਨਾਂ ਨੂੰ ਮੁਫਤ ਬਿਜਲੀ ਦੇ ਲਾਲਚ ਵਿਚ ਫਸਾ ਦਿੱਤਾ। ਵੀਹ ਫੁੱਟ ਦੇ ਬੋਰ ਚਾਰ ਸੌ ਫੁੱਟ ਤਕ ਚਲੇ ਗਏ ਹਨ। ਮੁਫਤ ਦੀਆਂ ਸਹੂਲਤਾਂ ਨਾਲ ਪੰਜਾਬ ਬਰਬਾਦੀ ਵਲ ਨੂੰ ਵਧਿਆ ਹੈ ਤੇ ਬਾਦਲ ਦੀਆਂ ਸਕੀਮਾਂ ਫੇਲ੍ਹ ਹੋਈਆਂ ਹਨ। ਮਿਹਨਤ ਕਸ਼ ਪੰਜਾਬੀਆਂ ਨੂੰ ਮੁਫਤ ਦੀਆਂ ਸਹੂਲਤਾਂ ਦੇ ਕੇ ਵਿਹਲੜ ਜਿਹੇ ਬਣਾ ਦਿੱਤਾ। ਪਾਣੀ ਬਿਜਲੀ ਦੀ ਮੁਫਤ ਸਹੂਲਤ ਦੇਣ ਦੇ ਭਿਆਨਕ ਸਿੱਟੇ ਵੀ ਆ ਰਹੇ ਹਨ। ਜਦੋਂ ਸੂਬੇ ਦੇ ਬਜਟ ਦਾ ਵੱਡਾ ਹਿੱਸਾ ਮੁਫਤ ਦੀਆਂ ਸਹੂਲਤਾਂ 'ਤੇ ਲੱਗ ਰਿਹਾ ਹੈ ਤਾਂ ਪੰਜਾਬ ਵਿਕਾਸ ਕਿੱਦਾਂ ਕਰੇਗਾ? ਅਕਾਲੀ ਦਲ ਬਾਦਲ ਦੇ 15 ਸਾਲਾ ਰਾਜ ਨੂੰ ਪੰਜਾਬ ਦੇ ਇਤਿਹਾਸ ਵਿਚ ਕਾਲੇ ਇਤਿਹਾਸ ਨਾਲ ਲੋਕ ਯਾਦ ਕਰਿਆ ਕਰਨਗੇ ਕਿਉਂਕਿ ਰੇਤ-ਬੱਜਰੀ, ਕੇਬਲ, ਸ਼ਰਾਬ, ਚਿੱਟਾ ਨਸ਼ਾ ਅਤੇ ਟਰਾਂਸਪੋਰਟ ਆਦਿ ਦੇ ਖੇਤਰਾਂ ਵਿਚ ਮਾਫੀਆ ਪੈਦਾ ਹੋ ਗਿਆ। ਇਸ ਸਾਰੇ ਮਾਫੀਏ ਦੇ ਪਿੱਛੇ ਅਕਾਲੀ ਦਲ ਬਾਦਲ ਦਾ ਨਾਂ ਬੋਲਦਾ ਹੈ। ਧੱਕੇ ਦੀ ਰਾਜਨੀਤੀ ਅਕਾਲੀ ਦਲ ਬਾਦਲ ਦੀ ਦੇਣ ਹੈ। "ਵਿਚਿ ਦੁਨੀਆ ਸੇਵ ਕਮਾਈਐ"॥ ਦੇ ਆਦਰਸ਼ ਨੂੰ ਰੋਜ਼ ਪੜ੍ਹਨ ਵਾਲਾ ਅਕਾਲੀ ਦਲ ਬਾਦਲ ਹਾਕਮ ਸ਼੍ਰੇਣੀ ਦੀ ਹਉਮੈ ਵਿੱਚ ਲਿਬੜ ਗਿਆ।

ਅਕਾਲੀ ਦਲ ਬਾਦਲ ਨੇ ਆਪਣੇ ਬੇਟੇ ਤੇ ਨੂੰਹ ਲਈ ਪੰਥਕ ਰਵਾਇਤਾਂ ਕੁਰਬਾਨ ਕਰ ਦਿੱਤੀਆਂ ਹਨ। ਨਾਮਵਰ ਅਕਾਲੀਏ ਇਕ ਇਕ ਕਰਕੇ ਰਾਹ ਵਿਚੋਂ ਹਟਾ ਦਿੱਤੇ ਗਏ। ਰਾਜ ਸੱਤਾ ਹਾਸਲ ਕਰਨ ਲਈ ਸਮੁੱਚੇ ਪੰਜਾਬ ਦੀਆਂ ਬੁਨਿਆਦੀ ਲੋੜਾਂ ਨੂੰ ਭੁਲਾ ਦਿੱਤਾ ਗਿਆ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਾਰੀ ਕਾਰਜ ਪ੍ਰਣਾਲੀ ਨੂੰ ਆਪਣੇ ਅਧੀਨ ਕਰਕੇ ਪੰਥਕ ਸਰੋਕਾਰਾਂ ਨਾਲ ਧ੍ਰੋਹ ਕਮਾਇਆ ਹੈ। ਇਸ ਦੀਆਂ ਜੜ੍ਹਾਂ ਵਿਚ ਤੇਲ ਦੇਣ ਲਈ 24-25 ਫਰਵਰੀ 1996 ਨੂੰ ਮੋਗਾ ਵਿਖੇ ਸ਼ਾਨਾਮਤੀ ਸੰਸਥਾ ਨੂੰ ਪੰਜਾਬੀ ਪਾਰਟੀ ਵਿਚ ਤਬਦੀਲ ਕਰਕੇ ਜੋਗਿੰਦਰ ਜੈਨ ਵਰਗਿਆਂ ਨੂੰ ਜਥੇਦਾਰ ਬਣਾ ਧਰਿਆ। ਬਹੁਤਾਤ ਅਕਾਲੀਏ ਝੂਰਦੇ ਤਾਂ ਰਹੇ ਹਨ ਪਰ ਕੋਈ ਗੱਲ ਕਰਨ ਲਈ ਤਿਆਰ ਨਾ ਹੋਏ। ਬਾਦਲ ਦਲ ਨੂੰ ਹਕੂਮਤ ਦਾ ਨਸ਼ਾ ਹੀ ਐਨਾ ਚੜ੍ਹ ਗਿਆ ਸੀ ਕਿ ਕਿਸੇ ਦੀ ਕੋਈ ਦਲੀਲ ਸੁਣਨ ਲਈ ਤਿਆਰ ਨਹੀਂ ਸਨ।

ਪੰਜਾਬ ਦੀ ਫਿਜ਼ਾ ਵਿਚ ਸਿੱਖ ਜਵਾਨੀ ਦਾ ਸ਼ਿਕਾਰ ਕਰਨ ਵਾਲੇ ਸੁਮੇਧ ਸੈਣੀ ਨੂੰ ਸੂਬੇ ਦੀ ਵਾਗਡੋਰ ਫੜਾ ਦਿੱਤੀ। ਝੂਠੇ ਪੁਲੀਸ ਮੁਕਾਬਲਿਆਂ ਦੀ ਜਾਂਚ ਕਰਾਉਣ ਦੀ ਥਾਂ 'ਤੇ ਬਦਨਾਮ ਪੁਲਸੀਆਂ ਦੀ ਪਿੱਠ ਥਾਪੜੀ। ਆਲਮ ਇਜ਼ਹਾਰ ਦੀ ਘਰਵਾਲੀ ਨੂੰ ਕਿਸ ਖੁਸੀਂ ਵਿਚ ਐਮ. ਐਲ. ਏ ਦੀ ਟਿਕਟ ਦੇ ਕੇ ਵਜ਼ੀਰ ਦੇ ਬਰਾਬਰ ਦਾ ਅਹੁਦਾ ਦਿੱਤਾ। ਉਸ ਦੀ ਆਲਮ ਸੈਨਾ ਨੇ ਸਿੱਖ ਨੌਜਵਾਨਾਂ ਦਾ ਚੁਣ ਚੁਣ ਕੇ ਸ਼ਿਕਾਰ ਕਰਨਾ ਛੁਪਿਆ ਨਹੀਂ ਹੈ।

ਸਾਲਾਂ ਬੱਧੀ ਜੇਹਲਾਂ ਵਿਚ ਬੈਠੇ ਸਿੱਖਾਂ ਤੇ ਧਰਮੀ ਫੌਜੀਆਂ ਦੀ ਕੋਈ ਸਾਰ ਨਹੀਂ ਲਈ। ਅਕਾਲੀ ਦਲ ਬਾਦਲ ਸਰਕਾਰ ਨੇ ਸਿੱਖ ਮੁੱਦਿਆਂ ਨੂੰ ਵਿਸਾਰ ਦਿੱਤਾ। ਸੌਦਾ ਸਾਧ ਨੂੰ ਪੁਸ਼ਾਕ ਭੇਜਣ ਸਬੰਧੀ ਤੁਸੀਂ ਕੋਈ ਸਪੱਸ਼ਟੀਕਰਨ ਨਹੀਂ ਦੇ ਸਕੇ। ਸੌਦਾ ਸਾਧ ਦਾ ਬਠਿੰਡਾ ਅਦਾਲਤ ਵਿਚ ਕੇਸ ਚਲਦਾ ਸੀ ਜਿਹੜਾ ਵਾਪਸ ਤੁਹਾਡੀ ਸਰਕਾਰ ਨੇ ਲਿਆ। ਕੀ ਬਾਦਲ ਸਾਹਿਬ ਕੋਲ ਇਸ ਗੱਲ ਦਾ ਕੋਈ ਜੁਆਬ ਹੈ? ਆਪਣੀਆਂ ਕਰਤੂਤਾਂ ਕਰਕੇ ਰਾਜ ਭਾਗ ਤੋਂ ਤੁਸੀਂ ਤਿੰਨ ਤੋਂ ਇਕ 'ਤੇ ਆ ਗਏ ਹੋ। ਤੁਹਾਡੇ ਨੁਕਸਾਨ ਦੀ ਭਰਪਾਈ ਕਰਾਉਣ ਲਈ ਤੱਤਕਾਲੀ ਅਕਾਲ ਤੱਖਤ ਦੇ ਜੱਥੇਦਾਰ ਨੂੰ ਬਤਮੀਜ਼ ਵਰਗੇ ਸ਼ਬਦ ਨਾਲ ਕੌਮ ਨੂੰ ਸੰਬੋਧਨ ਹੋਣਾ ਪਿਆ। ਸੌਦਾ ਸਾਧ ਨੂੰ ਮੁਆਫੀ ਤੁਸਾਂ ਦਵਾਈ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ 92 ਲੱਖ ਰੁਪਇਆ ਇਸ਼ਿਤਿਹਾਰਾਂ 'ਤੇ ਲੱਗਿਆ ਕਿ ਸੌਦਾ ਸਾਧ ਤਾਂ ਬਹੁਤ ਹੀ ਨੇਕ ਪੁਰਸ਼ ਹੈ। ਸਾਡੀ ਹੁਣ ਸੁਲ੍ਹਾ ਹੋ ਗਈ ਹੈ ਇਸ ਲਈ ਸਾਨੂੰ ਵੋਟਾਂ ਪਾਇਆ ਜੇ। ਏਦੂੰ ਬੇਸ਼ਰਮੀ ਹੋਰ ਕਿਹੜੀ ਹੋ ਸਕਦੀ ਹੈ। ਅਜਿਹੇ ਇਸ਼ਤਿਹਾਰ ਦੇਣ ਦੀ ਥਾਂ 'ਤੇ ਤੁਹਾਨੂੰ ਡੁੱਬ ਕੇ ਮਰ ਜਾਣਾ ਚਾਹੀਦਾ ਸੀ। ਅਜਿਹੇ ਕਾਰਨਾਮਿਆਂ ਲਈ ਲਾਹਨਤ ਸ਼ਬਦ ਵੀ ਛੋਟਾ ਰਹਿ ਜਾਂਦਾ ਹੈ।

ਖੰਡੇ ਦੀ ਪਾਹੁਲ, ਨੀਲੀਆਂ ਦਸਤਾਰਾਂ ਤੇ ਹੱਥ ਵਿਚ ਕਿਰਪਾਨ ਰੱਖਣੀ ਅਕਾਲੀ ਦਲ ਛੱਡ ਗਿਆ। ਅਕਾਲੀ ਦਲ ਸਾਰਾ ਘੋਨ-ਮੋਨ ਹੋ ਗਿਆ ਹੈ। ਹਾਅ! "ਤੁਹਾਡਾ ਬੇੜਾ ਬਹਿਜੇ" ਤੁਸਾਂ ਤਾਂ ਆਪਣਿਆਂ ਹੱਥਾਂ ਵਿਚ ਮੌਲੀਆਂ ਬੰਨ੍ਹ ਕੇ ਮੱਥੇ ਤੇ ਤਿਲਕ ਵੀ ਲਗਾ ਲਏ। ਅੰਮ੍ਰਿਤਸਰ ਦੀ ਧਰਤੀ ਨੂੰ ਛੱਡ ਕੇ ਅਕਾਲੀ ਦਲ ਬਾਦਲ ਨੇ ਆਪਣਾ ਦਫਤਰ ਚੰਡੀਗੜ੍ਹ ਬਣਾ ਲਿਆ। ਢਾਡੀ ਪ੍ਰੰਪਰਾ ਦਾ ਤਿਆਗ ਕਰਦਿਆਂ ਫਿਲਮੀ ਠੁਮਕਿਆਂ ਨੂੰ ਪ੍ਰਧਾਨਤਾ ਦਿੱਤੀ। ਗੁਰਦੁਆਰਿਆਂ ਦੇ ਸਭਿਆਚਾਰ ਨੂੰ ਛੱਡ ਕੇ ਮਹਿੰਗੇ ਹੋਟਲਾਂ ਵਿਚ ਮੀਟਿੰਗਾਂ ਦਾ ਦੌਰ ਚਲਾ ਦਿੱਤਾ। ਬਿਨਾਂ ਸ਼ਰਤ ਵਾਜਪਾਈ ਨੂੰ ਹਮਾਇਤ ਦੇਣਾ ਅਕਾਲੀ ਦਲ ਨੇ ਆਪਣਾ ਬੇੜਾ

ਆਪੇ ਗਰਕਣ ਵਿੱਚ ਕੋਈ ਕਸਰ ਨਹੀਂ ਛੱਡੀ। ਹੋਲੀ ਖੇਡਦਿਆਂ ਸਿਰ ਵਿੱਚ ਰੰਗ ਪਵਾਉਣਾ, ਤੀਹ ਸਾਧਾਂ ਨੂੰ ਸ਼੍ਰੋਮਣੀ ਕਮੇਟੀ ਦੀਆਂ ਟਿਕਟਾਂ ਦੇਣੀਆਂ, ਗੁਰੂ ਗ੍ਰੰਥ ਸਾਹਿਬ ਦੇ ਬਰਾਬਰ ਦਸਮ ਗ੍ਰੰਥ ਦਾ ਪ੍ਰਕਾਸ਼ ਕਰਨ ਵਾਲਿਆਂ ਨਾਲ ਸਾਂਝ ਰੱਖਣੀ, ਅਜਿਹੇ ਕਰਮਾਂ ਨਾਲ ਤੁਸਾਂ ਆਪਣੀਆਂ ਜੜ੍ਹਾਂ ਵਿਚ ਆਪੇ ਹੀ ਤੇਲ ਦੇ ਲਿਆ ਹੈ। ਤੁਸਾਂ ਕਿਹਾ ਸੀ ਬੇਅਦਬੀ ਕਰਨ ਵਾਲਿਆਂ ਦਾ ਕੱਖ ਨਾ ਰਹੇ, ਇੰਝ ਲਗਦਾ ਏ ਰੱਬ ਨੇ ਨੇੜੇ ਹੋ ਕੇ ਤੁਹਾਡੀ ਸੁਣ ਲਈ ਅਤੇ ਤੁਹਾਡਾ ਹੁਣ ਕੱਖ ਨਹੀਂ ਰਿਹਾ।

ਸਿੱਖੀ ਰਵਾਇਤਾਂ ਨੂੰ ਮਿੱਟੀ ਵਿਚ ਮਿਲਾਉਂਦਿਆਂ ਸ਼ਿਵ ਲਿੰਗ ਤੇ ਦੁੱਧ ਚੜ੍ਹਾਉਣਾ, ਸ਼ਨੀ ਦੇਵਤੇ ਦੀ ਪੂਜਾ ਕਰਨਾ, ਮੱਥੇ ਵਿਚ ਤਿਲਕ ਲਗਾਉਣਾ, ਰਮਾਇਣ ਦੇ ਪਾਠ ਕਟਾਉਣੇ, ਸੰਪਟ ਪਾਠ ਕਰਾਉਣੇ ਅਕਾਲੀ ਦਲ ਬਾਦਲ ਨੇ ਇਸ ਸਾਰੇ ਅਨਮਤੀ ਕਰਮ ਕੀਤੇ। ਸਿੱਖ ਰਹਿਤ ਮਰਿਯਾਦਾ ਨੂੰ ਨਾ ਮੰਨਣ ਵਾਲੇ ਸਾਧਾਂ ਦੀ ਪੁਸ਼ਤ ਪਨਾਹੀ ਕੀਤੀ। ਸਨਾਤਨੀ ਸਾਧਾਂ ਨੂੰ ਖੁਸ਼ ਕਰਨ ਲਈ ਤੁਸਾਂ ਨਾਨਕਸ਼ਾਹੀ ਕੈਲੰਡਰ ਦਾ ਭੋਗ ਪਾਇਆ। ਗੁਰੂ ਗ੍ਰੰਥ ਸਾਹਿਬ ਦੇ ਫਲਸਫੇ ਤੇ ਸਿੱਖ ਰਹਿਤ ਮਰਿਯਾਦਾ ਤੋਂ ਸਿਧਾਂਤਕ ਤੌਰ 'ਤੇ ਬਾਗੀ ਹੋਣ ਨਾਲ ਤੁਹਾਨੂੰ ਸਮੁੱਚੇ ਪੰਥ ਨੇ ਤੁਹਾਡੀ ਔਕਾਤ ਦਰਸਾ ਦਿੱਤੀ ਹੈ। ਵੋਟਾਂ ਲਈ ਪੰਥਕ ਮੁੱਦਿਆਂ ਨੂੰ ਤਿਆਗਿਆ ਪੰਥ ਨੇ ਤੁਹਾਨੂੰ ਤਿਆਗ ਦਿੱਤਾ। ਸਿੱਖ ਵਿਰੋਧੀ ਕਰਮ ਕਰਕੇ ਤੁਸਾਂ ਆਪਣਾ ਬੇੜਾ ਆਪੇ ਡੋਬ ਲਿਆ। ਜ਼ਰਾ ਇਕੱਲੇ ਬੈਠ ਕੇ ਸੋਚਿਓ ਪੰਥ ਨੇ ਤੁਹਾਡੇ ਲਈ ਕੀ ਕੁਝ ਨਹੀਂ ਕੀਤਾ? ਪੰਥ ਰਹੁ ਰੀਤਾਂ ਲਈ ਤੁਸਾਂ ਕੀ ਕੀਤਾ?

ਅਕਾਲੀ ਦਲ ਬਾਦਲ ਨੇ ਆਲ ਇੰਡੀਆ ਸਿੱਖ ਸਟੂਡੈਂਟ ਫੈਡਰੇਸ਼ਨ ਦਾ ਭੋਗ ਪਾ ਦਿੱਤਾ ਹੈ। ਪਹਿਲਾਂ ਸਿੱਖ ਸਟੂਡੈਂਟ ਫੈਡਰੇਸ਼ਨ ਦੇ ਸਿੱਖੀ ਸਬੰਧੀ ਕੈਂਪ ਲਗਦੇ ਸਨ, ਤੁਹਾਡੀ ਪੰਜਾਬੀ ਪਾਰਟੀ ਨੇ ਸਿੱਖ ਸੋਚ ਹੀ ਖਤਮ ਕਰ ਦਿੱਤੇ।

ਦੇਸ਼-ਵਿਦੇਸ਼ ਵਿਚ ਵੱਸਦੇ ਪੰਥਕ ਹਲਕਿਆਂ ਵਿਚ ਇਹ ਪ੍ਰਭਾਵ ਚਲਾ ਗਿਆ ਕਿ ਅਜੋਕੀ ਅਕਾਲੀ ਲੀਡਰਸ਼ਿਪ ਸਿੱਖ ਮੁੱਦਿਆਂ ਪ੍ਰਤੀ ਗੰਭੀਰ ਨਹੀਂ ਹੈ। ਅਕਾਲੀ ਦਲ ਬਾਦਲ ਦੀ ਸਭ ਤੋਂ ਵੱਧ ਹਾਸੋਹੀਣੀ ਗੱਲ ਓਦੋਂ ਹੋਈ, ਜਦੋਂ ਮੋਦੀ ਸਰਕਾਰ ਨੇ ਖੇਤੀ ਨਾਲ ਸਬੰਧਿਤ ਤਿੰਨ ਕਾਲੇ ਕਾਨੂੰਨ ਪਾਰਲੀਮੈਂਟ ਵਿਚ ਪੇਸ਼ ਕੀਤੇ ਤਾਂ ਤੁਸੀਂ ਸਿੱਧੇ ਤੌਰ 'ਤੇ ਖੇਤੀ ਕਾਨੂੰਨਾਂ ਦਾ ਸਮਰਥਨ ਕੀਤਾ।

ਅਕਾਲੀ ਦਲ ਬਾਦਲ ਦੀਆਂ ਕਮਜ਼ੋਰੀਆਂ ਸਬੰਧੀ ਬਹੁਤ ਕੁਝ ਲਿਖਿਆ ਗਿਆ ਹੈ। ਜੇਕਰ ਅਕਾਲੀ ਦਲ ਦੇ ਕੁਰਬਾਨੀ ਵਾਲੇ ਇਤਿਹਾਸ ਵੱਲ ਝਾਤੀ ਮਾਰੀਏ ਤਾਂ ਅਜਿਹਾ ਮਹਿਸੂਸ ਹੁੰਦਾ ਹੈ ਕਿ ਸ਼੍ਰੋਮਣੀ ਅਕਾਲੀ ਦਲ ਜਿਨ੍ਹਾਂ ਅੱਜ ਕਮਜ਼ੋਰ ਅਤੇ ਨਿਰਾਸ਼ਾਜਨਕ ਸਥਿੱਤੀ ਵਿੱਚ ਹੈ, ਏਨਾ ਸ਼ਾਇਦ ਹੀ ਪਹਿਲਾਂ ਕਦੇ ਇਸ ਤਰ੍ਹਾਂ ਦੀ ਹਾਲਤ ਵਿਚ ਰਿਹਾ ਹੋਵੇ। ਔਖੇ ਤੋਂ ਔਖੇ ਸਮੇਂ ਵੀ ਸਿੱਖਾਂ ਦੇ ਵੱਡੇ ਹਲਕਿਆਂ ਵਿਚ ਅਕਾਲੀ ਦਲ ਦਾ ਪ੍ਰਭਾਵ ਬਣਿਆ ਰਿਹਾ ਸੀ। ਅੱਜ ਹਾਲਾਤ ਅਜਿਹੇ ਬਣ ਗਏ ਹਨ ਕਿ ਪੰਥਕ ਸਫਾਂ ਤੋਂ ਲੈ ਕੇ ਕਿਰਸਾਨੀ ਹਲਕਿਆਂ ਤਕ ਅਕਾਲੀ ਦਲ ਬਾਦਲ ਪ੍ਰਤੀ ਬੇ-ਪ੍ਰਤੀਤੀ ਪਾਈ ਗਈ ਹੈ। ਮੋਟੇ ਤੌਰ 'ਤੇ ਕਿਹਾ ਜਾ ਸਕਦਾ ਹੈ ਕਿ ਅਕਾਲੀ ਦਲ ਬਾਦਲ ਨੇ ਸਿਆਣੇ ਸੂਝਵਾਨ ਅਕਾਲੀਆਂ ਦੀ ਰਾਏ ਨੂੰ ਨਹੀਂ ਮੰਨਿਆ। ਅਕਾਲੀ ਦਲ ਨੂੰ ਆਪਣੀ ਨਿੱਜੀ ਵਿਰਾਸਤ ਸਮਝ ਲਿਆ ਹੈ। ਜ਼ਰਾ ਕੁ ਦੱਸੋਗੇ ਕਿ ਬੀਬਾ ਹਰਸਿਮਰਤ ਕੌਰ ਜਾਂ ਬਾਕੀ ਤੁਹਾਡੇ ਰਿਸ਼ਤੇਦਾਰਾਂ ਦੀ ਪੰਥ ਜਾਂ ਸੂਬੇ ਪ੍ਰਤੀ ਕੀ ਦੇਣ ਹੈ।

ਅਕਾਲੀ ਦਲ ਬਾਦਲ ਨੂੰ ਸਭ ਤੋਂ ਪਹਿਲਾਂ ਆਪਣੇ ਆਪ ਨੂੰ ਪੰਥਕ ਸਾਬਤ ਕਰਨਾ ਪਏਗਾ। ਹੱਥਾਂ ਵਿਚ ਬੰਨ੍ਹੀਆਂ ਮੌਲ਼ੀਆਂ ਤੇ ਮੱਥਿਆਂ ਤੇ ਤਿਲਕ ਉਤਾਰਨੇ ਪੈਣਗੇ।

1. ਅਕਾਲੀ ਦਲ ਦੇ ਮੈਂਬਰ ਬਣਾਉਣ ਸਮੇਂ ਪੰਥਕ ਰਵਾਇਤਾਂ ਨੂੰ ਮੁੱਖ ਰੱਖਿਆ ਜਾਏ।

2. ਅਕਾਲੀ ਦਲ ਦੀ ਚੋਣ ਹਰ ਪੰਜ ਸਾਲ ਬਾਅਦ ਹੋਣੀ ਚਾਹੀਦੀ ਹੈ। ਪ੍ਰਧਾਨ ਸਕੱਤਰ ਦੀਆਂ ਦੋ ਦੋ ਸਾਲ ਦੀਆਂ ਕੇਵਲ ਦੋ ਵਾਰੀਆਂ ਹੀ ਹੋਣੀਆਂ ਚਾਹੀਦੀਆਂ ਹਨ।

3. ਅਕਾਲੀ ਦਲ ਦੇ ਮੈਂਬਰਾਂ ਦੇ ਸਿੱਖੀ ਭਾਵਨਾ ਦ੍ਰਿੜ ਕਰਾਉਣ ਲਈ ਗੁਰਮਤਿ ਦੇ ਕੈਂਪ ਲੱਗਣੇ ਚਾਹੀਦੇ ਹਨ।

4. ਸ਼੍ਰੋਮਣੀ ਗੁਰਦੁਆਰਾ ਕਮੇਟੀ ਵਿਚ ਕੋਈ ਦਖਲ ਅੰਦਾਜ਼ੀ ਨਹੀਂ ਹੋਣੀ ਚਾਹੀਦੀ।

5. ਅਕਾਲੀ ਦਲ ਨੂੰ ਪੰਜਾਬ ਦੇ ਮੁੱਖ ਮੁਦਿਆਂ ਲਈ ਸੰਘਰਸ਼ ਕਰਨਾ ਚਾਹੀਦਾ ਹੈ।

6. ਗੁਰਮਤਿ ਦੇ ਵਿਰੋਧੀ ਕਰਮ ਕਰਨ ਵਾਲੇ ਨੂੰ ਤਨਖਾਹ ਲਗਾਉਣੀ ਚਾਹੀਦੀ ਹੈ।

7. ਇਹ ਅਹਿਸਾਸ ਕਰੋ ਕਿ ਵੋਟਾਂ ਪੈਣ ਭਾਵੇਂ ਨਾ ਪੈਣ ਅਸਾਂ ਡੇਰਿਆਂ ਤੇ ਵੋਟਾਂ ਮੰਗਣ ਨਹੀਂ ਜਾਣਾ।

ਸਾਡੇ ਜੱਥੇਦਾਰ ਦੱਸਣਗੇ ਕਿ ਸਰਦਾਰ ਬਾਦਲ ਨੂੰ ਫਕਰ-ਏ-ਕੌਮ ਅਵਾਰਡ ਕਿਉਂ ਦਿੱਤਾ? ਜੇ ਦਿੱਤਾ ਤਾਂ ਕਿਹੜਾ ਮਾਰਕਾ ਕੌਮ ਲਈ ਮਾਰਿਆ। "ਅੰਨ੍ਹਾ ਵੰਡੇ ਸ਼ੀਰਣੀਆਂ ਮੁੜ ਮੁੜ ਆਪਣਿਆਂ ਨੂੰ"।

ਇਸ ਸਮੇਂ ਅਕਾਲੀ ਦਲ ਬਹੁਤ ਬਿਖਮ ਦੌਰ ਵਿਚਦੀ ਗੁਜ਼ਰ ਰਿਹਾ ਹੈ। ਨਾ ਇਹ ਧਾਰਮਿਕ ਰਹੇ ਹਨ ਤੇ ਨਾ ਰਾਜਨੀਤਿਕ ਰਹੇ ਹਨ। ਗੁਰਮਤਿ ਵਿਰੋਧੀ ਕਰਮ ਕਰਨ ਨਾਲ ਤੇ ਸੂਬੇ ਦੇ ਹਿੱਤ ਵਿਸਾਰਨ ਨਾਲ ਅਰਸ਼ ਤੋਂ ਫਰਸ਼ 'ਤੇ ਆ ਗਏ ਹਨ।

ਅਕਾਲੀ ਦਲ ਨੂੰ ਰਾਜਸੀ ਸਤਾ ਪ੍ਰਾਪਤ ਹੋਵੇ ਜਾਂ ਨਾ ਹੋਵੇ ਪਰ ਸਿੱਖ ਸਿਧਾਂਤ ਤੇ ਸੂਬੇ ਦੀਆਂ ਮੰਗਾਂ ਵਲੋਂ ਮੂੰਹ ਨਹੀਂ ਮੋੜਨਾ ਚਾਹੀਦਾ।

ਸਮੁੱਚੇ ਤੌਰ 'ਤੇ ਅਕਾਲੀ ਦਲ ਬਾਦਲ ਨੂੰ ਦੇਸ਼-ਵਿਦੇਸ਼ ਦੀਆਂ ਸੰਗਤਾਂ ਪਾਸੋਂ ਮੁਆਫੀ ਮੰਗਣੀ ਚਾਹੀਦੀ ਹੈ ਕਿਉਂਕਿ ਆਪਣੇ ਰਾਜ ਵਿਚ ਪੰਥਕ ਮਸਲੇ ਤੇ ਸੂਬੇ ਦੇ ਕਿਸੇ ਵੀ ਮਸਲੇ ਨੂੰ ਹੱਲ ਨਹੀਂ ਕੀਤਾ। ਦੂਜਾ ਉਹਨਾਂ ਪੁਲੀਸ ਵਾਲਿਆਂ ਨੂੰ ਗਫੇ ਦਿੰਦੇ ਆਏ ਜਿਨ੍ਹਾਂ ਨੇ ਸਿੱਖ ਨੌਜਵਾਨੀ ਦੇ ਖੂਨ ਨਾਲ ਹੱਥ ਰੰਗੇ ਹੋਏ ਸਨ। ਇਹ ਵੀ ਮੁਆਫੀ ਮੰਗੋ ਕਿ ਕੈਦ ਪੂਰੀ ਕਰਨ ਵਾਲੇ ਸਿੱਖ ਕੈਦੀਆਂ ਦੀ ਰਿਹਾਈ ਅਸਾਂ ਨਹੀਂ ਕੀਤੀ ਕਿਉਂਕਿ ਆਰ ਐਸ ਐਸ ਦੀਆਂ ਖੁਸ਼ੀਆਂ ਪਰਾਪਤ ਕਰਨੀਆਂ ਸਨ।

1. ਇਹ ਠੀਕ ਹੈ ਕਿ ਅਕਾਲੀਏ ਆਪਣਾ ਸੰਗਤਾਂ ਵਿਚੋਂ ਵਿਸ਼ਵਾਸ ਗਵਾ ਚੁੱਕੇ ਹਨ। ਜੇ ਇਹਨਾਂ ਨੇ ਮੁੜ ਸਿੱਖ ਸਿਆਸਤ ਨੂੰ ਲੀਹ ਤੇ ਲਿਆਉਣਾ ਹੈ ਤਾਂ ਇਮਾਨਦਾਰੀ ਨਾਲ ਸੂਬੇ ਹਿੱਤਾਂ ਪ੍ਰਤੀ ਮੋਰਚਾ ਲਗਾਉਣ।

2. ਇਮਾਨਦਾਰੀ ਨਾਲ ਜਿਹੜੇ ਬਿਜਲੀ ਸਮਝੌਤੇ ਕੀਤੇ ਹਨ ਉਹਨਾਂ ਦਾ ਸੱਚ ਕਬੂਲ ਕਰਨ।

3. ਪੰਜਾਬ ਦੀ ਰਾਜਧਾਨੀ ਚੰਡੀਗੜ੍ਹ, ਭਾਖੜਾ ਬਿਆਸ ਮੈਨਜਮੈਂਟ ਬੋਰਡ ਦਾ ਹੱਲ, ਪੰਜਾਬੀ ਬੋਲਦੇ ਇਲਾਕੇ, ਪਾਣੀਆਂ ਦੀ ਕਾਣੀ ਵੰਡ, ਬਦਲਵੀਂ ਖੇਤੀ ਲਈ ਕੇਂਦਰ ਸਰਕਾਰ 'ਤੇ ਪੂਰੀ ਤਾਕਤ ਨਾਲ ਜ਼ੋਰ ਪਉਣ।

4. ਦੂਜੀਆਂ ਪਾਰਟੀਆਂ ਨੂੰ ਭੰਡਣ ਦੀ ਥਾਂ 'ਤੇ ਇਹ ਦੱਸੋ ਕਿ ਤੁਸਾਂ ਹੁਣ ਤਕ ਕੀ ਕੀਤਾ ਹੈ?

5. ਰਾਜਨੀਤੀ ਵਿਚ ਵਿਸਵਾਸ਼ ਬਹਾਲ ਕਰਾਉਣ ਲਈ ਨਿੱਜੀ ਗਰਜਾਂ ਦਾ ਤਿਆਗ ਕਰੋ। ਅਕਾਲੀ ਦਲ ਨੂੰ ਪਰਵਾਰ ਤੋਂ ਮੁਕਤ ਕਰੋ।

ਖਿੜੇ ਮੱਥੇ ਕਹੋ ਕਿ ਖੇਤੀ ਕਾਨੂੰਨਾਂ ਦੀ ਹਮਾਇਤ ਕਰਨੀ ਸਾਡੀ ਵੱਡੀ ਭੁੱਲ ਸੀ।

ਕੀ ਅਕਾਲੀ ਦਲ ਹੁਣ ਮੋਰਚੇ ਨਹੀਂ ਲਗਾ ਸਕਦਾ?

ਕੀ ਅਕਾਲੀ ਦਲ ਸਿੱਖ ਅਵਾਮ ਦੀ ਅਵਾਜ਼ ਨੂੰ ਸਮਝੇਗਾ?

ਕੀ ਅਕਾਲੀ ਦਲ ਬਾਦਲ ਮੁੜ ਪੁਰਾਣੇ ਅਕਾਲੀ ਦਲ ਦੀ ਬਹਾਲੀ ਲਈ ਆਪਣੇ ਪ੍ਰਵਾਰ ਦੀ ਕੁਰਬਾਨੀ ਦੇ ਕੇ ਸੁਹਿਰਦ ਅਕਾਲੀਆਂ ਨੂੰ ਅਗਵਾਈ ਕਰਨ ਲਈ ਕਹੇਗਾ?

ਕਾਸ਼ ਕਿ ਸ਼ਰਮਨਾਕ ਹਾਰ ਤੋਂ ਕੁਝ ਸਿੱਖ ਸਕਣ?

ਜਿੱਥੇ ਅਕਾਲੀ ਦਲ ਬਾਦਲ ਬਹੁਤ ਸਾਰੀਆਂ ਸਮੱਸਿਆਵਾਂ ਦਾ ਜ਼ਿੰਮੇਵਾਰ ਹੈ ਓੱਥੇ ਬਾਕੀ ਅਕਾਲੀ ਦਲ ਵੀ ਆਪਣੀ ਹੋਂਦ ਨੂੰ ਭੁੱਲ ਚੁੱਕੇ ਹਨ। ਪੰਜਾਬ ਦੇ ਸਿਆਸੀ ਅਤੇ ਧਾਰਮਿਕ ਪਿੜ ਵਿਚ **ਬਾਕੀ ਸਫਾ 14 'ਤੇ**

# ਪਾਠਕਾਂ ਦੇ ਸਵਾਲਾਂ ਦੇ ਜਵਾਬ

-ਗੁਰਮਤਿ ਵਿਰਸਾ
ਬਿਊਰੋ

**1. ਸਵਾਲ- ਗੁਰੂ ਗੋਬਿੰਦ ਸਿੰਘ ਜੀ ਵਲੋਂ ਸ੍ਰੀ ਦਰਬਾਰ ਸਾਹਿਬ ਜੀ ਦਾ ਪ੍ਰਬੰਧਕ ਕਿਸਨੂੰ ਨਿਯੁਕਤ ਕੀਤਾ ਗਿਆ?**

**ਜਵਾਬ-** ਪਹਿਲੇ ਗੁਰੂ ਗੋਬਿੰਦ ਸਿੰਘ ਜੀ ਵਲੋਂ ਸ੍ਰੀ ਦਰਬਾਰ ਸਾਹਿਬ ਦੇ ਪ੍ਰਬੰਧ ਲਈ ਭਾਈ ਮਨੀ ਸਿੰਘ ਜੀ ਨੂੰ ਅਤੇ ਦੁਬਾਰਾ ਮਾਤਾ ਸੁੰਦਰ ਕੌਰ ਜੀ ਨੇ ਸੰਮਤ 1778 ਸੰਨ 1721 ਨੂੰ ਦਿੱਲੀ ਤੋਂ ਪ੍ਰਬੰਧਕ ਨਿਯੁਕਤ ਕੀਤਾ।

**2. ਸਵਾਲ- ਸ੍ਰੀ ਦਰਬਾਰ ਸਾਹਿਬ ਆਮ ਜਮੀਨ ਤੋਂ ਨੀਵਾਂ ਕਿਉਂ ਬਣਾਇਆ ਗਿਆ ਹੈ। ਜਦੋਂ ਕਿ ਬਹੁਤੇ ਗੁਰਦੁਆਰੇ ਉੱਚੀ ਜਗ੍ਹਾਂ ਤੇ ਬਣੇ ਹਨ?**

**ਜਵਾਬ-** ਸ੍ਰੀ ਦਰਬਾਰ ਸਾਹਿਬ ਵਿੱਚ ਦਾਖਲ ਹੋਣ ਵਾਲੀਆਂ ਪੌੜੀਆਂ ਹੇਠਾਂ ਵੱਲ ਜਾਂਦੀਆਂ ਹਨ ਅਤੇ ਦਰਬਾਰ ਸਾਹਿਬ ਜ਼ਮੀਨੀ ਪੱਧਰ ਤੋਂ ਹੇਠਾਂ ਬਣਾਇਆ ਗਿਆ ਹੈ। ਕਿਉਂਕਿ ਪਾਣੀ ਦਾ ਪੱਧਰ ਏਥੇ ਟਿਕਿਆ ਹੋਇਆ ਸੀ।

**3. ਸਵਾਲ- ਸਰੋਵਰ ਦੀ ਪ੍ਰਕਰਮਾ ਵਿੱਚ ਕਿੰਨੀਆਂ ਬੇਰੀਆਂ ਹਨ?**

**ਜਵਾਬ-** ਸਰੋਵਰ ਦੀ ਪ੍ਰਕਰਮਾ ਵਿੱਚ ਤਿੰਨ ਬੇਰੀ ਦੇ ਦਰਖ਼ਤ ਹਨ- 1. ਦੁਖਭੰਜਨੀ ਬੇਰੀ 2. ਬੇਰ ਬਾਬਾ ਬੁੱਢਾ ਸਾਹਿਬ ਜੀ 3. ਇਲੈਚੀ ਬੇਰੀ ਇਹ ਤਿੰਨ ਬੇਰ ਦੇ ਦਰਖ਼ਤ ਸ੍ਰੀ ਦਰਬਾਰ ਸਾਹਿਬ ਨਾਲ ਸਬੰਧਤ ਇਤਿਹਾਸ ਨੂੰ ਸਾਂਭੀ ਬੈਠੇ ਹਨ। ਪੁਰਾਣੇ ਸਮੇਂ ਵਿੱਚ ਇਥੇ ਬੇਰੀਆਂ ਦੇ ਬਹੁਤ ਸਾਰੇ ਦਰਖ਼ਤ ਹੁੰਦੇ ਸਨ।

**4. ਸਵਾਲ- ਸ੍ਰੀ ਦਰਬਾਰ ਸਾਹਿਬ ਦੇ ਸਾਹਮਣੇ ਕਿੰਨੇ ਨਿਸ਼ਾਨ ਸਾਹਿਬ ਹਨ?**

**ਜਵਾਬ-** ਸ੍ਰੀ ਦਰਬਾਰ ਸਾਹਿਬ ਦੇ ਸਾਹਮਣੇ 2 ਨਿਸ਼ਾਨ ਸਾਹਿਬ ਹਨ। ਇਹ ਨਿਸ਼ਾਨ ਸਾਹਿਬ ਤਾਂਬੇ ਤੇ ਲੋਹੇ ਦੇ ਮਿਸ਼ਰਨ ਨਾਲ ਬਣਾਏ ਗਏ ਹਨ। ਇਹ ਮੀਰੀ ਤੇ ਪੀਰੀ ਦੇ ਨਿਸ਼ਾਨ ਸ਼੍ਰੋਮਣੀ ਗੁ: ਪ੍ਰ: ਕਮੇਟੀ ਵੱਲੋਂ 1962 ਵਿੱਚ ਲਹਿਰਾਏ ਗਏ ਸਨ।

**5. ਸਵਾਲ- ਸ੍ਰੀ ਦਰਬਾਰ ਸਾਹਿਬ ਜੀ ਦੇ ਪਿਛਲੇ ਪਾਸੇ ਪੌੜੀਆਂ ਵਾਲੇ ਘਾਟ ਦਾ ਕੀ ਨਾਂ ਹੈ?**

**ਜਵਾਬ-** ਸ੍ਰੀ ਦਰਬਾਰ ਸਾਹਿਬ ਜੀ ਦੇ ਪਿਛਲੇ ਪਾਸੇ ਪੌੜੀਆਂ ਵਾਲੇ ਘਾਟ ਦਾ ਨਾਂ **ਹਰਿ ਕੀ ਪਾਉੜੀ** ਹੈ। ਪਰ ਇਹ ਨਾਂ ਦੇਖਾ-ਦੇਖੀ ਹੀ ਪ੍ਰਚਲਿਤ ਹੋ ਗਿਆ ਹੈ। ਜਦ ਕਿ ਸਾਰੇ ਤਲਾਬ ਨੂੰ ਸਰੋਵਰ ਹੀ ਕਿਹਾ ਜਾਂਦਾ ਹੈ।

**6. ਸਵਾਲ- ਮੀਰ ਮਨੂੰ ਨੇ ਸ੍ਰੀ ਦਰਬਾਰ ਸਾਹਿਬ ਉੱਤੇ ਕਦੋਂ ਹਮਲਾ ਕੀਤਾ?**

**ਜਵਾਬ-** ਮੀਰ ਮਨੂੰ ਨੇ 1748 ਵਿੱਚ ਸ੍ਰੀ ਦਰਬਾਰ ਸਾਹਿਬ 'ਤੇ ਹਮਲਾ ਕੀਤਾ। ਸ੍ਰੀ ਦਰਬਾਰ ਸਾਹਿਬ ਨੂੰ ਮਿੱਟੀ 'ਚ ਮਿਲਾਉਣ ਵਾਲਾ ਖੁਦ 3 ਨਵੰਬਰ 1753 ਈ: ਨੂੰ ਮਿੱਟੀ 'ਚ ਮਿਲ ਗਿਆ।

**7. ਸਵਾਲ- ਸ੍ਰੀ ਅੰਮ੍ਰਿਤਸਰ ਸਾਹਿਬ ਵਿੱਚ ਤਲਾਬਾਂ ਦੀ ਗਿਣਤੀ ਕਿੰਨੀ ਹੈ?**

**ਜਵਾਬ-** ਸ੍ਰੀ ਅੰਮ੍ਰਿਤਸਰ ਸਾਹਿਬ ਵਿੱਚ ਤਲਾਬਾਂ ਦੀ ਗਿਣਤੀ ਪੰਜ ਹੈ ਜਿਨ੍ਹਾਂ ਦੇ ਨਾਂ ਅੰਮ੍ਰਿਤਸਰ, ਸੰਤੋਖਸਰ, ਕੌਲਸਰ, ਬਿਬੇਕਸਰ ਅਤੇ ਰਾਮਸਰ ਹਨ।

**8. ਸਵਾਲ- ਸ੍ਰੀ ਦਰਬਾਰ ਸਾਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚੋਂ ਕਿੰਨੀ ਵਾਰੀ ਹੁਕਮਨਾਮਾ ਲਿਆ ਜਾਂਦਾ ਹੈ?**

**ਜਵਾਬ-** ਪਾਵਨ ਹੁਕਮਨਾਮੇ- ਸ੍ਰੀ ਦਰਬਾਰ ਸਾਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚੋਂ ਤਿੰਨ ਵਾਰ (ਟਾਈਮ) ਹੁਕਮਨਾਮਾ ਲਿਆ ਜਾਂਦਾ ਹੈ-

1. ਪ੍ਰਕਾਸ਼ ਵੇਲੇ 2. ਆਸਾ ਦੀ ਵਾਰ ਦੇ ਭੋਗ ਤੋਂ ਬਾਅਦ 3. ਰਾਤ ਨੂੰ ਸੁਖਆਸਣ ਵੇਲੇ।

ਨੋਟ- ਜੋ ਹੁਕਮਨਾਮਾ ਪ੍ਰਕਾਸ਼ ਵੇਲੇ ਆਉਂਦਾ ਹੈ ਉਹ ਹੀ ਸਾਰਾ ਦਿਨ ਦੁਬਾਰਾ ਪੜ੍ਹਿਆ ਜਾਂਦਾ ਹੈ।

**9. ਸਵਾਲ- ਤੋਸ਼ੇਖਾਨੇ ਦੀਆਂ ਕੀਮਤੀ ਵਸਤਾਂ ਕਿਹੜੀਆਂ ਹਨ?**

**ਜਵਾਬ-** ਤੋਸ਼ੇਖਾਨੇ ਦੀਆਂ ਕੀਮਤੀ ਵਸਤਾਂ- ਸੋਨੇ ਦਾ ਛਤਰ 37 ਨਗ ਜੜੇ ਹੋਏ ਹਨ, ਜੜਾਊਂ ਸਿਹਰਾ, ਦੋ ਵੱਡੀਆਂ ਮਾਲਾ, ਸੋਨੇ ਦਾ ਆਸਾ, ਮਹਾਰਾਜਾ ਰਣਜੀਤ ਸਿੰਘ ਦੀ ਸਿਰੀ ਸਾਹਿਬ, ਸੁੱਚੇ ਮੋਤੀਆਂ ਦੀ 108 ਮਣਕੇ ਦੀ ਮਾਲਾ, ਸੋਨੇ ਦੇ ਦਰਵਾਜ਼ੇ, ਸੋਨੇ ਦੇ ਚੱਕਰ ਵਜ਼ਨ 18 ਤੋਲੇ 8 ਮਾਸੇ 6 ਰੱਤੀ, 2 ਸੋਨੇ ਦੇ ਪੱਖੇ, 5 ਸੋਨੇ ਦੀਆਂ ਕਹੀਆਂ, 5 ਚਾਂਦੀ ਦੇ ਬਾਟੇ, ਇਕ ਚਾਨਣੀ: ਇਸ ਵਿੱਚ ਜੜੇ ਇੱਕ ਇੱਕ ਹੀਰੇ ਦੀ ਕੀਮਤ (17ਵੀਂ ਸਦੀ ਵੇਲੇ) 500 ਰੁ: ਸੀ। ਚੰਦਨ ਦਾ ਚੌਰ, ਡਿਊਡੀ ਲਈ ਸੋਨੇ ਦੀ ਜੋੜੀ ਆਦਿ।

**10. ਸਵਾਲ- ਸ੍ਰੀ ਦਰਬਾਰ ਸਾਹਿਬ ਵਿੱਚ ਸੋਨਾ ਚੜ੍ਹਾਉਣ ਦੀ ਸੇਵਾ ਕਿਸ ਨੇ ਕੀਤੀ ਸੀ?**

**ਜਵਾਬ-** ਸੋਨੇ ਦੀ ਸੇਵਾ- ਇਹ ਸੇਵਾ ਮਹਾਰਾਜਾ ਰਣਜੀਤ ਸਿੰਘ ਜੀ ਨੇ ਮੁਸਲਮਾਨ ਮਿਸਤਰੀ ਯਾਰ ਮੁਹੰਮਦ ਖਾਨ ਤੋਂ 1803 ਵਿੱਚ ਸ਼ੁੱਧ ਸੋਨਾ 162 ਸੇਰ, 27 ਸਾਲਾਂ ਵਿੱਚ ਸੇਵਾ ਕਰਵਾਈ। ਇਸ ਦੀ ਕੀਮਤ ਲਗਭਗ 64,11,000 ਰੁ: ਸੀ। 90 ਦੇ ਦਹਾਕੇ ਵਿੱਚ, ਇਸਨੂੰ 500 ਕਿਲੋ ਸੋਨੇ ਨਾਲ ਨਵੀਨੀਕਰਨ ਕੀਤਾ ਗਿਆ ਸੀ ਜਿਸ ਦੀ ਕੀਮਤ 150 ਕਰੋੜ ਰੁਪਏ ਤੋਂ ਵੱਧ ਸੀ।

**11. ਸਵਾਲ- ਸ੍ਰੀ ਦਰਬਾਰ ਸਾਹਿਬ ਵਿਖੇ ਚੌਰ ਸਾਹਿਬ ਕਿਸ ਨੇ ਤੇ ਕਿਵੇਂ ਤਿਆਰ ਕੀਤਾ?**

**ਜਵਾਬ-** ਇੱਕ ਮੁਸਲਮਾਨ ਹਾਜੀ ਮੁਹੰਮਦ ਮਸਕੀਨ ਨੇ 9 ਮਣ, 14 ਸੇਰ ਚੰਦਨ ਦੀ ਲੱਕੜ ਵਿੱਚੋਂ 1 ਲੱਖ 45 ਹਜ਼ਾਰ ਤਾਰਾਂ ਕੱਢ ਕੇ 5 ਸਾਲ, 7 ਮਹੀਨੇ ਦੀ ਲਗਾਤਾਰ ਮਿਹਨਤ ਤੋਂ ਬਾਅਦ ਚੌਰ ਤਿਆਰ ਕਰਕੇ ਸ੍ਰੀ ਦਰਬਾਰ ਸਾਹਿਬ 31-12-1925 ਨੂੰ ਭੇਟ ਕੀਤਾ।

**12. ਸਵਾਲ- ਸ੍ਰੀ ਦਰਬਾਰ ਸਾਹਿਬ ਦੇ ਕੀਰਤਨ ਦਾ ਲਾਈਵ ਰੇਡੀਓ ਪ੍ਰਸਾਰਣ ਕਦੋਂ ਸ਼ੁਰੂ ਹੋਇਆ?**

**ਜਵਾਬ-** ਸ੍ਰੀ ਦਰਬਾਰ ਸਾਹਿਬ ਦੇ ਕੀਰਤਨ ਦਾ ਲਾਇਵ ਰੇਡੀਓ ਪ੍ਰਸਾਰਣ ਰੋਜਾਨਾਂ ਸਵੇਰੇ 4 ਤੋਂ 6 ਵਜੇ ਤੱਕ ਸ਼ਾਮ 4.30 ਤੋਂ 5.30 ਵਜੇ ਤੱਕ ਹੁੰਦਾ ਹੈ। ਵਰਣਨਯੋਗ ਹੈ, ਇਹ ਰੇਡੀਓ ਤੋਂ ਪ੍ਰਸਾਰਣ ਦਾ ਸਮਾਂ ਜੂਨ 1984 ਸਾਕਾ ਨੀਲਾ ਤਾਰਾ ਵੇਲੇ ਹੋਇਆ।

**13. ਸਵਾਲ- ਸ੍ਰੀ ਦਰਬਾਰ ਸਾਹਿਬ ਜੀ ਦਾ ਪਹਿਲਾ ਗ੍ਰੰਥੀ ਕੌਣ ਸੀ?**

**ਜਵਾਬ-** ਗੁਰੂ ਅਰਜਨ ਸਾਹਿਬ ਜੀ ਨੇ ਸਾਹਿਬ ਸ੍ਰੀ ਆਦਿ ਗ੍ਰੰਥ ਸਾਹਿਬ ਦੀ ਸੰਪਾਦਨਾ ਸੰਮਤ 1661 ਸੰਨ 1604 ਵਿੱਚ ਕੀਤੀ ਅਤੇ ਸ੍ਰੀ ਦਰਬਾਰ ਸਾਹਿਬ ਵਿੱਚ ਪ੍ਰਕਾਸ਼ ਕਰਕੇ ਪਹਿਲੇ ਗ੍ਰੰਥੀ ਬਾਬਾ ਬੁੱਢਾ ਜੀ ਨੂੰ ਥਾਪਿਆ।

**14. ਸਵਾਲ- ਸ੍ਰੀ ਦਰਬਾਰ ਸਾਹਿਬ ਦੇ ਕਿੰਨੇ ਕੀਰਤਨੀ ਜਥੇ ਹਨ?**

**ਜਵਾਬ-** ਕੀਰਤਨੀ ਜਥੇ- ਇਨ੍ਹਾਂ ਦੀ ਗਿਣਤੀ 19 ਹੈ, ਇਨ੍ਹਾਂ ਵਿੱਚੋਂ 8 ਜਥੇ 15 ਚੌਕੀਆਂ ਵਿੱਚ ਹਰ ਰੋਜ਼ ਕੀਰਤਨ ਕਰਦੇ ਨੇ। ਇੱਥੇ ਭਾਸ਼ਣ ਕਰਨਾ ਤੇ ਕੱਚੀ ਬਾਣੀ ਪੜ੍ਹਨ ਦੀ ਸਖ਼ਤ ਮਨਾਹੀ ਹੈ।

**15. ਸਵਾਲ- ਸ੍ਰੀ ਦਰਬਾਰ ਸਾਹਿਬ ਵਿਖੇ ਮਹਾਰਾਜਾ ਰਣਜੀਤ ਸਿੰਘ ਨੇ ਕੀ ਭੇਟ ਕੀਤਾ?**

**ਜਵਾਬ-** ਮਹਾਰਾਜਾ ਰਣਜੀਤ ਸਿੰਘ ਜੀ ਨੇ ਇੱਕ ਚਾਨਣੀ ਹੀਰੇ-ਮੋਤੀਆਂ ਦੀ ਦਰਬਾਰ ਸਾਹਿਬ ਵਿਖੇ ਭੇਟ ਕੀਤੀ, ਜਿਸਦੀ ਕੀਮਤ ਉਦੋਂ 80 ਲੱਖ ਰੁਪੈ ਸੀ। ਜਿਹੜੀ ਸਾਕਾ ਨੀਲਾ ਤਾਰਾ ਸਮੇਂ ਸੜ ਕੇ ਰਾਖ ਹੋ ਗਈ ਸੀ।

**16. ਸਵਾਲ- ਗੁਰੂ ਗ੍ਰੰਥ ਸਾਹਿਬ ਜੀ ਨੂੰ ਪਾਲਕੀ ਵਿੱਚ ਲਿਆਉਣ ਦਾ ਸਮਾਂ ਕੀ ਹੈ?**

**ਜਵਾਬ-** ਪਾਲਕੀ ਦਾ ਸਮਾਂ- ਗਰਮੀਆਂ ਵਿੱਚ 4.30 ਵਜੇ ਸਵੇਰੇ, ਸਰਦੀਆਂ ਵਿੱਚ 5.30 ਵਜੇ ਸਵੇਰੇ। ਰਾਤ ਨੂੰ 10.30 ਵਜੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਵਾਰੀ ਸੁਨਹਿਰੀ ਪਾਲਕੀ ਰਾਹੀਂ ਗੁ: ਕੋਠਾ ਸਾਹਿਬ ਅਕਾਲ ਤਖ਼ਤ ਤੇ ਚਲੀ ਜਾਂਦੀ ਹੈ। ਇਹ ਸਮਾਂ 15 ਮਿੰਟ ਦੇ, ਹਿਸਾਬ ਨਾਲ ਵੱਧਦਾ ਘੱਟਦਾ ਰਹਿੰਦਾ ਹੈ।

-0-




# ਭਰਮੈ ਕੇ ਛਉੜ



ਪ੍ਰਿੰ. ਗੁਰਬਚਨ ਸਿੰਘ ਪੰਨਵਾਂ
99155-29725

ਭਰਮਾਂ ਵਿਚ ਪੈ ਕੇ ਭਰਮ ਪਾਲਣ ਵਾਲਾ ਆਦਮੀ ਆਪਣੇ ਜੀਵਨ ਦਾ ਵਿਕਾਸ ਰੋਕ ਲੈਂਦਾ ਹੈ। ਉਹ ਕਦੇ ਵੀ ਤਰਕ ਦੀ ਦੁਨੀਆਂ ਵਿਚ ਆਉਣ ਲਈ ਤਿਆਰ ਨਹੀਂ ਹੋਏਗਾ। ਕੋਹਲੂ ਦੇ ਬੈਲ ਵਾਂਗ ਉੱਥੇ ਹੀ ਗੇੜੇ ਕੱਢੀ ਜਾਏਗਾ। ਰਾਤ ਦੇ ਹਨੇਰੇ ਵਿਚ ਪਈ ਹੋਈ ਰੱਸੀ ਸੱਪ ਵਰਗੀ ਜਾਪਦੀ ਹੈ। ਜਿਹੋ ਜੇਹਾ ਅਸੀਂ ਆਪਣੇ ਮਨ ਨਾਲ ਭਰਮ ਬਣਾਇਆ ਹੁੰਦਾ ਹੈ ਉਹੋ ਜੇਹਾ ਨਹੀਂ ਹੁੰਦਾ। ਭਗਤ ਰਵਿਦਾਸ ਜੀ ਦਾ ਪਿਆਰਾ ਵਾਕ ਹੈ।

**ਮਾਧਵੇ ਕਿਆ ਕਹੀਐ ਭ੍ਰਮੁ ਐਸਾ ॥**
**ਜੈਸਾ ਮਾਨੀਐ ਹੋਇ ਨ ਤੈਸਾ ॥ (657)**

ਕਿਸੇ ਨੀਤੀਵਾਨ ਨੇ ਬੜਾ ਪਿਆਰਾ ਦ੍ਰਿਸ਼ਟਾਂਤ ਦੇ ਕੇ ਸਮਝਾਇਆ ਹੈ ਇਕ ਬਿੱਲੀ ਸੂਰਜ ਚੜ੍ਹਦੇ ਨਾਲ ਆਪਣੇ ਘਰੋਂ ਬਾਹਰ ਨਿਕਲੀ, ਅਚਾਨਕ ਉਸ ਨੇ ਆਪਣਾ ਪਰਛਾਵਾਂ ਦੇਖਿਆ ਜੋ ਬਹੁਤ ਵੱਡਾ ਸੀ। ਬਿੱਲੀ ਦੇ ਮਨ ਅੰਦਰ ਇਕ ਖਿਆਲ ਆਇਆ ਅੱਜ ਮੈਨੂੰ ਬਹੁਤ ਵੱਡੇ ਸ਼ਿਕਾਰ ਦੀ ਲੋੜ ਹੈ ਜੋ ਮੇਰੀ ਭੁੱਖ ਨੂੰ ਦੂਰ ਕਰ ਸਕੇ ਛੋਟੇ ਮੋਟੇ ਸ਼ਿਕਾਰ ਨਾਲ ਆਪਣਾ ਢਿੱਡ ਮੁਸ਼ਕਲ ਨਾਲ ਹੀ ਭਰੇਗਾ। ਅੱਜ ਤਾਂ ਹਾਥੀ ਵਰਗੇ ਜਾਨਵਰ ਦੇ ਸ਼ਿਕਾਰ ਨਾਲ ਹੀ ਆਪਣਾ ਢਿੱਡ ਭਰ ਸਕਦਾ ਹੈ। ਵਿਚਾਰੀ ਨੇ ਬਹੁਤ ਵੱਡਾ ਭਰਮ ਪਾਲ ਲਿਆ। ਸਵੇਰ ਤੋਂ ਲੈ ਕੇ ਦੁਪਹਿਰ ਤਕ ਵਿਚਾਰੀ ਸ਼ਿਕਾਰ ਲੱਭਦੀ ਰਹੀ ਪਰ ਉਸਨੂੰ ਸ਼ਿਕਾਰ ਕਿਤੋਂ ਵੀ ਨਾ ਮਿਲਿਆ। ਸਿੱਖਰ ਦੁਪਹਿਰ ਹੋਣ ਕਰਕੇ ਭੁੱਖ ਵੀ ਪੂਰੀ ਚਮਕੀ ਹੋਈ ਸੀ। ਅਚਾਨਕ ਫਿਰ ਉਸਦੀ ਨਿਗਾਹ ਆਪਣੇ ਪਰਛਾਵੇਂ ਤੇ ਜਾ ਪਈ ਜੋ ਦੁਪਹਿਰ ਹੋਣ ਕਰਕੇ ਛੋਟਾ ਸੀ। ਬਿੱਲੀ ਆਖਣ ਲੱਗੀ ਚਲੋ ਹੁਣ ਮੈਂ ਚੂਹੇ ਦੇ ਸ਼ਿਕਾਰ ਨਾਲ ਹੀ ਸਾਰ ਲਵਾਂਗੀ। ਸਮਾਜ, ਧਰਮ ਦੀ ਦੁਨੀਆਂ ਅੰਦਰ ਮਨੁੱਖ ਨੇ ਬਹੁਤ ਸਾਰੇ ਭਰਮ ਪਾਲ ਰੱਖੇ ਹੋਏ ਹਨ ਜੋ ਅਸਲੀ ਨਹੀਂ ਹਨ। ਗੁਰੂ ਅਮਰਦਾਸ ਜੀ ਨੇ ਇਕ ਸਲੋਕ ਰਾਹੀਂ ਭਰਮ ਜਾਲੇ ਨੂੰ ਖਤਮ ਕਰਕੇ ਆਪਣੇ ਅੰਦਰ ਪਰਮਾਤਮਾ ਦੀ ਜੋਤ ਧਰਨ ਦੀ ਗੱਲ ਕੀਤੀ ਹੈ। ਅਰਸ਼ੀ ਅਰਸ਼ਾਦ ਹੇਠਾਂ ਅੰਕਤ ਹੈ।

**ਸਤਿਗੁਰੁ ਫੁਰਮਾਇਆ ਕਾਰੀ ਏਹ ਕਰੇਹੁ॥ ਗੁਰੂ ਦੁਆਰੈ ਹੋਇ ਕੈ ਸਾਹਿਬੁ ਸੰਮਾਲੇਹੁ ॥ ਸਾਹਿਬੁ ਸਦਾ ਹਜੂਰਿ ਹੈ ਭਰਮੈ ਕੇ ਛਉੜ ਕਟਿ ਕੈ ਅੰਤਰਿ ਜੋਤਿ ਧਰੇਹੁ ॥ ਹਰਿ ਕਾ ਨਾਮੁ ਅੰਮ੍ਰਿਤੁ ਹੈ ਦਾਰੂ ਏਹੁ ਲਾਏਹੁ ॥ ਸਤਿਗੁਰ ਕਾ ਭਾਣਾ ਚਿਤਿ ਰਖਹੁ ਸੰਜਮੁ ਸਚਾ ਨੇਹੁ ॥ ਨਾਨਕ ਐਥੈ ਸੁਖੈ ਅੰਦਰਿ ਰਖਸੀ ਅਗੈ ਹਰਿ ਸਿਉ ਕੇਲ ਕਰੇਹੁ ॥ (554)**

ਅੱਖਾਂ ਨੂੰ ਕਈ ਪ੍ਰਕਾਰ ਦੀਆਂ ਬਿਮਾਰੀਆਂ ਹੁੰਦੀਆਂ ਹਨ। ਇਹਨਾਂ ਵਿਚੋਂ ਇਕ ਬਿਮਾਰੀ ਦਾ ਨਾਂ ਹੈ ਮੋਤੀਆ ਉਤਰ ਅਉਣਾ, ਜਿਸ ਨਾਲ ਮਨੁੱਖ ਨੂੰ ਧੁੰਦਲਾ 2 ਦਿਸਣ ਲੱਗ ਪੈਂਦਾ ਹੈ। ਅਜੇਹਾ ਜਾਲਾ ਅਉਣ ਨਾਲ ਹੌਲ਼ੀ ਹੌਲ਼ੀ ਅੱਖਾਂ ਦੀ ਜੋਤ ਬੰਦ ਹੋਣੀ ਸ਼ੁਰੂ ਹੋ ਜਾਦੀ ਹੈ। ਇਕ ਸਟੇਜ ਤੇ ਜਾ ਕੇ ਬਿਲਕੁਲ ਹੀ ਦਿਸਣੋ ਬੰਦ ਹੋ ਜਾਂਦਾ ਹੈ। ਜਾਲੇ ਨੂੰ ਦੂਰ ਕਰਨ ਲਈ ਡਾਕਟਰ ਦੀ ਸਹਾਇਤਾ ਨਾਲ ਅੱਖਾਂ ਵਿਚ ਦਵਾਈ ਦਾ ਇਸਤੇਮਾਲ ਕੀਤਾ ਜਾਂਦਾ ਹੈ, ਜਾਂ ਫਿਰ ਅਪਰੇਸ਼ਨ ਕੀਤਾ ਜਾਂਦਾ ਹੈ। ਜਾਲਾ ਹੱਟਣ ਨਾਲ ਹੀ ਅੱਖਾਂ ਸਹੀ ਦੇਖ ਸਕਦੀਆਂ ਹਨ। ਇੰਜ ਹੀ ਸਾਡੇ ਮਨ ਉੱਤੇ ਭਰਮਾਂ ਦਾ ਜਾਲਾ ਜੇਹਾ ਆ ਜਾਂਦਾ ਹੈ ਜਿਸ ਨਾਲ ਮਨੁੱਖਤਾ ਦੀ ਸਹੀ ਤਸਵੀਰ ਨਹੀਂ ਦਿਸਦੀ। ਅੱਖਾਂ ਦਾ ਜਾਲਾ ਦੂਰ ਕਰਨ ਲਈ ਦਵਾਈ ਦੀ ਜ਼ਰੂਰਤ ਹੈ ਤੇ ਮਨ ਦਾ ਜਾਲਾ ਦੂਰ ਕਰਨ ਲਈ ਗੁਰਦੁਆਰੇ ਦੀ ਜ਼ਰੂਰਤ--ਭਾਵ ਗੁਰੂ ਦੇ ਚਰਨੀ ਲੱਗਣ ਤੋਂ ਹੈ। ਕੇਵਲ ਇਤਨਾ ਕੁ ਹੀ ਨਹੀਂ ਕੇ ਗੁਰਦੁਆਰੇ ਜਾ ਕੇ ਬੈਠ ਗਏ ਤੇ ਸਾਡਾ ਭਰਮ ਦੂਰ ਹੋ ਜਾਏਗਾ। ਗੁਰਬਾਣੀ ਗਿਆਨ ਪ੍ਰਾਪਤ ਕੀਤਿਆਂ ਹੀ ਅਸਲੀਅਤ ਦੀ ਸਮਝ ਆ ਸਕਦੀ ਹੈ। ਸਤਿਗੁਰ ਨੇ ਇਕ ਪਿਆਰਾ ਜੇਹਾ ਹੁਕਮ ਕੀਤਾ ਏ ਕਿ ਐ ਬੰਦੇ ਇਕ ਕੰਮ ਕਰ ਜਿਸ ਨਾਲ ਤੇਰੇ ਮਨ ਦਾ ਭਰਮ ਦੂਰ ਹੋਵੇ। ਉਹ ਕੰਮ ਹੈ ਗੁਰੂ ਦੀ ਵਿਚਾਰ ਨਾਲ ਸਾਂਝ ਪਉੜੀ ਤੇ ਉਸ ਅਨੁਸਾਰ ਆਪਣਾ ਜੀਵਨ ਢਾਲ ਲੈਣਾ।

**ਸਤਿਗੁਰੂ ਫੁਰਮਾਇਆ ਕਾਰੀ ਏਹ ਕਰੇਹੁ॥ ਗੁਰੂ ਦੁਆਰੈ ਹੋਇ ਕੈ ਸਾਹਿਬੁ ਸੰਮਾਲੇਹੁ॥**

ਗੁਰੂ ਗਿਆਨ ਦੁਆਰਾ ਸਾਹਿਬ ਦੀ ਸੰਭਾਲ ਕਰਨੀ ਹੈ। ਉਸ ਮਾਲਕ ਨੂੰ ਹਮੇਸ਼ਾਂ ਆਪਣੇ ਅੰਗ ਸੰਗ ਸਮਝਣ ਦਾ ਯਤਨ ਕਰੋ। ਅਜੇਹਾ ਤਾਂ ਹੀ ਹੋ ਸਕਦਾ ਹੈ ਜਦੋਂ ਆਪਣੀਆਂ ਅੱਖਾਂ ਤੋਂ ਈਰਖਾ-ਭਰਮ ਦਾ ਜਾਲਾ ਲਾਹ ਲਵਾਂਗੇ। ਮਨ ਦੀ ਅੱਖ ਤੇ ਭਰਮ ਦਾ ਐਸਾ ਜਾਲਾ ਆਇਆ ਹੋਇਆ ਏ ਇਸ ਨੂੰ ਆਪਣਾ ਵੀ ਪਰਾਇਆ ਦਿਸਦਾ ਹੈ।

**ਸਾਹਿਬੁ ਸਦਾ ਹਜੂਰਿ ਹੈ ਭਰਮੈ ਕੇ ਛਉੜ ਕਟਿ ਕੈ ਅੰਤਰਿ ਜੋਤਿ ਧਰੇਹੁ ॥**

**ਅੰਤਰਿ ਜੋਤਿ ਧਰੇਹੁ**–ਪਰਮਾਤਮਾ ਦੀ ਜੋਤ ਨੂੰ ਆਪਣੇ ਹਿਰਦੇ ਵਿਚ ਟਿਕਾਉਣ ਦਾ ਮਨੋਰਥ ਦ੍ਰਿੜ ਕਰਾਇਆ ਗਿਆ ਹੈ। ਜ਼ਿੰਦਗੀ ਦੀ ਮਰਯਾਦਾ ਵਿਚ ਪਵਿੱਤਰਤਾ ਲਿਆਉਣ ਦਾ ਟੀਚਾ ਰੱਖਿਆ ਗਿਆ ਹੈ। ਪਰਮਾਤਮਾ ਦਾ ਨਾਮ ਭਾਵ ਰੱਬੀ ਗੁਣ ਭਰਮ ਦੇ ਜਾਲੇ ਨੂੰ ਦੂਰ ਕਰਨ ਵਿਚ ਸਹਾਇਤਾ ਕਰਦੇ ਹਨ। ਦਰ ਅਸਲ ਇਹ ਦਾਰੂ ਹੈ ਜੋ ਭਰਮ ਦੀ ਅੱਖ ਵਿਚ ਪਾਇਆਂ ਅਗਿਆਨਤਾ ਦਾ ਜਾਲਾ ਰਹਿਣ ਨਹੀਂ ਦਿੰਦਾ। ਅੱਖ ਵਿਚ ਦਾਰੂ ਪਾ ਕੇ ਕੁਝ ਪ੍ਰਹੇਜ ਵੀ ਕੀਤਾ ਜਾਂਦਾ ਹੈ ਤਾਂ ਕੇ ਦਾਰੂ ਆਪਣਾ ਪੂਰਾ ਅਸਰ ਕਰ ਸਕੇ। ਇਸੇ ਤਰ੍ਹਾਂ ਨਾਮ ਰੂਪੀ ਦਾਰੂ ਵਰਤਦਿਆਂ ਸਤਿਗੁਰ ਦਾ ਹੁਕਮ ਮੰਨਣ, ਸੁਭਾਅ ਵਿਚ ਸੰਜਮ ਤੇ ਪਿਆਰ ਵਰਗੇ ਗੁਣਾਂ ਨੂੰ ਧਾਰਨ ਕਰਨਾ ਪ੍ਰਹੇਜ਼ ਦੱਸਿਆ ਗਿਆ ਹੈ।

**ਹਰਿ ਕਾ ਨਾਮੁ ਅੰਮ੍ਰਿਤੁ ਹੈ ਦਾਰੂ ਏਹੁ ਲਾਏਹੁ ॥ ਸਤਿਗੁਰ ਕਾ ਭਾਣਾ ਚਿਤਿ ਰਖਹੁ ਸੰਜਮੁ ਸਚਾ ਨੇਹੁ ॥**

ਇਹ ਪ੍ਰਹੇਜ਼ ਵਰਤਦਿਆਂ ਤੇ ਨਾਮ ਦੇ ਗੁਣਾਂ ਦਾ ਦਾਰੂ ਪਾਇਆਂ ਜੇ ਹੱਥਲੇ ਜੀਵਨ ਵਿਚ ਸੁੱਖ ਦੀ ਆਸ ਬੱਝਦੀ ਹੈ ਤਾਂ ਆਉਣ ਵਾਲੇ ਜੀਵਨ ਵਿਚ ਕੇਲ ਕਰੇਹੁ ਹੋ ਸਕਣ ਦੀ ਪ੍ਰਪੱਕਤਾ ਹੈ। ਗੁਰਬਾਣੀ ਵਿਚ ਵਾਰ ਵਾਰ ਕੁਦਰਤੀ ਗੁਣਾਂ ਨੂੰ ਸਮਝਣ ਦੀ ਗੱਲ ਤੇ ਜ਼ੋਰ ਦਿੱਤਾ ਗਿਆ ਹੈ। ਸਤਿਗੁਰ ਦੇ ਹੁਕਮ, ਰੱਬੀ ਨਿਯਮਾਂਵਲੀ ਤੇ ਸੱਚੇ ਪਿਆਰ ਦੀ ਦੁਹਾਈ ਦਿੱਤੀ ਗਈ ਹੈ।

**ਨਾਨਕ ਐਥੈ ਸੁਖੈ ਅੰਦਰਿ ਰਖਸੀ ਅਗੈ ਹਰਿ ਸਿਉ ਕੇਲ ਕਰੇਹੁ ॥**

ਐਥੇ ਸੁਖੈ ਅੰਦਰਿ—ਚੱਲ ਰਹੀ ਜ਼ਿੰਦਗੀ ਦੇ ਭਰਮ ਨੂੰ ਦੂਰ ਕਰਕੇ ਆਤਮਿਕ ਸੁਖ ਦੀ ਪਰਾਪਤੀ ਕਰਨੀ ਹੈ। ਅਗੈ ਹਰਿ ਸਿਉ ਕੇਲ ਕਰੇਹ—ਅਉਣ ਵਾਲੇ ਜੀਵਨ ਵਿਚ ਹਰੀ ਨਾਲ ਮਿਲਕੇ ਅੰਨਦ ਕਰਨ ਦੀ ਅਵਸਥਾ ਰੱਖੀ ਹੈ। ਅਗੈ ਹਰਿ ਸਿਉ ਕੇਲ ਕਰੇਹੁ—ਨੂੰ ਵਿਸ਼ਾਲ ਹਿਰਦੇ ਨਾਲ ਸਮਝਣ ਦਾ

ਯਤਨ ਕਰਨਾ ਹੈ। ਹਰ ਬੰਦੇ ਦੀ ਇਕ ਖਾਹਸ਼ ਹੈ ਕਿ ਮੇਰੇ ਅਉਣ ਵਾਲੇ ਜੀਵਨ ਵਿਚ ਖੁਸ਼ੀਆਂ ਤੇ ਖੇੜੇ ਹਮੇਸ਼ਾਂ ਬਣੇ ਰਹਿਣ, ਇਹ ਤਦ ਹੀ ਹੋ ਸਕਦਾ ਹੈ ਜੇਕਰ ਅਸੀਂ ਭਰਮਾਂ, ਵਹਿਮਾਂ ਦੇ ਬਰੀਕ ਜਾਲੇ ਨੂੰ ਗੁਰੂ ਗਿਆਨ ਦੀ ਦੁਆਈ ਨਾਲ ਦੂਰ ਕਰ ਲਈਏ। ਗੁਰੂ ਅਰਜਨ ਸਾਹਿਬ ਜੀ ਦੇ ਕੁਝ ਹੋਰ ਵਾਕ ਵੀ ਹਨ----

**ਡੀਗਨ ਡੋਲਾ ਤਊ ਲਉ ਜਉ ਮਨ ਕੇ ਭਰਮਾ॥ ਭ੍ਰਮ ਕਾਟੇ ਗੁਰਿ ਆਪਣੈ ਪਾਏ ਬਿਸਰਾਮਾ॥ (400)** ਅਤੇ

**ਐਸੇ ਭਰਮਿ ਭੁਲੇ ਸੰਸਾਰਾ ॥**

**ਜਨਮੁ ਪਦਾਰਥੁ ਖੋਇ ਗਵਾਰਾ ॥ (676)**

ਗੁਰਬਾਣੀ ਸਰਬ ਕਾਲੀ, ਸਰਬ ਦੇਸ਼ੀ ਤੇ ਸਰਬ ਸਾਂਝੀ ਹੈ। ਇਸ ਨੂੰ ਆਪ ਸਮਝਣਾ ਸੀ ਤੇ ਸੰਸਾਰ ਨੂੰ ਇਸ ਦਾ ਮੁਹੱਬਤਾਂ ਭਰਿਆ ਸੁਨੇਹਾ ਦੇਣਾ ਸੀ। ਹੋਇਆ ਬਿਲਕੁਲ ਇਸਦੇ ਉਲਟ ਹੈ। ਨਾ ਤਾਂ ਅਸੀਂ ਆਪ ਪੂਰੀ ਤਰ੍ਹਾਂ ਸਮਝ ਸਕੇ ਤੇ ਨਾ ਦੂਸਰਿਆਂ ਨੂੰ ਸਮਝਾ ਸਕੇ। ਜਿਹੜੇ ਭਰਮ ਗੁਰਬਾਣੀ ਦੂਰ ਕਰਦੀ ਹੈ ਉਹਨਾਂ ਨੂੰ ਅਸੀਂ ਆਪਣੀ ਜ਼ਿੰਦਗੀ ਦਾ ਪੂਰੀ ਤਰ੍ਹਾਂ ਹਿੱਸਾ ਬਣਾ ਚੁੱਕੇ ਹਾਂ। ਇੰਝ ਲੱਗਦਾ ਏ ਕਿ ਨਿਰਮਲ ਪੰਥ ਦੀ ਅਦੁੱਤੀ ਛਾਪ ਬ੍ਰਾਹਮਣੀ ਧੂੜ ਵਿਚ ਉੱਡ ਰਹੀ ਹੈ। ਬ੍ਰਾਹਮਣ ਦੇ ਵਿਛਾਏ ਭਰਮਾਂ ਨੂੰ ਧਰਮ ਦਾ ਜ਼ਰੂਰੀ ਅੰਗ ਸਮਝ ਕੇ ਮੰਝਧਾਰ ਦੀ ਘੁੰਮਣਘੇਰੀ ਵਿਚ ਫਸ ਕੇ ਰਹਿ ਗਏ ਹਾਂ। ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਸੁਣਨ ਵਿਚਾਰਨ ਵਲ ਕਿਸੇ ਨੇ ਧਿਆਨ ਨਹੀ ਦਿੱਤਾ। ਮੇਰਾ ਇਕ ਵਿਦਿਆਰਥੀ ਸਕੂਲ ਵਿਚ ਪੜ੍ਹਦਿਆਂ ਗੁਰਬਾਣੀ ਤੋਂ ਪ੍ਰਭਾਵਿਤ ਹੋ ਕੇ ਸਿੱਖੀ ਵਿਚ ਪਰਪੱਕ ਹੋਇਆ। ਜ਼ਿੰਦਗੀ ਵਿਚ ਉਸ ਨੇ ਬਹੁਤ ਮਿਹਨਤ ਕੀਤੀ ਏ। ਕਾਫੀ ਸਮੇਂ ਬਆਦ ਮਿਲਿਆ। ਦੁਨਿਆਵੀ ਪੜ੍ਹਾਈ ਦੇ ਨਾਲ ਸਿੱਖੀ ਸਿਧਾਂਤਾਂ ਨੂੰ ਬਹੁਤ ਬਰੀਕ ਬੁੱਧੀ ਨਾਲ ਸਮਝਿਆ। ਵਿਚਾਰ ਵਟਾਂਦਰੇ ਉਪਰੰਤ ਉਸ ਨੇ ਕੁਝ ਸਵਾਲ ਪੁੱਛੇ, ਜਿਹਨਾਂ ਦਾ ਉੱਤਰ ਆਪਾਂ ਸਾਰਿਆਂ ਨੇ ਰਲ਼ ਮਿਲ ਕੇ ਲੱਭਣਾ ਹੈ। ਉਸ ਨੇ ਕਿਹਾ ਵੀਰ ਜੀ ਇਹ ਤੇ ਤੁਹਾਨੂੰ ਪਤਾ ਹੀ ਹੈ ਕਿ ਮੈਂ ਹਿੰਦੂ ਪਰਿਵਾਰ ਨਾਲ ਸਬੰਧ ਰੱਖਦਾ ਹਾਂ। ਗੁਰੂ ਸਾਹਿਬ ਜੀ ਦੇ ਸੁਨਿਹਰੀ ਅਸੂਲਾਂ ਨੂੰ ਇਸ ਲਈ ਅਪਨਾਇਆ ਸੀ ਕਿ ਬ੍ਰਾਹਮਣੀ ਕਰਮਕਾਂਡ ਦੀ ਦਲਦਲ ਵਿਚੋਂ ਬਾਹਰ ਨਿਕਲ ਸਕਾਂ ਪਰ ਇੰਝ ਹੋ ਨਹੀਂ ਸਕਿਆ। ਜੋ ਕਰਮਕਾਂਡ ਮੈਂ ਛੱਡ ਕੇ ਆਇਆ ਸੀ ਉਸ ਤੋਂ ਵੱਧ ਤਾਂ ਸਿੱਖਾਂ ਨੇ ਅਪਣਾ ਲਏ ਹੋਏ ਹਨ। ਮੇਰਾ ਇਕ ਭਰਮ ਸੀ ਕਿ ਸ਼ਾਇਦ ਗੁਰੂ ਨਾਨਕ ਜੀ ਦਾ ਨਿਰਮਲ ਪੰਥ ਬ੍ਰਾਹਮਣ ਦੀ ਜਕੜ ਤੋਂ ਬਚਿਆ ਹੋਏਗਾ, ਅਜੇਹਾ ਕੁਝ ਨਹੀਂ ਹੈ।

ਪਿਛਲੇ ਹਜ਼ਾਰਾਂ ਸਾਲਾਂ ਤੋਂ ਮੰਦਰਾਂ ਵਿਚ ਜੋਤਾਂ ਜਗ ਰਹੀਆਂ ਹਨ, ਤੁਸਾਂ ਗੁਰਦੁਆਰਿਆਂ ਵਿਚ ਜੋਤਾਂ ਜਗਾਈਆਂ ਹੋਈਆਂ ਹਨ। ਮੈਨੂੰ ਤੇ ਇੰਜ ਲੱਗਦਾ ਹੈ ਜਿਵੇਂ ਤੁਸਾਂ ਉਹਨਾਂ ਦੀ ਨਕਲ ਮਾਰ ਲਈ ਹੋਵੇ। ਜੋਤ ਜਗਾਉਣ ਦਾ ਬਹੁਤ ਵੱਡਾ ਭਰਮ ਪਾਲ ਲਿਆ ਹੋਇਆ ਹੈ। ਇਥੋਂ ਤਕ ਕਿ ਇਤਿਹਾਸਕ ਗੁਰਦੁਆਰੇ ਵੀ ਇਸ ਭਰਮ ਤੋਂ ਬਚ ਨਹੀਂ ਸਕੇ।

ਪਿਛਲੇ ਹਜ਼ਾਰਾਂ ਸਾਲਾਂ ਤੋਂ ਗੀਤਾ ਦੇ ਪਾਠ ਹੋ ਰਹੇ ਹਨ, ਪਰ ਤੁਸੀਂ ਪਾਠਾਂ ਤੋਂ ਵੀ ਅਗਾਂਹ ਲੰਘ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੰਪਟ ਪਾਠ ਕਰਾ ਰਹੇ ਹੋ, ਵਿਚਾਰਨ ਵਾਲਾ ਤਾਂ ਮੁੱਦਾ ਖਤਮ ਹੋ ਗਿਆ ਹੈ। ਬ੍ਰਾਹਮਣ ਗਣੇਸ਼ ਦੀ ਪੂਜਾ 'ਤੇ ਜ਼ੋਰ ਦੇ ਰਿਹਾ ਹੈ। ਤੁਸੀਂ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਸ ਨਾਰੀਅਲ ਰੱਖ ਕੇ ਗਣੇਸ਼ ਦੀ ਪੂਜਾ ਕਰ ਰਹੇ ਹੋ। ਸਾਡੇ ਮੰਦਰਾਂ ਵਿਚ ਕੁੰਭ ਦੀ ਪੂਜਾ ਹੁੰਦੀ ਹੈ ਤੁਸੀਂ ਵੀ ਤਾਂ ਕੁੰਭ ਰੱਖ ਹੀ ਰਹੇ ਹੋ, ਗੁਰਬਾਣੀ ਗਿਆਨ ਨਾਲੋਂ ਫਿਰ ਕੁੰਭ ਵੱਡਾ ਹੀ ਹੋਇਆ। ਜੇ ਸਾਡੇ ਮੰਦਰਾਂ ਵਿਚੋਂ ਚਰਣਾਮਿਤ {ਪਾਣੀ} ਮਿਲਦਾ ਸੀ ਤਾਂ ਤੁਸੀਂ ਵੀ ਤਾਂ ਚੁਲ਼ੀ ਚੁਲ਼ੀ ਪਾਣੀ ਦੇ ਕੇ ਇਹੀ ਕੰਮ ਕਰਦੇ ਹੋ।

ਜਦ ਦਾ ਬ੍ਰਾਹਮਣ ਹੋਸ਼ ਵਿਚ ਆਇਆ ਏ ਉਦੋਂ ਦਾ ਹੀ ਆਰਤੀ ਉਤਾਰ ਰਿਹਾ ਹੈ। ਕੀ ਸਿੱਖ ਧਰਮ ਨੇ ਅਜੇਹਾ ਭਰਮ ਨਹੀਂ ਪਾਲ ਲਿਆ ਜੇਕਰ ਮੈਂ ਆਰਤੀ ਨਾ ਉਚਾਰੀ ਤਾਂ ਮੈਂ ਬ੍ਰਾਹਮਣ ਤੋਂ ਬਹੁਤ ਪਿੱਛੇ ਰਹਿ ਜਾਵਾਂਗਾ। ਬਹੁਤ ਸਾਰੇ ਧਰਮ ਦੇ ਕੰਮਾਂ ਵਿਚ ਤੁਸਾਂ ਬ੍ਰਾਹਮਣ ਦੀ ਨਕਲ ਹੀ ਮਾਰੀ ਹੈ। ਗੁਰੂ ਗ੍ਰੰਥ ਸਾਹਿਬ ਵਿਚ ਤਾਂ ਇਕ ਸ਼ਬਦ ਆਰਤੀ ਦਾ ਆਉਂਦਾ ਸੀ, ਪਰ ਤੁਸਾਂ ਬਹੁਤ ਸਾਰੇ ਸ਼ਬਦਾਂ ਨੂੰ ਇਕੱਠਿਆਂ ਕਰਕੇ ਸਾਡੀ ਆਰਤੀ ਦੀ ਨਕਲ ਹੀ ਕਰ ਲਈ ਹੈ। ਤੁਸੀਂ ਦੱਸੋ ਕੀ ਵੱਖੋ ਵੱਖਰੇ ਸ਼ਬਦਾਂ ਨੂੰ ਇਕੱਠਾ ਕਰਨ ਨਾਲ ਆਰਤੀ ਬਣਦੀ ਹੈ।

ਮੰਦਰਾਂ ਵਿਚ ਪੱਥਰਾਂ ਦੀ ਬਣੀ ਹੋਈ ਮੂਰਤੀ ਨੂੰ ਭੋਗ ਲੱਗਦਾ ਹੈ, ਸਿੱਖੀ ਵਿਚ ਸ਼ਬਦ ਗੁਰੂ ਤੇ ਪਰਮਾਤਮਾ ਸਰਬ ਵਿਆਪਕ ਹੈ ਫਿਰ ਤੁਸੀਂ ਭੋਗ ਕਿਸ ਨੂੰ ਲਗਾਉਂਦੇ ਹੋ? ਹਾਂ ਦਰ ਪਰਵਾਨ ਦੀ ਗੱਲ ਤਾਂ ਮੰਨੀ ਜਾ ਸਕਦੀ ਹੈ ਪਰ ਭੋਗ ਵਾਲੀ ਗੱਲ ਕਦਾ ਚਿਤ ਨਹੀਂ ਹੋ ਸਕਦੀ। ਤੁਸੀਂ ਤੇ ਥਾਲੀ ਵਿਚ ਥੋੜ੍ਹਾ ਥੋੜ੍ਹਾ ਲੰਗਰ ਪਾ ਕੇ ਸਾਡੇ ਵਾਂਗੂੰ ਭੋਗ ਲਗਾਉਣ ਦਾ ਪੂਰਾ ਅਡੰਬਰ ਰਚਿਆ ਹੋਇਆ ਹੈ। ਕੀ ਇਹ ਸਾਡੀ ਨਕਲ ਨਹੀਂ ਹੈ।

ਸਿੱਖੀ ਅਤਿ ਆਧੁਨਿਕ ਹੁੰਦੀ ਹੋਈ ਨੂੰ ਵੀ ਤੁਸੀਂ ਹਜ਼ਾਰਾ ਸਾਲ ਪੁਰਾਣੀ ਬਣਾ ਕੇ ਪਤਾ ਨਹੀਂ ਕਿਉਂ ਪੇਸ਼ ਕਰ ਰਹੇ ਹੋ? ਗੁੱਗਿਆਂ ਤੇ ਕੱਚੀ ਲੱਸੀ ਪਾਈ ਜਾਂਦੀ ਰਹੀ ਹੈ ਤੁਹਾਨੂੰ ਹੋਰ ਤੇ ਕੋਈ ਸੁੱਝਿਆ ਨਹੀਂ, ਤੁਸੀਂ ਨਿਸ਼ਾਨ ਸਾਹਿਬ ਨੂੰ ਹੀ ਕੱਚੀ ਲੱਸੀ ਨਾਲ ਇਸ਼ਨਾਨ ਕਰਾਈ ਜਾ ਰਹੇ ਹੋ। ਨਿਸ਼ਾਨ ਸਾਹਿਬ ਨੂੰ ਕੱਚੀ ਲੱਸੀ ਨਾਲ ਇਸ਼ਨਾਨ ਕਰਾਉਣ ਦਾ ਮਹੱਤਵ ਤਾਂ ਦਸੋ?


ਦੁਰਗਾ ਤੇ ਗਣੇਸ਼ ਦੀ ਪੂਜਾ ਫਿਰ ਉਹਨਾਂ ਦੀ ਸੋਭਾ ਯਾਤਰਾ ਦੇ ਪਰਭਾਵ ਨੂੰ ਤੁਹਾਡੇ ਪਰਭਾਤ ਫੇਰੀਆਂ ਦੇ ਰੂਪ ਵਿਚ ਦੇਖਿਆ ਜਾ ਸਕਦਾ ਹੈ। ਤੁਸੀਂ ਤੇ ਇਹ ਆਖਦੇ ਥੱਕਦੇ ਨਹੀਂ ਹੋ ਕਿ ਸਿੱਖ ਇਕ ਵੱਖਰੀ ਕੌਮ ਹੈ ਪਰ ਇਹ ਤੁਹਾਡਾ ਬਹੁਤ ਵੱਡਾ ਭਰਮ ਹੈ ਕਿਉਂਕਿ ਗੁਰਬਾਣੀ ਦਾ ਮਹਾਨ ਚਾਨਣ ਹੁੰਦੇ ਹੋਏ ਵੀ ਤੁਸੀਂ ਬ੍ਰਾਹਮਣ ਦੇ ਪਿੱਛਲੱਗ ਬਣੇ ਹੋਏ ਹੋ। ਹਿੰਦੂ ਧਰਮ ਵਿਚ ਮੂਰਤੀ ਪੂਜਾ ਹੈ, ਤੁਸਾਂ ਗੁਰੂਆਂ ਦੀਆਂ ਮੂਰਤੀਆਂ ਬਣਾ ਲਈਆਂ। ਫਿਰ ਹਨ੍ਹੇਰ ਸਾਈਂ ਦਾ ਇਹ ਸਾਰੀਆਂ ਸ਼੍ਰੋਮਣੀ ਕਮੇਟੀ ਦੇ ਨੱਕ ਹੇਠ ਵਿੱਕ ਰਹੀਆਂ ਹਨ।

ਸਾਰੀ ਗੁਰਬਾਣੀ ਨੂੰ ਪੜ੍ਹਣ ਦਾ ਕਿੰਨੀ ਵਾਰ ਹੀ ਮੌਕਾ ਬਣਿਆ ਹੈ, ਪਰ ਕਿਤੋਂ ਵੀ ਇਕ ਤੁਕ ਨਹੀਂ ਮਿਲੀ ਜਿਸ ਵਿਚ ਇਹ ਲਿਖਿਆ ਹੋਵੇ ਕਿ ਸਿੱਖਾਂ ਲਈ ਮਾਲਾ ਘਮਾਉਣੀ ਬੜੀ ਜ਼ਰੂਰੀ ਹੈ। ਸਿੱਖੀ ਵਿਚ ਕਈਆਂ ਨੇ ਸੂਤਰ ਤੇ ਕਈਆਂ ਨੇ ਲੋਹੇ ਦੀ ਮਾਲਾ ਜਾਂ ਸਿਮਰਨੇ ਨੂੰ ਪੱਕੇ ਤੌਰ ਤੇ ਹੀ ਅਪਨਾ ਲਿਆ ਹੈ। ਕੀ ਪਰਮਾਤਮਾ ਨੂੰ ਇਸ ਤਰ੍ਹਾਂ ਦੇ ਸਿਮਰਨ ਦੁਆਰਾ ਮਿਲਣ ਦਾ ਭਰਮ ਤਾਂ ਨਹੀਂ ਪਾਲ ਲਿਆ?

ਗੁਰਬਾਣੀ ਤਾਂ ਇਕ ਮਹਾਨ ਜੀਵਨ ਜਾਚ ਸੀ, ਪਰ ਦੇਖਣ ਵਿਚ ਕੁਝ ਹੋਰ ਹੀ ਆ ਰਿਹਾ ਹੈ। ਸਾਡਾ ਬ੍ਰਾਹਮਣ ਕੁਝ ਮੰਤ੍ਰ ਦੇਂਦਾ ਹੈ ਜਿਸ ਦੁਆਰਾ ਉਹ ਇਹ ਦਾਅਵਾ ਕਰਦਾ ਹੈ ਕਿ ਇਹ ਮੰਤ੍ਰ ਇਤਨੀ ਵਾਰ ਪੜ੍ਹਿਆਂ ਤੁਹਾਡਾ ਕਾਰਜ ਰਾਸ ਹੋ ਜਾਏਗਾ। ਗੁਰਬਾਣੀ ਵਿਚਾਰ ਪਰਚਾਰ ਦੀ ਘਾਟ ਕਰਕੇ ਸੰਕਟ ਮੋਚਨ ਦੀਆਂ ਪੁਸਤਕਾਂ ਸਿੱਖੀ ਵਿਚ ਵੀ ਆ ਗਈਆਂ ਹਨ। ਇਹ ਸ਼ਬਦ ਇਤਨੀ ਵਾਰ ਪੜ੍ਹ ਲਉ ਤੁਹਾਡਾ ਕਾਰਜ ਸਿੱਧ ਹੋ ਜਾਏਗਾ। ਇਕ ਪਰਚਾਰਕ ਵੀਰ ਦੀ ਕੈਸਟ ਸੁਣੀ ਜੋ ਇਹ ਕਹਿ ਰਿਹਾ ਸੀ ਕਿ ਜਪੁਜੀ ਸਾਹਿਬ ਦੀ ਇਹ ਪਉੜੀ ਪੜ੍ਹਣ ਨਾਲ ਤੁਹਾਡਾ ਮੁਕੱਦਮਾ ਜਿੱਤਿਆ ਜਾਏਗਾ। ਸਵਾਲ ਪੈਦਾ ਹੁੰਦਾ ਹੈ ਕਿ ਦੋਨੋਂ ਝਗੜੇ ਵਾਲੀਆਂ ਪਾਰਟੀਆਂ ਗੁਰੂ ਤੇ ਭਰੋਸਾ ਰੱਖਣ ਵਾਲੀਆਂ ਹੋਣ ਤੇ ਦੋਨੋਂ ਹੀ ਦੱਸੀ ਹੋਈ ਵਿਧੀ ਅਨੁਸਾਰ ਮੰਤ੍ਰਾਂ ਵਾਂਗ ਜਾਪ ਕਰਨ ਫਿਰ ਕੇਸ ਕਿਸ ਦਾ ਜਿੱਤਿਆ ਜਾਏਗਾ? ਏਥੇ ਹੀ ਬੱਸ ਨਹੀਂ ਪੂਰਨਮਾਸ਼ੀ ਦੀ ਕਥਾ ਗੁਰਦੁਆਰਿਆਂ ਵਿਚ ਹੋ ਰਹੀ ਹੈ।

ਕ੍ਰਿਪਾਨ ਇਕ ਸ਼ਸਤਰ ਸੀ ਪਰ ਤੁਸਾਂ ਜਨੇਊ ਦੀ ਤਰਜ਼ ਤੇ ਡੋਰੀ ਵਿਚ ਪਾ ਕੇ ਨਿਸ਼ਾਨੀ ਬਣਾ ਕੇ ਰੱਖ ਦਿੱਤਾ ਹੈ। ਕਈਆਂ ਨੇ ਤਾਂ ਕੰਘੇ ਵਾਲੀ ਕਿਰਪਾਨ ਨੂੰ ਹੀ ਕਕਾਰ ਮੰਨ ਲਿਆ ਹੋਇਆ ਹੈ। ਕੀ ਇਹ ਭਰਮ ਨਹੀਂ ਹੈ? ਵੀਰ ਜੀ ਮੈਨੂੰ ਤੇ ਇੰਜ ਲੱਗ ਰਿਹਾ ਹੈ ਜਿਵੇਂ ਕਿਸੇ ਡੂੰਘੀ ਸਾਜਸ਼ ਦੁਆਰਾ

**ਬਾਕੀ ਸਫਾ 14 'ਤੇ**



# ਮੋਰਚਾ 'ਗੁਰੂ ਕਾ ਬਾਗ'



-ਕੈਪਟਨ
**ਅਵਤਾਰ ਸਿੰਘ**
**97819-90206**

ਸਿੱਖ ਇਤਿਹਾਸ ਵਿਚ ਕੋਈ ਹੀ ਪੰਨਾ ਅਜਿਹਾ ਹੋਵੇਗਾ ਜੋ ਸ਼ਹਾਦਤਾਂ ਦੀ ਗਵਾਹੀ ਨਾ ਭਰਦਾ ਹੋਵੇ। ਸਿੱਖ ਸੰਗਤ ਗੁਰੂ ਗਰੰਥ ਸਾਹਿਬ ਅਤੇ ਆਪਣੇ ਧਾਰਮਿਕ ਸਥਾਨਾਂ ਨਾਲ ਅਥਾਹ ਪਿਆਰ, ਸਤਿਕਾਰ ਅਤੇ ਸ਼ਰਧਾ ਭਾਵਨਾ ਰੱਖਦੀ ਹੈ। ਗੁਰੂ ਗਰੰਥ ਸਾਹਿਬ ਤੋਂ ਹੀ ਸਿੱਖ ਨੂੰ ਹੱਕ-ਸੱਚ ਲਈ ਜੂਝਣ ਦੀ ਪ੍ਰੇਰਨਾ ਮਿਲਦੀ ਹੈ। ਇਹੋ ਹੀ ਕਾਰਨ ਰਿਹਾ ਹੈ ਕਿ ਹਮੇਸ਼ਾ ਸਮੇਂ ਦੇ ਹਾਕਮਾਂ ਦਾ ਇਹ ਰੁਝਾਨ ਰਿਹਾ ਹੈ ਕਿ ਸਿੱਖ ਧਰਮ ਦੇ ਇਨ੍ਹਾਂ ਗੁਰਧਾਮਾਂ ਤੋਂ ਸਿੱਖ ਸੰਗਤ ਨੂੰ ਕਿਸੇ ਨਾ ਕਿਸੇ ਤਰੀਕੇ ਤੋੜਿਆ ਜਾਵੇ। ਅੰਗਰੇਜ਼ਾਂ ਨੇ ਮੁਗ਼ਲਾਂ ਦੁਆਰਾ ਸਿੱਖਾਂ 'ਤੇ ਕੀਤੇ ਜ਼ੁਲਮਾਂ ਨੂੰ ਪੜ੍ਹਿਆ ਅਤੇ ਵੇਖਿਆ ਸੀ ਕਿ ਸਿੱਖ ਐਨੇ ਜ਼ੁਲਮ ਸਹਿ ਕੇ ਵੀ ਗੁਰਦੁਆਰਾ ਸਾਹਿਬ ਤੋਂ ਜਾਂ ਆਪਣੇ ਧਰਮ ਤੋਂ ਟੁੱਟੇ ਨਹੀਂ ਫਿਰ ਸਿੱਖਾਂ ਨੂੰ ਗੁਰਧਾਮਾਂ ਤੋਂ ਤੋੜਣ ਲਈ ਅਜਿਹੀ ਚਾਲ ਅੰਗਰੇਜ਼ੀ ਹਕੂਮਤ ਨੇ ਵੀ ਖੇਡੀ। ਉਨ੍ਹਾਂ ਨੇ ਗੁਰਦੁਆਰੇ 'ਤੇ ਕਾਬਜ਼ ਮਹੰਤਾਂ ਨੂੰ ਸਰਕਾਰੀ ਸ਼ਹਿ ਦਿੱਤੀ, ਜਿਸ ਦਾ ਸਿੱਟਾ ਇਹ ਨਿਕਲਿਆ ਕਿ ਮਹੰਤ ਸ਼ਰੇਆਮ ਗੁਰੂ ਘਰਾਂ ਵਿੱਚ ਗੁਰਮਤਿ ਦੇ ਉਲਟ ਗਤੀਵਿਧੀਆਂ ਕਰਨ ਲੱਗ ਪਏ ਸਨ। ਇਸ ਸਮੇਂ ਦੌਰਾਨ ਕੁੱਝ ਅਜਿਹੀਆਂ ਘਟਨਾਵਾਂ ਘਟੀਆਂ ਜਿਸ ਕਾਰਨ ਸਿੱਖ ਸੰਗਤ ਵਿੱਚ ਰੋਸ ਹੋਣਾ ਸੁਭਾਵਿਕ ਹੀ ਸੀ ਜਿਵੇਂ ਅੰਗਰੇਜ਼ ਸਰਕਾਰ ਦੇ ਹੁਕਮ ਮੰਨਣ ਵਾਲਿਆਂ ਦਾ ਦਰਬਾਰ ਸਾਹਿਬ 'ਤੇ ਕਬਜ਼ਾ ਹੋ ਗਿਆ ਸੀ, ਜਿਨ੍ਹਾਂ ਨੇ ਅੰਗਰੇਜ਼ ਸਰਕਾਰ ਦੀ ਸ਼ਹਿ 'ਤੇ ਕਲਕੱਤੇ ਦੇ ਬੱਜ-ਬੱਜ ਘਾਟ ਦੇ ਸ਼ਹੀਦਾਂ ਵਿਰੁੱਧ ਪਤਿਤ ਹੋਣ ਦਾ ਫ਼ਰਮਾਨ ਜਾਰੀ ਕੀਤਾ। ਦੂਜਾ ਜਲਿਆਂ ਵਾਲੇ ਬਾਗ ਦੇ ਖ਼ੂਨੀ ਸਾਕੇ ਦੇ ਜ਼ਿੰਮੇਵਾਰ ਅਫ਼ਸਰ ਜਨਰਲ ਡਾਇਰ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਪੁਜਾਰੀਆਂ ਵੱਲੋਂ ਸਿਰੋਪਾ ਦੇ ਕੇ ਸਨਮਾਨਿਤ ਕਰਨਾ ਸੀ। ਅਜਿਹੇ ਵਰਤਾਰੇ ਨੂੰ ਠੱਲ੍ਹ ਪਾਉਣ ਲਈ ਸਿੱਖ ਧਰਮ ਵਿੱਚ "ਗੁਰਦੁਆਰਾ ਸੁਧਾਰ ਲਹਿਰ" ਦਾ ਜਨਮ ਹੋਇਆ, ਜਿਸ ਨੇ ਸਿੱਖ ਸਮਾਜ ਵਿੱਚ ਇਕ ਨਵੀਂ ਜਾਗ੍ਰਿਤੀ ਲਿਆਂਦੀ। ਇਸ ਸਮੇਂ ਦੌਰਾਨ ਗੁਰਦੁਆਰੇ ਦੇ ਸੁਚੱਜੇ ਪ੍ਰਬੰਧ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੀ ਹੋਂਦ ਵਿੱਚ ਆ ਚੁੱਕੀ ਸੀ, ਜਿਸ ਨਾਲ ਪੰਥ ਨੂੰ ਇਕ ਕੇਂਦਰੀ ਮਜ਼ਬੂਤ ਜਥੇਬੰਦੀ ਪ੍ਰਾਪਤ ਹੋਈ।

**ਗੁਰੂ ਕੇ ਬਾਗ ਵਿਖੇ ਮਹੰਤ ਜਨ ਪਿਤਾ ਪੁਰਖੀ ਪ੍ਰਬੰਧ ਸੰਭਾਲਦੇ ਆ ਰਹੇ ਸਨ। ਇਸ ਗੁਰਦੁਆਰੇ ਦਾ ਪ੍ਰਬੰਧ ਮਹੰਤ ਸੁੰਦਰ ਦਾਸ ਕੋਲ ਸੀ, ਜੋ ਕਿ ਗਿਰੇ ਹੋਏ ਇਖ਼ਲਾਕ ਦਾ ਮਾਲਕ ਸੀ। ਇਸ ਕਾਰਨ ਸੰਗਤ ਗੁਰਦੁਆਰੇ ਦਾ ਪ੍ਰਬੰਧ ਉਸ ਤੋਂ ਵਾਪਸ ਲੈਣਾ ਚਾਹੁੰਦੀ ਸੀ ਪਰ ਅੰਗਰੇਜ਼ ਸਰਕਾਰ ਕਦੇ ਵੀ ਨਹੀਂ ਚਾਹੁੰਦੀ ਸੀ ਕਿ ਮਹੰਤ ਤੋਂ ਇਸ ਗੁਰੂ ਘਰ ਦਾ ਪ੍ਰਬੰਧ ਨਿਕਲ ਕੇ ਸਿੱਖਾਂ ਦੇ ਹੱਥਾਂ ਵਿੱਚ ਚਲਾ ਜਾਏ। ਇਸ ਹੀ ਸੰਦਰਭ ਵਿੱਚ ਮੋਰਚਾ "ਗੁਰੂ ਕਾ ਬਾਗ" ਵਾਪਰਿਆ, ਜਿਸ ਵਿੱਚ ਅੰਗਰੇਜ਼ ਸਰਕਾਰ ਮਹੰਤ ਸੁੰਦਰ ਦਾਸ ਦੀ ਪਿੱਠ 'ਤੇ ਆਣ ਖੜੋਤੀ। ਉੱਧਰ ਸਿੱਖ ਵੀ ਆਪਣੀ ਇਸ ਮੰਗ ਤੇ ਦ੍ਰਿੜ੍ਹ ਇਰਾਦੇ ਨਾਲ ਡਟੇ ਹੋਏ ਸਨ। ਜਦੋਂ ਸੰਗਤ 31 ਜਨਵਰੀ 1921 ਨੂੰ ਜਥੇਦਾਰ ਕਰਤਾਰ ਸਿੰਘ ਝੱਬਰ ਦੀ ਅਗਵਾਈ ਹੇਠ ਮਹੰਤ ਸੁੰਦਰ ਦਾਸ ਤੋਂ ਪ੍ਰਬੰਧ ਵਾਪਸ ਲੈਣ ਲਈ ਘੁਕੇਵਾਲੀ ਪਹੁੰਚ ਗਈ ਤਾਂ ਮਹੰਤ ਸੁੰਦਰ ਦਾਸ ਨੇ ਸਮੇਂ ਦੀ ਨਜ਼ਾਕਤ ਨੂੰ ਸਮਝਦੇ ਹੋਏ ਲਿਖਤੀ ਮਾਫ਼ੀ ਮੰਗ ਲਈ।**

ਗੁਰਦੁਆਰਾ ਗੁਰੂ ਕਾ ਬਾਗ ਸ੍ਰੀ ਅੰਮ੍ਰਿਤਸਰ ਸਾਹਿਬ ਤੋਂ ਉੱਤਰ ਦਿਸ਼ਾ ਵੱਲ 21 ਕਿਲੋਮੀਟਰ ਦੂਰੀ 'ਤੇ ਪਿੰਡ ਘੁੱਕੇਵਾਲੀ 'ਚ ਸੁਭਾਇਮਾਨ ਹੈ। ਇਹ ਸਥਾਨ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਨੌਵੇਂ ਸਤਿਗੁਰੂ ਗੁਰੂ ਤੇਗ ਬਹਾਦਰ ਜੀ ਦੀ ਚਰਨ ਛੋਹ ਪ੍ਰਾਪਤ ਹੈ। ਇਸ

ਸਥਾਨ ਦਾ ਪੁਰਾਣਾ ਨਾਂ 'ਗੁਰੂ ਕੀ ਰੌੜ' ਸੀ, ਜੋ ਗੁਰੂ ਅਰਜਨ ਦੇਵ ਜੀ ਦੇ ਇਸ ਬੇਅਬਾਦ ਥਾਂ 'ਤੇ ਟਿਕਾਣਾ ਕਰਨ ਕਰਕੇ ਪ੍ਰਚਲਤ ਹੋਇਆ ਸੀ। ਰੌੜ ਦਾ ਅਰਥ ਹੈ 'ਰੜਾ ਮੈਦਾਨ'। ਇਲਾਕੇ ਦੀ ਜ਼ਮੀਨ ਵਿੱਚ ਕੱਲਰ ਹੋਣ ਕਰਕੇ ਇਥੇ ਕੋਈ ਰੁੱਖ ਜਾਂ ਫਸਲ ਨਹੀਂ ਹੁੰਦੀ ਸੀ ਤੇ ਸਹਿੰਸਰੇ ਪਿੰਡ ਦੇ ਆਸ-ਪਾਸ ਦਾ ਇਹ ਇਲਾਕਾ ਰੜਾ ਮੈਦਾਨ ਸੀ। ਸੰਨ 1585 ਈ ਨੂੰ ਪਿੰਡ ਸਹਿੰਸਰੇ ਦੀ ਸੰਗਤ ਗੁਰੂ ਅਰਜਨ ਦੇਵ ਪਾਤਸ਼ਾਹ ਜੀ ਨੂੰ ਆਪਣੇ ਪਿੰਡ 'ਚ ਭਰਦੇ ਸਲਾਨਾ ਮੇਲੇ ਵਿਚ ਲੈ ਗਈ ਤਾਂ ਗੁਰੂ ਜੀ ਨੇ ਇਥੇ ਰੌੜ 'ਚ ਟਿਕਾਣਾ ਕੀਤਾ। ਇਥੇ ਹੀ ਮੰਡੀ ਦਾ ਰਾਜਾ ਗੁਰੂ ਜੀ ਦੇ ਦਰਸ਼ਨਾਂ ਲਈ ਆਇਆ ਸੀ।

ਰੜੇ ਥਾਂ 'ਤੇ ਟਿਕਾਣਾ ਕਰਨ ਕਰਕੇ ਇਸ ਸਥਾਨ ਦਾ ਨਾਂ ਰੌੜ ਤੋਂ 'ਗੁਰੂ ਕੀ ਰੌੜ' ਪ੍ਰਚੱਲਤ ਹੋ ਗਿਆ। ਨੌਵੇਂ ਜਾਮੇ ਵਿਚ ਗੁਰੂ ਤੇਗ ਬਹਾਦਰ ਜੀ ਦਰਬਾਰ ਸਾਹਿਬ ਅੰਮ੍ਰਿਤਸਰ ਤੋਂ ਬਾਅਦ ਪਿੰਡ ਵਲੇ ਗਏ ਤੇ ਫਿਰ ਇਸ ਸਥਾਨ 'ਤੇ ਟਿਕਾਣਾ ਕੀਤਾ। ਇਥੇ "ਗੁਰੂ ਕੀ ਰੌੜ" ਵਿਖੇ ਅੰਬਾਂ ਦਾ ਬਾਗ ਲਗਵਾਇਆ। ਉਸ ਦਿਨ ਪਿੱਛੋਂ ਇਸ ਸਥਾਨ ਦਾ ਨਾਂ **'ਗੁਰੂ ਕਾ ਬਾਗ'** ਹੋਇਆ।

ਗੁਰੂ ਘਰ ਦੇ ਸੇਵਾਦਾਰ ਭਾਈ ਘੁੱਖਾ ਜੀ ਨੇ ਨੇੜੇ ਪਿੰਡ ਘੁੱਕੇਵਾਲੀ ਬੰਨਿਆ ਤੇ ਗੁਰੂ ਸਾਹਿਬ ਜੀ ਦੀ ਯਾਦ 'ਚ ਇਮਾਰਤ ਬਣਵਾਈ। ਇਸ ਸਥਾਨ 'ਤੇ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਲੰਮਾ ਸਮਾਂ ਟਿਕਾਣਾ ਕਰਕੇ ਇਕ ਬਾਉਲੀ ਖੁਦਵਾਈ ਅਤੇ ਬਾਗ ਵਿਚ ਖੂਹ ਲਗਵਾਇਆ।

ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਜੀ ਨੇ ਗੁਰੂ-ਯਾਦ ਵਿਚ ਇਸ ਸਥਾਨ 'ਤੇ ਸੁੰਦਰ ਗੁਰਦੁਆਰਾ ਸਾਹਿਬ ਬਣਾਇਆ ਤੇ ਗੁਰਦੁਆਰੇ ਦੇ ਨਾਂ ਜਗੀਰ ਲਵਾਈ। ਇਸ ਅਸਥਾਨ 'ਤੇ ਪੱਕੇ ਸਰੋਵਰ ਦੀ ਸੇਵਾ ਸ. ਲਹਿਣਾ ਸਿੰਘ ਮਜੀਠੀਆ ਨੇ ਕਰਵਾਈ। ਗੁਰੂ ਕਾਲ ਤੋਂ ਹੀ ਗੁਰਦੁਆਰਾ ਸਾਹਿਬਾਨ ਦਾ ਪ੍ਰਬੰਧ ਉਦਾਸੀ ਮਹਾਂਪੁਰਖ ਸੰਭਾਲਦੇ ਆ ਰਹੇ ਸਨ। ਸਮੇਂ ਨਾਲ ਉਨ੍ਹਾਂ ਦੇ ਆਚਰਨ 'ਚ ਭਾਰੀ ਵਿਗਾੜ ਪੈਦਾ ਹੋ ਗਿਆ। ਅੰਗਰੇਜ ਸਰਕਾਰ ਦੀ ਸਿਆਸੀ ਸ਼ਹਿ ਹੋਣ ਕਰਕੇ ਕੁਝ ਮਹੰਤ ਮਨਮਾਨੀਆਂ ਕਰਨ ਲੱਗੇ। ਗੁਰੂ ਕੇ ਬਾਗ ਵਿਖੇ ਮਹੰਤ ਜਨ ਪਿਤਾ ਪੁਰਖੀ ਪ੍ਰਬੰਧ ਸੰਭਾਲਦੇ ਆ ਰਹੇ ਸਨ। ਇਸ ਗੁਰਦੁਆਰੇ ਦਾ ਪ੍ਰਬੰਧ ਮਹੰਤ ਸੁੰਦਰ ਦਾਸ ਕੋਲ ਸੀ, ਜੋ ਕਿ ਗਿਰੇ ਹੋਏ ਇਖ਼ਲਾਕ ਦਾ ਮਾਲਕ ਸੀ। ਇਸ ਕਾਰਨ ਸੰਗਤ ਗੁਰਦੁਆਰੇ ਦਾ ਪ੍ਰਬੰਧ ਉਸ ਤੋਂ ਵਾਪਸ ਲੈਣਾ ਚਾਹੁੰਦੀ ਸੀ ਪਰ ਅੰਗਰੇਜ਼ ਸਰਕਾਰ ਕਦੇ ਵੀ ਨਹੀਂ ਚਾਹੁੰਦੀ ਸੀ ਕਿ ਮਹੰਤ ਤੋਂ ਇਸ ਗੁਰੂ ਘਰ ਦਾ ਪ੍ਰਬੰਧ ਨਿਕਲ ਕੇ ਸਿੱਖਾਂ ਦੇ ਹੱਥਾਂ ਵਿੱਚ ਚਲਾ ਜਾਏ। ਇਸ ਹੀ ਸੰਦਰਭ ਵਿੱਚ ਮੋਰਚਾ "ਗੁਰੂ ਕਾ ਬਾਗ" ਵਾਪਰਿਆ, ਜਿਸ ਵਿੱਚ ਅੰਗਰੇਜ਼ ਸਰਕਾਰ ਮਹੰਤ ਸੁੰਦਰ ਦਾਸ ਦੀ ਪਿੱਠ 'ਤੇ ਆਣ ਖੜੋਤੀ। ਉੱਧਰ ਸਿੱਖ ਵੀ ਆਪਣੀ ਇਸ ਮੰਗ ਤੇ ਦ੍ਰਿੜ੍ਹ ਇਰਾਦੇ ਨਾਲ ਡਟੇ ਹੋਏ ਸਨ। ਜਦੋਂ ਸੰਗਤ 31 ਜਨਵਰੀ 1921 ਨੂੰ ਜਥੇਦਾਰ ਕਰਤਾਰ ਸਿੰਘ ਝੱਬਰ ਦੀ ਅਗਵਾਈ ਹੇਠ ਮਹੰਤ ਸੁੰਦਰ ਦਾਸ ਤੋਂ ਪ੍ਰਬੰਧ ਵਾਪਸ ਲੈਣ ਲਈ ਘੁਕੇਵਾਲੀ ਪਹੁੰਚ ਗਈ ਤਾਂ ਮਹੰਤ ਸੁੰਦਰ ਦਾਸ ਨੇ ਸਮੇਂ ਦੀ ਨਜ਼ਾਕਤ ਨੂੰ ਸਮਝਦੇ ਹੋਏ ਲਿਖਤੀ ਮਾਫ਼ੀ ਮੰਗ ਲਈ ਅਤੇ ਹੇਠ ਲਿਖੀਆਂ ਸ਼ਰਤਾਂ ਵੀ ਮੰਨ ਲਈਆਂ: 1. ਮਹੰਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਨਾਮਜ਼ਦ ਕਮੇਟੀ ਅਧੀਨ ਕੰਮ ਕਰੇਗਾ। 2. ਉਹ ਅੰਮ੍ਰਿਤ ਛੱਕ ਕੇ ਸਿੰਘ ਸਜੇਗਾ। 3. ਉਹ ਆਪਣੇ ਨਾਲ ਰੱਖੀ ਇਸਤਰੀ ਨਾਲ ਅਨੰਦ ਕਾਰਜ ਕਰਵਾ ਲਵੇਗਾ ਤੇ ਹੋਰ ਕਿਸੇ ਪਰਾਈ ਇਸਤਰੀ ਨਾਲ ਨਾਜਾਇਜ਼ ਸਬੰਧ ਨਹੀਂ ਰੱਖੇਗਾ। ਫਰਵਰੀ 1922 ਨੂੰ ਮਹੰਤ ਨਾਲ ਹੋਏ ਮੁੜ ਸਮਝੌਤੇ ਅਨੁਸਾਰ ਗੁਰਦੁਆਰਾ ਗੁਰੂ ਕਾ ਬਾਗ ਦਾ ਸਾਰਾ ਕਬਜ਼ਾ ਦੇਣ ਬਦਲੇ 120 ਰੁਪਏ ਮਹੀਨਾ ਪੈਨਸ਼ਨ ਤੇ ਅੰਮ੍ਰਿਤਸਰ ਵਿੱਚ ਰਿਹਾਇਸ਼ ਲਈ ਮਕਾਨ ਲੈਣ ਲਈ ਰਾਜ਼ੀ ਹੋ ਗਿਆ ਪਰ ਕੁੱਝ ਮਹੀਨੇ ਬਾਅਦ ਫਿਰ ਮਹੰਤ ਮੁੱਕਰ ਗਿਆ।

ਅਗਸਤ 1922 ਨੂੰ ਪੁਲੀਸ ਅਤੇ ਮਹੰਤ ਦੀ ਚਾਲ ਨੇ ਅਦਾਲਤ ਰਾਹੀਂ ਪੰਜ ਸਿੰਘਾਂ ਨੂੰ ਲੰਗਰ ਲਈ ਗੁਰੂ ਘਰ ਦੀ ਮਲਕੀਅਤ ਵਾਲੀ ਜ਼ਮੀਨ ਵਿੱਚੋਂ ਲੱਕੜਾਂ ਵੱਢ ਕੇ ਲਿਆਉਣ ਦੇ ਦੋਸ਼ ਹੇਠ ਛੇ-ਛੇ ਮਹੀਨੇ ਦੀ ਕੈਦ ਅਤੇ ਪੰਜਾਹ-ਪੰਜਾਹ ਰੁਪਏ ਜੁਰਮਾਨਾ ਕਰਵਾ ਦਿੱਤਾ। ਜਿਸ ਦੇ ਸਿੱਟੇ ਵਜੋਂ ਮੋਰਚਾ 'ਗੁਰੂ ਕਾ ਬਾਗ' ਆਰੰਭ ਹੋ ਗਿਆ। ਆਰੰਭ ਵਿੱਚ ਪੰਜ-ਪੰਜ ਸਿੰਘਾਂ ਦੇ ਜਥੇ ਜਾਣ ਲੱਗੇ ਫਿਰ ਸੌ-ਸੌ ਦੇ ਜਥੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਅਰਦਾਸ ਕਰ ਕੇ ਸ਼ਾਂਤਮਈ ਤਰੀਕੇ ਨਾਲ ਆਪਣਾ ਵਿਰੋਧ ਪ੍ਰਗਟ ਕਰਨ ਲਈ ਜਾਣ ਲੱਗੇ। ਮੌਕੇ ਦਾ ਅਫ਼ਸਰ ਐੱਸਜੀਐੱਸ ਬੀਟੀ ਜਥੇ ਵਿੱਚ ਆਏ ਸਿੱਖਾਂ 'ਤੇ ਉਸ ਸਮੇਂ ਤੱਕ ਤਸ਼ੱਦਦ ਢਾਹੁੰਦਾ ਜਦੋਂ ਤੱਕ ਅਕਾਲੀ ਬੇਸੁੱਧ ਹੋ ਕੇ ਜ਼ਮੀਨ ਤੇ ਡਿਗ ਨਾ ਪੈਂਦੇ। ਕਾਫੀ ਜ਼ੁਲਮ ਸਹਿਣ ਤੋਂ ਬਾਅਦ ਵੀ ਸਿੱਖ ਜਥਿਆਂ ਦੇ ਹੌਸਲੇ ਅਤੇ ਗਿਣਤੀ ਵਿੱਚ ਕੋਈ ਕਮੀ ਨਹੀਂ ਆਈ। ਇਸ ਅੰਨ੍ਹੇ ਤਸ਼ੱਦਦ ਦੀਆਂ ਖ਼ਬਰਾਂ ਦੇਸ਼ ਵਿਦੇਸ਼ ਦੀਆਂ ਅਖ਼ਬਾਰਾਂ ਵਿੱਚ ਪ੍ਰਕਾਸ਼ਿਤ ਹੋਣ ਲੱਗੀਆਂ। ਲਾਹੌਰ ਤੋਂ ਛਪਦੇ ਅੰਗਰੇਜ਼ੀ ਅਖ਼ਬਾਰ 'ਦਿ ਟ੍ਰਿਬਿਊਨ' ਨੇ ਤਾਂ ਇਕ ਵਿਸ਼ੇਸ਼ ਕਾਲਮ 'ਗੁਰੂ ਕੇ ਬਾਗ ਦਾ ਮਾਮਲਾ' ਸ਼ੁਰੂ ਕੀਤਾ ਹੋਇਆ ਸੀ ਤਾਂ ਜੋ ਰੋਜ਼ ਹੋਣ ਵਾਲੇ ਘਟਨਾਕ੍ਰਮ ਦੀ ਸੂਚਨਾ ਆਪਣੇ ਪਾਠਕਾਂ ਤੱਕ ਪਹੁੰਚ ਸਕੇ। ਹੋਰਨਾਂ ਅਖ਼ਬਾਰਾਂ ਵਿੱਚ ਵਿਦੇਸ਼ੀ ਅਖ਼ਬਾਰ 'ਮਾਨਚੈਸਟਰ ਗਾਰਡੀਅਨ', 'ਲੰਡਨ ਟਾਈਮਜ਼', 'ਨੈਸ਼ਨਲ ਹੈਰਲਡ' ਆਦਿ ਸ਼ਾਮਿਲ ਸਨ, ਜੋ ਇਸ ਸਾਕੇ ਦੀਆਂ ਖ਼ਬਰਾਂ ਵਿਸ਼ੇਸ਼ ਕਰ ਕੇ ਆਪਣੇ ਅੰਕ ਵਿੱਚ ਛਾਪਦੇ ਸਨ। ਅਮਰੀਕਾ ਤੋਂ ਆਏ ਕੈਪਟਨ ਏ.ਐਲ.ਵਰਗੀਜ਼ ਨੇ 12 ਅਤੇ 13 ਸਤੰਬਰ ਨੂੰ 'ਗੁਰੂ ਕੇ ਬਾਗ' ਵਿਖੇ ਪੁਲੀਸ ਜਬਰ-ਜ਼ੁਲਮ ਦੀ ਫ਼ਿਲਮ ਬਣਾਈ। ਜਦੋਂ ਇਹ ਫ਼ਿਲਮ ਅਮਰੀਕਾ ਵਿੱਚ ਵਿਖਾਈ ਗਈ ਤਾਂ ਦਰਸ਼ਕਾਂ ਦੇ ਮਨਾਂ ਵਿੱਚ ਸਿੱਖ ਭਾਈਚਾਰੇ ਪ੍ਰਤੀ ਹਮਦਰਦੀ ਪੈਦਾ ਹੋਣੀ ਸ਼ੁਰੂ ਹੋ ਗਈ।

ਪਾਦਰੀ ਸੀ.ਐੱਫ.ਐਂਡਰਿਊ ਨੇ ਲੈਫ਼ਟੀਨੈਂਟ ਗਵਰਨਰ ਨੂੰ ਪੁਲੀਸ ਦੀ ਇਸ ਕਾਰਵਾਈ ਤੋਂ ਜਾਣੂ ਕਰਵਾਇਆ। ਗਵਰਨਰ ਸਰ ਐਡਵਰਡ ਮੈਕਲਾਗਨ 13 ਸਤੰਬਰ 1922 ਨੂੰ 'ਗੁਰੂ ਕਾ ਬਾਗ' ਪਹੁੰਚਿਆ ਤੇ ਉਸ ਦੇ ਹੁਕਮ ਨਾਲ ਇਹ ਜ਼ੁਲਮ ਬੰਦ ਹੋ ਗਿਆ। 17 ਨਵੰਬਰ 1922 ਤਕ ਸਰਕਾਰ ਵੱਲੋਂ ਗ੍ਰਿਫ਼ਤਾਰ ਕੀਤੇ ਅੰਦੋਲਨਕਾਰੀਆਂ ਦੀ ਗਿਣਤੀ 5600 ਤੋਂ ਵੀ ਵੱਧ ਹੋ ਗਈ ਸੀ ਪਰ ਗੁਰੂ ਦੇ ਸਿੰਘ ਕਾਫ਼ਲਿਆਂ ਦੇ ਰੂਪ ਵਿੱਚ ਬਿਨਾਂ ਕਿਸੇ ਡਰ ਦੇ ਖ਼ੁਸ਼ੀ-ਖ਼ੁਸ਼ੀ ਗ੍ਰਿਫ਼ਤਾਰੀ ਦੇਣ ਆ ਰਹੇ ਸਨ। ਸਰਕਾਰ ਹੁਣ ਕਿਸੇ ਨਾ ਕਿਸੇ ਰੂਪ ਵਿੱਚ ਅਕਾਲੀਆਂ ਨਾਲ ਸਮਝੌਤਾ ਕਰਨਾ ਚਾਹੁੰਦੀ ਸੀ। ਅੰਤ ਸਰਕਾਰ ਨੇ ਇਕ ਸਮਝੌਤੇ ਦਾ ਰਾਹ ਲੱਭ ਲਿਆ, ਜਿਸ ਅਨੁਸਾਰ ਰਿਟਾਇਰਡ ਇੰਜਨੀਅਰ ਰਾਏ ਬਹਾਦਰ ਸਰ ਗੰਗਾ ਰਾਮ ਲਾਹੌਰ ਨੇ ਮਹੰਤ ਕੋਲੋਂ ਜ਼ਮੀਨ ਠੇਕੇ ਉੱਤੇ ਕਾਗ਼ਜ਼ਾਂ ਵਿੱਚ ਲੈ ਲਈ। ਉਸ ਨੇ ਸਰਕਾਰ ਨੂੰ ਲਿਖ ਕੇ ਦੇ ਦਿੱਤਾ ਕਿ ਉਸ ਨੂੰ ਪੁਲੀਸ ਬਲ ਦੀ ਲੋੜ ਨਹੀਂ ਅਤੇ ਨਾ ਹੀ ਉਸ ਨੂੰ ਸਿੰਘਾਂ ਦੁਆਰਾ ਗੁਰੂ ਕੇ ਲੰਗਰ ਲਈ ਲੋੜੀਂਦੇ ਬਾਲਣ ਵੱਢਣ 'ਤੇ ਕੋਈ ਇਤਰਾਜ਼ ਹੈ। ਇਸ ਤਰ੍ਹਾਂ 18 ਨਵੰਬਰ 1922 ਨੂੰ ਲਗਭਗ ਤਿੰਨ ਮਹੀਨੇ ਬਾਅਦ ਮੋਰਚਾ 'ਗੁਰੂ ਕਾ ਬਾਗ' ਫ਼ਤਹਿ ਹੋ ਗਿਆ। ਮੋਰਚੇ ਵਿੱਚ ਖ਼ਾਲਸਾ ਪੰਥ ਦੁਆਰਾ ਜਿਸ ਸਬਰ-ਸੰਤੋਖ ਅਤੇ ਦ੍ਰਿੜ੍ਹਤਾ ਨਾਲ ਅਕਹਿ ਅਤੇ ਅਸਹਿ ਤਸ਼ੱਦਦ ਝੱਲ ਕੇ ਗੁਰੂ ਘਰ ਅਜ਼ਾਦ ਕਰਵਾਇਆ ਗਿਆ ਉਸ ਦੀ ਪੂਰੀ ਦੁਨੀਆ ਵਿੱਚ ਪ੍ਰਸੰਸਾ ਹੋਈ। ਗੁਰਦੁਆਰਾ ਗੁਰੂ ਕਾ ਬਾਗ ਵਿਖੇ ਅੱਜ ਵੀ 35 ਕਨਾਲ ਜ਼ਮੀਨ ਵਿਚ ਇਤਿਹਾਸਕ ਬਾਗ ਮੌਜੂਦ ਹੈ। ਜਿਥੇ ਅੱਜ ਵੀ ਬੇਅੰਤ ਸੰਗਤਾਂ ਨਤਮਸਤਕ ਹੁੰਦੀਆਂ ਹਨ।

-0-

# ਬੇਅਦਬੀ ਦੇ ਵਿਭਿੰਨ ਪਾਸਾਰ ਅਤੇ ਸਾਡੀਆਂ ਸ਼੍ਰੋਮਣੀ ਸੰਸਥਾਵਾਂ

ਕੁਲਵੰਤ ਕੌਰ (ਡਾ.)
98156-20515

ਬੇਅਦਬੀ ਹੁਣ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ, ਸਥਾਨ, ਪੰਨਿਆਂ ਦੀ ਚੀਰ-ਫਾੜ, ਗੁਟਕਿਆਂ ਨੂੰ ਪੜਨ ਤੇ ਖਿਲਾਰਨ ਜਾਂ ਧਾਰਮਿਕ ਪੋਥੀਆਂ ਬੇਅਬਰੂ ਕਰਨ ਤੱਕ ਹੀ ਸੀਮਤ ਨਹੀਂ ਰਹਿ ਗਈ ਸਗੋਂ ਹੋਰ ਨਵੇਂ ਨਵੇਂ ਸਾਧਨਾਂ, ਢੰਗਾਂ, ਤਰੀਕਿਆਂ ਨਾਲ ਵੀ ਕੀਤੀ ਤੇ ਕਰਵਾਈ ਜਾਣ ਲੱਗੀ ਹੈ। ਸੋਸ਼ਲ ਮੀਡੀਆ ਪਲੇਟਫਾਰਮਾਂ ਦੇ ਢਹੇ ਚੜ੍ਹ ਕੇ ਤਰੱਕੀ ਦੀਆਂ ਤੇਜ਼ ਪੌੜੀਆਂ ਸਰ ਕਰ ਲੈਣ ਦਾ ਭਰਮ ਪਾਲੀ ਬੈਠੇ ਕੁਝ ਆਪਹੁਦਰੇ ਤੇ ਸਨਕੀ ਲੋਕ ਤਾਂ ਸਭ ਹੱਦਾਂ ਬੰਨੇ ਉਲੰਘ ਗਏ ਜਾਪਦੇ ਹਨ। ਗੁਰਬਾਣੀ ਅਜਿਹੇ ਹੋਛਿਆਂ, ਕਮੀਨਿਆਂ, ਫੁਕਰਿਆਂ ਤੇ ਮਨਮਤੀਆਂ ਨੂੰ ਪੁਕਾਰ ਪੁਕਾਰ ਕੇ ਸਮਝਾਉਣ ਲਈ ਜਤਨਸ਼ੀਲ ਹੈ :-

**ਇਕਿ ਵਲੁ ਛਲੁ ਕਰਿ ਕੈ ਖਾਵਦੇ ਮੁਹਹੁ ਕੂੜੁ ਕੁਸਤੁ ਤਿਨੀ ਢਾਹਿਆ॥ (85)**

ਦੁਰਲੱਭ ਮਨੁੱਖਾ ਜੂਨੀ ਪ੍ਰਾਪਤ ਕਰਕੇ, ਓਸ ਦਾਤਾਰ ਦੀਆਂ ਬਖ਼ਸ਼ਸ਼ਾਂ ਤੋਂ ਬੇਖ਼ਬਰ ਲੋਕਾਂ ਨੂੰ ਸੱਚੇ ਪਾਤਿਸ਼ਾਹ ਇੰਵ ਮੁਖ਼ਾਤਿਬ ਹਨ :-

**ਅਕਿਰਤਘਣੈ ਕਉ ਰਖੈ ਨ ਕੋਈ ਨਰਕ ਘੋਰ ਮਹਿ ਪਾਵਣਾ ॥ (1086)**

ਉਂਵ ਤਾਂ 1604 ਈਸਵੀ ਤੋਂ ਹੀ ਗੁਰਬਾਣੀ ਦੇ ਦੋਖੀਆਂ ਦੇ ਸਾਜਸੀ ਜਤਨ ਸਾਹਮਣੇ ਆਉਣ ਲੱਗ ਪਏ ਸਨ ਪਰ ਪੰਚਮ ਪਾਤਿਸ਼ਾਹ ਦੀ ਸ਼ਹੀਦੀ, ਰਾਮ ਰਾਇ ਵਲੋਂ ਗੁਰਬਾਣੀ ਦੀਆਂ ਤੁਕਾਂ ਬਦਲਣ ਦੀ ਗ਼ਲਤੀ ਅਤੇ ਸਰਕਾਰੇ ਦਰਬਾਰੇ ਸ਼ਿਕਵੇ ਸ਼ਿਕਾਇਤਾਂ ਕਰਕੇ ਤਵੱਜੋਂ ਦੇ ਪਾਤਰ ਬਣਨ ਵਾਲਿਆਂ ਦੀ ਸੂਚੀ ਕਾਫੀ ਲੰਮੀ ਹੈ। ਆਜ਼ਾਦ ਮੁਲਕ ਵਿਚ, 2007 ਤੋਂ ਵਿਧੀਵਤ ਢੰਗ ਨਾਲ ਸ਼ੁਰੂ ਹੋਇਆ ਬੇਅਦਬੀ ਦਾ ਸਿਲਸਿਲਾ, ਹੁਣ ਤੱਕ ਬਾਦਸਤੂਰ ਜਾਰੀ ਹੈ- ਟੌਇਲਟ ਸੀਟਾਂ ਦੇ ਕਵਰਾਂ 'ਤੇ ਸ੍ਰੀ ਦਰਬਾਰ ਸਾਹਿਬ ਦੀਆਂ ਫੋਟੋਜ਼, ਹੱਥ ਪੂੰਝਣ ਵਾਲੇ ਨੈਪਕਿਨਾਂ 'ਤੇ ਸਾਡੇ ਸਤਿਕਾਰਤ ਧਾਰਮਿਕ ਚਿੰਨਾਂ ਦੀ ਛਪਾਈ ਅਤੇ ਬਹੁਰੂਪੀਏ ਪਾਖੰਡੀਆਂ ਵਲੋਂ ਪੈਰ-ਪੈਰ 'ਤੇ ਸਾਨੂੰ ਜ਼ਲੀਲ ਕਰਨ ਦੀ ਹਿਮਾਕਤ ਕੀਤੀ ਗਈ ਹੈ ਪਰ ਕੁੱਤੀ ਦੇ ਚੋਰਾਂ ਨਾਲ ਰਲੇ ਹੋਣ ਕਾਰਨ ਇਨ੍ਹਾਂ ਬੇਅਦਬੀਆਂ 'ਤੇ ਰੋਕ ਨਹੀਂ ਲਗਾਈ ਜਾ ਸਕੀ। ਕਹਿਣ ਨੂੰ ਤਾਂ ਕਈ ਪੜਤਾਲੀਆ ਕਮੇਟੀਆਂ ਬਿਠਾਈਆਂ ਗਈਆਂ ਪਰੰਤੂ ਪਰਨਾਲਾ ਉੱਥੇ ਦਾ ਉੱਥੇ ਹੀ ਰਿਹਾ, ਬੇਅਦਬੀਆਂ ਨੂੰ ਕਦੇ ਠੱਲ ਨਾ ਪਾਈ ਜਾ ਸਕੀ। ਕਰਨ ਕਰਾਉਣ ਵਾਲਿਆਂ ਦਾ ਹਸ਼ਰ ਹਮੇਸ਼ਾ ਬਦ ਤੋਂ ਬਦਤਰ ਹੁੰਦਾ ਚਲੇ ਗਿਆ, ਸਰਕਾਰਾਂ ਟੁੱਟ ਗਈਆਂ, ਮੂੰਹ ਜ਼ੋਰ ਆਗੂ ਹਾਸ਼ੀਏ ਤੇ ਪਹੁੰਚਾ ਦਿੱਤੇ ਗਏ। ਮਹਾਨ ਕਰਾਂਤੀਕਾਰੀ ਭਗਤ ਕਬੀਰ ਸਾਹਿਬ ਨੇ ਕੇਡਾ ਭਾਵਪੂਰਤ ਫ਼ੁਰਮਾਨ ਕੀਤਾ ਹੈ : -

**ਆਪਸ ਕਉ ਦੀਰਘੁ ਕਰਿ ਜਾਨੈ ਅਉਰਨ ਕਉ ਲਗ ਮਾਤ ॥**

**ਮਨਸਾ ਬਾਚਾ ਕਰਮਨਾ ਮੈ ਦੇਖੇ ਦੋਜਕ ਜਾਤ ॥ (1105)**

ਸਤਿਗੁਰੂ ਸਾਹਿਬਾਨ ਦੀ ਆਮਦ ਨਾਲ, ਪੰਜਾਬ, ਦੁਨੀਆ ਦਾ ਅਜਿਹਾ ਖਿੱਤਾ ਬਣਦਾ ਚਲੇ ਗਿਆ, ਜਿਸ ਦੇ ਜੰਮਿਆਂ ਜ਼ਾਇਆਂ ਨੇ ਇਤਿਹਾਸ ਦੇ ਵਹਿਣ ਹੀ ਬਦਲ ਦਿੱਤੇ। ਧਾੜਵੀਆਂ, ਜਰਵਾਣਿਆਂ ਤੇ ਹਮਲਾਵਰਾਂ ਵਲੋਂ ਲੁੱਟ-ਖਸੁੱਟ, ਬਦਅਮਨੀ ਤੇ ਜ਼ੁਲਮੋ ਤਸ਼ੱਦਦ ਦਾ ਗੜ੍ਹ ਬਣਾ ਦਿੱਤੀ ਗਈ ਇਸ ਜਰਖ਼ੇਜ਼ ਧਰਤੀ ਤੇ, 1469 ਈਸਵੀ ਵਿਚ ਅਜਿਹਾ ਅਲੌਕਿਕ ਸੂਰਜ ਚੜ੍ਹਿਆ ਜਿਸ ਦੀਆਂ ਕਿਰਨਾਂ ਨੇ ਸਾਰੇ ਹਿੰਦੁਸਤਾਨ ਤੋਂ ਅੱਡਰਾ, ਨਿਵੇਕਲਾ ਤੇ ਨਾਯਾਬ ਪੰਜਾਬ ਸਿਰਜ ਦਿੱਤਾ - ਗ਼ੈਰਤ, ਸੂਰਬੀਰਤਾ, ਅਣਖ, ਸਵੈਮਾਣ, ਜ਼ਮੀਰ ਅਤੇ ਨਾਬਰੀ ਜਿਸ ਦੀ ਪਹਿਚਾਣ ਅਤੇ ਪਰਿਭਾਸ਼ਾ ਬਣਦੀ ਚਲੇ ਗਈ। ਇਸ ਵਿਸ਼ਾਲ ਭੋਇੰ ਦੀਆਂ ਬਰਕਤਾਂ, ਰੰਗੀਨੀਆਂ, ਵਿਵਿਧਤਾ, ਵਿਸ਼ਾਲਤਾ ਅਤੇ ਸਰਸਬਜ਼ਿਆਂ ਨੇ ਕਾਬਲ ਵਰਗੀ ਦੁਰਾਡੀ ਧਰਤੀ ਤੋਂ ਬਾਬਰ ਨੂੰ ਵੀ ਖਿੱਚ ਪਾਈ ਤੇ ਪਹਿਲੇ ਸਮਿਆਂ ਤੋਂ ਉਲਟ ਜਦੋਂ ਬਾਬਰ ਨੂੰ ਜਾਬਰ ਤੱਕ ਕਹਿ ਦੇਣ ਵਾਲੇ ਪਰਮ ਪੁਰਖਾਂ ਨਾਲ ਵਾਹ ਪਿਆ ਤਾਂ ਇਕ ਨਵੇਂ ਯੁੱਗ ਦੀ ਸ਼ੁਰੂਆਤ ਹੋਈ - ਹਿੰਦੁਸਤਾਨ ਦੀ ਤਕਦੀਰ ਤੇ ਤਸਵੀਰ ਦੋਵੇਂ ਬਦਲ ਗਈਆਂ। ਨਾਸ਼ੁਕਰੇ ਨੇਤਾ ਅਤੇ ਸਿਆਸੀ ਰੋਟੀਆਂ ਸੇਕ ਸੇਕ ਕੇ ਦੇਸ਼ ਦੀ ਨੁਹਾਰ, ਰਫ਼ਤਾਰ ਅਤੇ ਹਾਲਤ ਬਦਲਣ ਦਾ ਪਾਖੰਡ ਕਰਨ ਵਾਲੇ ਲੋਕ, ਬੇਸ਼ਕ ਅਹਿਸਾਨ ਫਰਾਮੋਸ਼ ਹਨ (ਸਤਿਗੁਰੂ ਸਾਹਿਬਾਨ ਦੇ ਜਿਨ੍ਹਾਂ ਨੇ ਆਪਣੇ ਸੀਸ ਕਟਾ ਕੇ ਇਨ੍ਹਾਂ ਦੇ ਸੀਸ ਬਚਾਏ) ਅੰਡੇਮਾਨ ਦੀ ਜੇਲ੍ਹ ਵਿਚੋਂ ਮੁਆਫ਼ੀਨਾਮੇ ਲਿਖਣ ਵਾਲੇ ਸਾਵਰਕਰ ਦੇ ਜਨਮ ਦਿਨ 'ਤੇ ਨਵੇਂ ਸੰਸਦ ਭਵਨ ਦਾ ਉਦਘਾਟਨ ਕਰਨ ਵਾਲੇ ਕਿਉਂ ਸੀਸ ਗੰਜ ਸਾਹਿਬ ਦੇ ਕਹਿਰ ਨੂੰ ਭੁੱਲ ਗਏ?

'ਪੰਜਾਬ ਦੇ ਜੰਮਿਆਂ ਨੂੰ ਨਿੱਤ ਮੁਹਿੰਮਾਂ' ਵਰਗੇ ਅਖਾਣ ਐਵੇਂ ਨਹੀਂ ਸਨ ਬਣੇ। ਖਾਧਾ ਪੀਤਾ ਲਾਹੇ ਦਾ, ਰਹਿੰਦਾ ਅਹਿਮਦ ਸ਼ਾਹੇ ਦਾ' ਕਾਰਨ ਹੀ ਪੰਜਾਬੀ ਖਾਣ, ਪੀਣ ਤੇ ਹੰਢਾਉਣ ਵਿਚ ਸੁਪ੍ਰਸਿੱਧ ਹੋਏ ਜਿਨ੍ਹਾਂ ਨੇ ਜਹਾਂਗੀਰ ਚੰਦੂ, ਸੁੱਚਾ ਨੰਦ, ਅਬਦਾਲੀ, ਨਾਦਰਸ਼ਾਹ, ਮੱਸਾ ਰੰਗੜ ਤੇ ਜ਼ਕਰੀਆ ਖਾਂ ਜਿਹੇ ਤੁਅੱਸਬੀਆਂ, ਜ਼ਾਲਮਾਂ, ਜਨੂਨੀਆਂ ਤੇ ਪਾਪੀਆਂ ਦੇ ਜ਼ੁਲਮ ਤਾਂ ਹੰਢਾਏ ਪਰ ਕਦੇ ਈਨ ਨਾ ਮੰਨੀ- ਵੱਡਾ, ਛੋਟਾ ਤੇ ਤੀਜਾ ਘੱਲੂਘਾਰਾ (ਨਸਲਕੁਸ਼ੀਆਂ) ਸਾਡੀ ਹਿੱਕ 'ਤੇ ਵਾਪਰਿਆ ਸੱਚ ਹੈ ਜਿਸ ਨੇ ਸ੍ਰੀ ਦਰਬਾਰ ਸਾਹਿਬ ਅਤੇ ਹੋਰ ਮੁਕੱਦਸ ਸਥਾਨਾਂ 'ਤੇ ਵੱਡੇ ਬੇਅਦਬੀ ਕਾਂਡਾਂ ਨੂੰ ਅੰਜ਼ਾਮ ਦਿੱਤਾ। ਵਾਰ ਰਾਮਕਲੀ ਵਿਚ ਗੁਰਦੇਵ ਨੇ ਫ਼ੁਰਮਾਇਆ ਹੈ :-

**ਕਮਰਿ ਕਟਾਰਾ ਬੰਕੁੜਾ ਬੰਕੇ ਕਾ ਅਸਵਾਰੁ॥**

**ਗਰਬੁ ਨ ਕੀਜੈ ਨਾਨਕਾ ਮਤੁ ਸਿਰਿ ਆਵੈ ਭਾਰੁ॥ (956)**

ਹਾਲ ਹੀ ਵਿਚ ਵਾਪਰੀ ਬੇਅਦਬੀ ਦੀ ਘਟਨਾ ਦੀ ਖਲਨਾਇਕਾ ਗੁਜਰਾਤ ਤੋਂ ਸ੍ਰੀ ਅੰਮ੍ਰਿਤਸਰ ਵਿਖੇ ਸੁਰਖੀਆਂ ਬਟੋਰਨ, ਮਸ਼ਹੂਰੀ ਖੱਟਣ ਅਤੇ ਪ੍ਰਬੰਧਕਾਂ ਦੇ ਸਿਰ ਵਿਚ ਸੁਆਹ ਪਾਉਣ ਆਈ ਸੀ। ਉਂਵ ਕੀ ਯੋਗਾ ਕਰਨ ਲਈ ਹਜ਼ਾਰਾਂ ਮੀਲਾਂ ਵਿਚ ਉਸ ਨੂੰ ਕੋਈ ਹੋਰ ਥਾਂ ਨਹੀਂ ਸੀ ਮਿਲਿਆ? ਸੋਸ਼ਲ ਮੀਡੀਆ 'ਤੇ ਇਹੋ ਜਿਹੇ ਭੱਦੇ ਸ਼ੌਂਕਾਂ ਦੀ ਪੱਟੀ ਹੋਈ ਇਸ ਖਰ ਦਿਮਾਗ਼ ਨੇ ਦੁਰਗਿਆਣਾ ਮੰਦਰ, ਰਾਮ ਤੀਰਥ, ਕੰਪਨੀ ਬਾਗ਼ ਜਾਂ ਹੋਰ ਕੋਈ ਸੱਥਲ ਕਿਉਂ ਨਾ ਚੁਣਿਆ? ਇਸ ਕਰਕੇ, ਕਿ ਇਥੋਂ ਦੇ ਚੌਧਰੀ ਪੂਰੇ ਲਾਪ੍ਰਵਾਹ, ਬੇਧਿਆਨੇ ਅਤੇ ਬੇਵਕੂਫ਼ ਹਨ ਜਿਨ੍ਹਾਂ ਦੀ ਮੌਜੂਦਗੀ ਵਿਚ ਉਸ ਨੇ ਯੋਗ ਆਸਣ ਤਾਂ ਕੀਤੇ ਹੀ, ਵੀਡੀਓਜ਼ ਵੀ ਬਣਾਈਆਂ। ਕਿੱਥੇ ਸੀ ਸੇਵਾਦਾਰਾਂ ਦੀ ਧਾੜ? ਸ਼ਰੀਫ਼ ਬਜ਼ੁਰਗਾਂ ਨੂੰ ਟੋਕਾ ਟਾਕੀ ਕਰਕੇ ਰੋਕਣ ਵੇਲੇ ਇਹ ਪੂਰੀ ਤਰ੍ਹਾਂ ਸੁਚੇਤ ਹੁੰਦੇ ਹਨ ਤੇ ਇਹੋ ਜਿਹੀਆਂ ਸ਼ੁਹਰਤ ਦੀਆਂ ਭੁੱਖੀਆਂ ਤੇ ਸ਼ਰੇਆਮ ਦੰਭ ਕਰਦੀਆਂ ਇਨ੍ਹਾਂ ਨੂੰ ਦਿਸਦੀਆਂ ਨਹੀਂ। ਸੱਪ ਲੰਘਣ ਪਿੱਛੋਂ ਲਕੀਰ ਪਿੱਟਣ ਦਾ ਕੀ ਲਾਭ? ਹੁਣ ਤਿੰਨ ਸੇਵਾਦਾਰਾਂ ਨੂੰ ਸਸਪੈਂਡ ਕਰਨ ਦਾ ਕੀ ਲਾਭ ਜੇਕਰ ਇਹ ਮੱਕਾਰ ਗੁਜਰਾਤਣ, ਸਾਨੂੰ ਬੇਵਕੂਫ਼ ਬਣਾ ਕੇ ਇਥੇ ਯੋਗਾ ਕਰਕੇ ਰਾਤੋ ਰਾਤ ਚਮਕ ਗਈ। ਉਲਟਾ, ਰੌਲਾ ਪਾ ਕੇ, ਬਕਵਾਸ ਕਰਕੇ ਨਾ ਕੇਵਲ ਦੁਨੀਆ ਦੀ ਹਮਦਰਦੀ ਬਟੋਰ ਗਈ ਸਗੋਂ ਗੁਜਰਾਤ ਪੁਲਿਸ ਤੋਂ ਸੁਰੱਖਿਆ ਵੀ ਲੈ ਗਈ। ਸ਼੍ਰੋਮਣੀ ਕਮੇਟੀ ਵਲੋਂ ਕੀਤੇ ਕੇਸ 'ਤੇ, ਧਮਕੀਆਂ ਦਿੰਦੀ ਹੋਈ ਉਹ ਇਸ ਨੂੰ ਵਾਪਸ ਲੈਣ ਦੀ ਮੰਗ ਕਰ ਰਹੀ ਹੈ ਤੇ ਨਾ ਲੈਣ 'ਤੇ ਆਪਣੀ ਕਾਨੂੰਨੀ ਟੀਮ ਵਲੋਂ ਠੋਕਵਾਂ ਜਵਾਬ ਦੇਣ ਦੇ ਡਰਾਵੇ ਵੀ ਦੇ ਰਹੀ ਹੈ। ਇਕ ਆਮ ਔਰਤ ਅਜਿਹੀ ਘਿਣਾਉਣੀ ਹਰਕਤ ਕਰਕੇ, ਐਨਾ ਦਮ ਖਮ ਨਹੀਂ ਦਿਖਾ ਸਕਦੀ, ਇਸ ਲਈ, ਜ਼ਰੂਰ ਹੀ ਇਕ ਵੱਡੀ ਸਾਜਿਸ਼ ਹੈ ਇਸ ਘਟਨਾ ਦੇ ਪਿੱਛੇ। ਜਦੋਂ 7 ਸਾਲ ਤੱਕ ਦੀ ਕੈਦ ਦਾ ਡੰਡਾ ਸਿਰ ਤੇ ਲਟਕਿਆ ਤਾਂ ਪੰਜਾਬ ਪੁਲਿਸ ਨਾਲ ਵਰਚੂਅਲ ਬਿਆਨ ਲਿਖਾਉਣ ਵਾਸਤੇ ਤਿਆਰ ਹੋ

ਗਈ ਹੈ ਅਤੇ ਲਿਖਵਾ ਵੀ ਦਿੱਤੇ ਹਨ।

ਪਿਛਲੇ ਮਹੀਨੇ, ਸ਼ਹੀਦ ਭਗਤ ਸਿੰਘ ਏਅਰਪੋਰਟ ਚੰਡੀਗੜ੍ਹ ਵਿਖੇ ਇੱਕ ਥੱਪੜ ਗੂੰਜਿਆ। ਇਹ ਥੱਪੜ (ਕੋਈ ਵੀਡੀਓ ਅੱਜ ਤੱਕ ਉਂਵ ਸਾਹਮਣੇ ਨਹੀਂ ਆਈ) ਉਸ ਦੇ ਵੱਜਾ ਜਿਸ ਨੇ ਇਤਿਹਾਸਕ, ਪ੍ਰਭਾਵਸ਼ਾਲੀ, ਤਖ਼ਤ ਹਿਲਾਊ ਅਤੇ ਕੁਲ ਆਲਮ ਨੂੰ ਟੁੰਬਣ ਵਾਲੇ ਕਿਸਾਨ ਅੰਦੋਲਨ ਬਾਰੇ ਬੇਹੱਦ ਘਟੀਆ, ਮੰਦੇ, ਘਿਰਣਤ ਅਤੇ ਕੌੜੇ ਬੋਲ ਬੋਲੇ ਸਨ। ਹਾਕਮਾਂ ਦੀ ਚਾਪਲੂਸੀ ਕਰਕੇ, ਉਨਾਂ ਦੀ ਤਵੱਜੋਂ ਦੀ ਪਾਤਰ ਬਣਨ ਦੀ ਚਾਹਵਾਨ ਇਸ ਅਦਾਕਾਰਾ ਨੇ, ਪੰਜਾਬ ਤੇ ਪੰਜਾਬੀਆਂ ਬਾਰੇ ਤਾਂ ਨਿਹਾਇਤ ਘਟੀਆ ਸ਼ਬਦ ਵਰਤੇ ਹੀ ਸਗੋਂ ਕਿਸਾਨ ਅੰਦੋਲਨ ਵਿਚ ਸ਼ਾਮਲ ਸਤਿਕਾਰਤ ਬੀਬੀਆਂ ਤੇ ਮਾਤਾਵਾਂ ਨੂੰ ਵੀ ਮੰਦੇ ਬੋਲ ਬੋਲੇ ਕਿ ਤੁਸੀਂ 100-100 ਰੁਪਏ ਵਿਚ ਲਿਆਂਦੀਆਂ ਗਈਆਂ ਹੋ ਤੇ ਤੁਹਾਡੀ ਔਕਾਤ ਟਕੇ ਜਿੰਨੀ ਵੀ ਨਹੀਂ। ਸੁਰੱਖਿਆ ਜਾਂਚ ਕਰ ਰਹੀ ਬੀਬਾ ਕੁਲਵਿੰਦਰ ਕੌਰ ਦੀ ਮਾਂ ਵੀ ਇਸ ਕਿਸਾਨ ਮੋਰਚੇ ਵਿਚ ਸ਼ਾਮਲ ਸੀ ਜਦੋਂ ਇਸ ਬਦ ਦਿਮਾਗ਼ ਔਰਤ ਨੇ ਇਹ ਨਿੰਦਣਯੋਗ ਸ਼ਬਦ ਵਰਤੇ ਸਨ। ਇਸ ਲਈ, ਤੇਰਾਂ ਮਹੀਨੇ ਚੱਲੇ ਕਿਸਾਨ ਅੰਦੋਲਨ ਦੌਰਾਨ, ਕਿਹੜਾ ਸਿਤਮ ਹੈ ਜੋ ਕਿਸਾਨ ਪਰਿਵਾਰਾਂ ਨੇ ਨਹੀਂ ਸੀ ਝੱਲਿਆ ਪਰ 'ਟਕੇ ਟਕੇ ਦੀ ਔਕਾਤ' ਵਾਲਾ ਮਿਹਣਾ ਤੇ 100-100 ਰੁਪਏ ਦਿਹਾੜੀ 'ਤੇ ਆਈਆਂ ਬਜ਼ੁਰਗ ਬੀਬੀਆਂ ਦਾ ਤਾਹਨਾ ਸਦਾ ਲਈ ਦਿਮਾਗ਼ ਦੀ ਯਾਦਾਸ਼ਤ ਵਿਚ ਖੁੱਭ ਗਿਆ। ਜਦੋਂ ਬੀਬਾ ਕੁਲਵਿੰਦਰ ਕੌਰ ਦਾ ਇਸ ਆਫਰੀ ਹੋਈ ਅਦਾਕਾਰਾ ਨਾਲ ਟਾਕਰਾ ਹੋਇਆ ਤਾਂ ਪੰਜਾਬੀਆਂ ਅੰਦਰਲੀ ਅਣਖ, ਸਵੈਮਾਣ ਅਤੇ ਨਾਬਰੀ ਦੀ ਭਾਵਨਾ ਜਾਗਰਿਤ ਹੋ ਉੱਠੀ। ਫਲਸਰੂਪ, ਅਣਖੀਲੀ ਪੰਜਾਬਣ ਨੇ ਜੋ ਮਨ ਵਿਚ ਆਇਆ ਕਰ ਦਿਖਾਇਆ। ਇਸ ਦੇ ਸਿੱਟਿਆਂ ਤੋਂ ਬੇਖ਼ਬਰ, ਹੋਈ ਜ਼ਲਾਲਤ ਤੋਂ ਬੇਪ੍ਰਵਾਹ। ਮੁਆਫ਼ੀ ਮੰਗਣੋਂ ਇਨਕਾਰੀ। ਸਾਰੇ ਪੰਜਾਬੀਆਂ ਵੱਲੋਂ ਸਰਾਹੀ ਗਈ। ਸਮੂਹ ਕਿਸਾਨ ਜਥੇਬੰਦੀਆਂ ਵਲੋਂ ਅਪਣਾਈ ਗਈ। ਹਾਂ, ਇਸ ਘਟਨਾ ਪਿੱਛੇ ਹਰਿਆਣਾ ਤੇ ਹਿਮਾਚਲ ਵਿਚ, ਕੁਝ ਜਨੂਨੀਆਂ ਵਲੋਂ ਸਿੱਖਾਂ 'ਤੇ ਹਮਲੇ ਕੀਤੇ ਗਏ, ਜਾਨੀ ਤੇ ਮਾਲੀ ਨੁਕਸਾਨ ਦੀ ਕੋਸ਼ਿਸ਼ ਵੀ ਹੋਈ ਪਰ ਇਹ ਲੋਕ ਭੁੱਲ ਗਏ ਕਿ ਇਹ ਵੀ ਇਸੇ ਵਿਸ਼ਾਲ ਪੰਜਾਬ ਦਾ ਹੀ ਅੰਗ ਰਹੇ ਹਨ। ਇਸੇ ਵਿੱਚੋਂ ਨਿਕਲੇ ਹਨ ਤੇ ਇਸ ਦੀਆਂ ਮਿਹਰਬਾਨੀਆਂ ਨਾਲ ਨਿਵਾਜੇ ਹੋਏ ਹਨ। ਭਾਵੁਕਤਾ ਵੱਸ, ਪੰਜਾਬੀਆਂ 'ਤੇ ਹਮਲੇ ਕਰਨੇ, ਉਂਵ ਵੀ ਕਿਨੇ ਕੁ ਵਾਜਬ ਹਨ ਜਦੋਂ ਕਿ ਪਹਾੜਾਂ ਦੀ ਜ਼ਿੰਦਗੀ ਪੰਜਾਬੀਆਂ ਦੇ ਸੈਰ ਸਪਾਟੇ 'ਤੇ ਬਹੁਤ ਹੱਦ ਤੱਕ ਨਿਰਭਰ ਕਰਦੀ ਹੈ। ਖ਼ੈਰ ! ਗੁਰੂ ਦੇ ਨਾਂ 'ਤੇ ਜਿਊਂਦੇ ਪੰਜਾਬ ਤੇ ਪੰਜਾਬੀਆਂ ਦਾ ਦੇਣਾ ਸਾਰਾ ਦੇਸ਼ ਹੀ ਨਹੀਂ ਦੇ ਸਕਦਾ ਜਿਸ ਨੂੰ ਸੀ ਟੈਗੋਰ ਜੀ ਨੇ ਵੀ ਰਾਸ਼ਟਰੀ ਗਾਨ ਵਿਚ ਸਰਵੋਤਮ ਸਥਾਨ ਦਿੱਤਾ ਹੈ।

ਬੇਅਦਬੀ ਦਾ ਮੁਦਾ ਅਜੋਕੀ ਸਰਕਾਰ ਨੂੰ ਵੀ ਹੁਣ ਪਰੇਸ਼ਾਨ ਨਹੀਂ ਕਰਦਾ। ਪਹਿਲੀਆਂ ਦੋ ਸਰਕਾਰਾਂ ਨੇ ਤਾਂ ਕਰਨਾ ਹੀ ਕੀ ਸੀ। ਦੁਨੀਆਂ ਦੇ ਐਡੇ ਮਹਾਨ ਧਰਮ ਗ੍ਰੰਥ ਸਾਹਿਬ ਦੀ ਵਾਰ-ਵਾਰ ਬੇਅਦਬੀ, ਸ੍ਰੀ ਦਰਬਾਰ ਸਾਹਿਬ ਦੇ ਗਲਿਆਰਿਆਂ ਤੇ ਸਰਾਵਾਂ ਵਿਚਲੇ ਬੰਬ ਧਮਾਕੇ, ਵੱਖ-ਵੱਖ ਸ਼ਹਿਰਾਂ, ਗੁਰਦੁਆਰਿਆਂ ਤੇ ਇਤਿਹਾਸਕ ਥਾਵਾਂ 'ਤੇ ਮੰਦ ਬੁੱਧ ਆਖੇ ਜਾਣ ਵਾਲੇ ਲੋਕਾਂ ਵਲੋਂ ਦਿਨ ਦਿਹਾੜੇ ਹਮਲੇ ਤੇ ਨਸ਼ਾਖੋਰੀ ਤੋਂ ਇਲਾਵਾ, ਗੁਰਦੁਆਰਿਆਂ ਦੇ ਅੰਦਰਲੇ ਹਾਲਾਤ ਵੀ ਮਰਯਾਦਾਪੂਰਨ ਨਹੀਂ ਕਹੇ ਜਾ ਸਕਦੇ ਜਿੱਥੇ ਸਿਰੇ ਦੀ ਸਿਆਸਤ ਹੁੰਦੀ ਹੈ। ਸਭ ਧਰਮ ਕਰਮ ਸਿਆਸਤ ਦੀ ਭੇਟ ਚੜ੍ਹ ਚੁੱਕੇ ਹਨ। ਇਕ ਪਰਿਵਾਰ ਦੀ ਚੜ੍ਹਤ ਖ਼ਾਤਿਰ, ਦੂਜਿਆਂ ਦੀ ਅਣਦੇਖੀ, ਤਾਨਾਸ਼ਾਹ ਵਤੀਰਾ, ਪੰਚ ਪ੍ਰਧਾਨੀ ਕਾਰਜਸ਼ੈਲੀ ਨੂੰ ਤਿਲਾਂਜਲੀ ਰਹਿਤ ਮਰਿਯਾਦਾ ਦਾ ਖ਼ਾਤਮਾ ਅਤੇ ਸਿੱਖ ਸਰੋਕਾਰਾਂ ਨੂੰ ਤਿਆਗਣਾ-ਸਭ ਬੇਅਦਬੀ ਦੇ ਹੀ ਵਿਭਿੰਨ ਪਾਸਾਰ ਹਨ। ਬਿਨਾਂ ਸ਼ੱਕ, ਇਸ ਵਿਚ ਸਭ ਤੋਂ ਵੱਡੀ ਭੂਮਿਕਾ ਸ਼੍ਰੋਮਣੀ ਸੰਸਥਾਵਾਂ ਦੀ ਹੀ ਕਹੀ ਜਾ ਸਕਦੀ ਹੈ ਜਿਹੜੀਆਂ ਆਪਣੇ ਪੰਥਕ ਤੇ ਧਾਰਮਿਕ ਫ਼ਰਜ਼ਾਂ ਤੋਂ ਕੁਤਾਹੀ ਕਰ ਰਹੀਆਂ ਹਨ।

-0-

**ਸਫਾ 7 ਦਾ ਬਾਕੀ** **ਸੰਪਾਦਕੀ**

ਇਹਨਾਂ ਵਲੋਂ ਵੀ ਕੋਈ ਅਸਰਦਾਰ ਪਹਿਲ ਕਦਮੀ ਨਹੀਂ ਕੀਤੀ ਗਈ।

ਆਲ ਇੰਡੀਆ ਸਿੱਖ ਸਟੂਡੈਂਟ ਫੈਡਰੇਸ਼ਨ ਨੂੰ ਕਾਇਮ ਕਰਨ ਅਤੇ ਸਿੱਖ ਪਿਰਤਾਂ ਵਾਲਾ ਅਕਾਲੀ ਦਲ ਤਿਆਰ ਕਰਨ ਲਈ ਯਤਨਸ਼ੀਨ ਹੋਣ।

ਕਾਸ਼ ਪ੍ਰਿੰਸੀਪਲ ਹਰਭਜਨ ਸਿੰਘ ਚੰਡੀਗੜ੍ਹ ਦੁਆਰਾ ਲਿਖੀਆਂ ਸਤਰਾਂ ਨੂੰ ਅਕਾਲੀਏ ਧਿਆਨ ਵਿਚ ਲਿਆਉਣਗੇ—

ਐ ਪੰਥ ਖਾਲਸਾ ! ਹੋਸ਼ ਮੇਂ ਆ, ਔਰ ਨਬਜ਼ ਪਹਚਾਨ ਜ਼ਮਾਨੇ ਕੀ,
ਯਾਂ ਹਰ ਕੋਈ ਆਪਨੇ ਦਾਊ ਪੈ ਹੈ, ਸੱਚ ਬਾਤ ਕਹੂੰ ਮਨ ਸਮਝਾਨੇ ਕੀ।
ਅਬ ਜੋਸ਼ਿ ਪੰਥ ਖ਼ਾਮੋਸ਼ ਨਾ ਰਹਿ, ਗੈਰੋਂ ਨੇ ਤੇਰਾ ਘਰ ਲੂਟ ਲੀਆ,
ਇਨ ਲੰਪਟ ਚੋਰ ਲੁਟੇਰੋਂ ਕੋ, ਤੁਝੇ ਗ਼ਰਜ਼ ਹੈ ਸਬਕ ਸਿਖਾਨੇ ਕੀ।
(ਸੁਖ਼ਨਹਾਏ ਦਾਨਸ਼ਮੰਦਾਂ)

-0-

**ਸਫਾ 10 ਦਾ ਬਾਕੀ** **ਸ਼ਬਦ ਵਿਚਾਰ**

ਕੌਮ ਨੂੰ ਸ਼ਸਤਰ ਹੀਣ ਕੀਤਾ ਜਾ ਰਿਹਾ ਹੋਵੇ।

ਸਾਡੇ ਹਿੰਦੂ ਧਰਮ ਵਿਚ ਜੀਵ ਨੂੰ ਸਵਰਗ ਵਿਚ ਭੇਜਣ ਲਈ ਹਰਦੁਆਰ ਵਿਚ ਫੁੱਲ ਪਾਉਣੇ ਬ੍ਰਾਹਮਣ ਦੇਵਤਾ ਜੀ ਵਲੋਂ ਜ਼ਰੂਰੀ ਕਰਾਰ ਦਿੱਤਾ ਹੋਇਆ ਹੈ। ਪਰ ਸਿੱਖਾਂ ਨੇ ਪਿੱਛੇ ਥੋੜਾ ਰਹਿਣਾ ਹੈ, ਇਸ ਲਈ ਤੁਸਾਂ ਨੇ ਕੀਰਤਪੁਰ ਨੂੰ ਤਰਜੀਹ ਦੇ ਦਿੱਤੀ ਹੋਈ ਹੈ। ਕੀ ਇਹ ਹਿੰਦੂ ਧਰਮ ਦੀ ਨਕਲ ਨਹੀਂ ਹੈ? ਬ੍ਰਾਹਮਣ ਦੇਵਤਾ ਜੀ ਅਨੁਸਾਰ ਬੰਦੇ ਦੀ ਆਤਮਾ ਨੂੰ ਪਰਮਾਤਮਾ ਪਾਸ ਪੁਹੰਚਦਿਆਂ ਪਹੁੰਚਦਿਆਂ ਘੱਟੋ ਘੱਟ ਸਾਲ ਖੰਡ ਤਾਂ ਲੱਗ ਹੀ ਜਾਂਦਾ ਹੈ। ਉਸ ਦੀ ਆਤਮਾ ਨੂੰ ਮੋਢਾ ਦੇਣ ਲਈ ਵਰ੍ਹੀਣੇ ਦੀ ਰਸਮ ਨੂੰ ਬਹੁਤ ਜ਼ਰੂਰੀ ਕਰਾਰ ਦਿੱਤਾ ਗਿਆ ਹੈ। ਗਿਆਰਵੇਂ ਮਹੀਨੇ ਵਿਚ ਇਹ ਰਸਮ ਹਰ ਹਾਲਤ ਵਿਚ ਹੋਣੀ ਚਾਹੀਦੀ ਹੈ। ਮੈਨੂੰ ਹੈਰਾਨਗੀ ਇਸ ਗੱਲ ਦੀ ਆਉਂਦੀ ਹੈ ਕਿ ਪੰਥ ਪਰਵਾਨਿਤ ਰਹਿਤ ਮਰਿਯਾਦਾ ਵਿਚ ਸਾਫ ਲਿਖਿਆ ਹੋਇਆ ਹੈ ਕਿ ਦੁਸਹਿਰੇ ਦੀ ਰਸਮ ਉਪਰੰਤ ਬਾਕੀ ਕੋਈ ਰਸਮ ਨਹੀਂ ਰਹਿ ਜਾਂਦੀ ਤਾਂ ਫਿਰ ਬਰਸੀਆਂ ਕਿਉਂ ਮਨਾਈਆਂ ਜਾ ਰਹੀਆਂ ਹਨ? ਵੀਰ ਜੀ ਸਿੱਖੀ ਵਿਚ ਤਾਂ ਏਡਾ ਕੁਹਰਾਮ ਮੱਚਿਆ ਹੋਇਆ ਦੇਖਿਆ ਜਾ ਸਕਦਾ ਹੈ, ਗੁਰਦੁਆਰਿਆਂ ਵਿਚ ਸਾਧਾਂ ਸੰਤਾਂ ਦੀਆਂ ਬਰਸੀਆਂ ਧੂਮ ਧੜੱਕੇ ਨਾਲ ਮਨਾਈਆਂ ਜਾ ਰਹੀਆਂ ਹਨ। ਜੇ ਏਸੇ ਤਰ੍ਹਾਂ ਹੀ ਅਜੀਬ ਤਮਾਸ਼ਾ ਬਣਿਆ ਰਿਹਾ ਤਾਂ ਸਿੱਖੀ ਦਾ ਅਮੀਰ ਵਿਰਸਾ ਘੜਮੱਸ ਚੌਦੇਂ ਬਣ ਕੇ ਰਹਿ ਜਾਏਗਾ।

ਵੀਰ ਜੀ ਸਾਡੇ ਹਰਿਦੁਆਰ, ਕਾਂਸ਼ੀ-ਬਨਾਰਸ ਆਦਿ ਥਾਵਾਂ ਤੋਂ ਰੰਗ-ਬਰੰਗੇ ਚੋਲਿਆਂ ਵਾਲੇ ਸਾਧ ਬਾਬੇ ਅਕਸਰ ਅਮੀਰ ਘਰਾਂ ਵਿਚ ਹਵਨ ਆਦਿ ਕਰਦੇ ਦੇਖੇ ਜਾ ਸਕਦੇ ਹਨ। ਪਰਿਵਾਰ ਉਹਨਾਂ ਤੋਂ ਵਰ ਦੀ ਪ੍ਰਾਪਤੀ ਲਈ ਤਰਲੋ ਮੱਛੀ ਹੋਈ ਫਿਰਦੇ ਦੇਖੇ ਜਾ ਸਕਦੇ ਹਨ। ਸਿੱਖੀ ਦਾ ਤੇ ਸਮੁੱਚਾ ਭਗਵਾਕਰਨ ਹੋਇਆ ਲੱਗਦਾ ਹੈ। ਸਿੱਖੀ ਵਿਚ ਤਾਂ ਸਾਧ ਬਾਬਿਆਂ ਦੀਆਂ ਪੁਸ਼ਾਕਾਂ ਦੇਖ ਕੇ ਇੰਜ ਲੱਗਦਾ ਹੈ ਜਿਵੇਂ ਧਰਮੀ ਘੱਟ ਤੇ ਫਿਲਮੀ ਕਲਾਕਾਰ ਜ਼ਿਆਦਾ ਹੋਣ। ਕਈਆਂ ਦੇ ਚੋਲਿਆਂ ਤੇ ਰੰਗ ਬਰੰਗੀਆਂ ਵੇਲਾਂ ਦਾ ਨਮੂਨਾ ਫੈਸ਼ਨ ਨੂੰ ਵੀ ਮਾਤ ਪਾਉਂਦਾ ਦਿਸਦਾ ਹੈ। ਕਿਸੇ ਨੇ ਹੱਥ ਵਿਚ ਲੰਬੀ ਮਾਲਾ ਫੜੀ ਹੋਈ ਹੈ ਤੇ ਕਿਸੇ ਨੇ ਹੱਥ ਵਿਚ ਖੂੰਡੀ ਫੜੀ ਹੋਈ ਹੈ। ਸਿੱਖ ਕੌਮ ਵਿਚ ਬਹੁਤੇ ਲੋਕ ਸ਼ਬਦ ਦੇ ਉਪਦੇਸ਼ ਨੂੰ ਛੱਡ ਕੇ ਇਹਨਾਂ ਗਰਜ਼ਾਂ ਦੇ ਮਾਰੇ ਨਾਮ ਧਰੀਕ ਪਾਖੰਡੀ ਸਾਧਾਂ ਪਾਸੋਂ ਆਪਣੀ ਆਤਮਿਕ ਹੋਣੀ ਦੇ ਫੈਸਲੇ ਕਰਾ ਰਹੇ ਹਨ।

-0-

# ਸੰਗਰਾਂਦ ਯਾਦ ਹੈ, ਸ਼ਹੀਦੀ ਭੁੱਲ ਗਈ...

-ਅਮਰਪ੍ਰੀਤ ਸਿੰਘ ਗੁੱਜਰਵਾਲ # 94655-66666



ਬਚਪਨ ਵਿੱਚ ਹੀ ਭਾਈ ਤਾਰੂ ਸਿੰਘ ਜੀ ਦੀ ਮਾਤਾ ਨੇ ਭਾਈ ਸਾਹਿਬ ਜੀ ਨੂੰ ਗੁਰਬਾਣੀ ਦੀ ਇਹ ਸਿਖਿਆ ਦੇਕੇ **"ਪੂਤਾ ਮਾਤਾ ਕੀ ਆਸੀਸ ॥ ਨਿਮਖ ਨ ਬਿਸਰਉ ਤੁਮ੍ ਕਉ ਹਰਿ ਹਰਿ ਸਦਾ ਭਜਹੁ ਜਗਦੀਸ"(496)** ਵੱਡਿਆਂ ਕੀਤਾ।ਅਜੇ ਆਪ ਜੀ ਛੋਟੀ ਉਮਰ ਦੇ ਹੀ ਸਨ ਕਿ ਪਿਤਾ ਜੀ ਚੜਾਈ ਕਰ ਗਏ ਅਤੇ ਪਰਿਵਾਰ ਦੀ ਸਾਰੀ ਜ਼ਿੰਮੇਵਾਰੀ ਆਪ ਜੀ ਦੇ ਸਿਰ 'ਤੇ ਪੈ ਗਈ। ਆਪ ਜੀ ਦੀ ਮਾਤਾ ਜੀ ਨੇ ਆਪਣਾ ਫਰਜ ਨਿਭਾਉਂਦਿਆਂ ਭਾਈ ਤਾਰੂ ਸਿੰਘ ਜੀ ਨੂੰ ਆਪਣੇ ਕੋਲ ਬੈਠਾ ਲਿਆ ਅਤੇ ਕਣਕ ਪੀਹਣ ਵਾਲੀ ਚੱਕੀ ਵਿੱਚ ਕੁਝ ਕਣਕ ਦੇ ਦਾਣੇ ਪਾਕੇ ਚੱਕੀ ਨੂੰ ਆਪਣੇ ਹੱਥਾਂ ਨਾਲ ਚਲਾਉਣ ਲਈ ਆਖਿਆ। ਮਾਤਾ ਜੀ ਦੀ ਆਗਿਆ ਮੰਨਕੇ ਭਾਈ ਸਾਹਿਬ ਜੀ ਜਿਉਂ ਜਿਉਂ ਚੱਕੀ ਨੂੰ ਘੁਮਾ ਰਹੇ ਸਨ, ਨਾਲ ਹੀ ਕਣਕ ਦਾ ਆਟਾ ਬਣਦਾ ਜਾ ਰਿਹਾ ਸੀ। ਕੁਝ ਸਮੇਂ ਬਾਅਦ ਮਾਤਾ ਜੀ ਨੇ ਜਦੋਂ ਚੱਕੀ ਦੇ ਪੁੜਾਂ ਨੂੰ ਖੋਲ ਕੇ ਸਾਫ ਕੀਤਾ ਤਾਂ ਵਿਚਕਾਰ ਬਣੇ ਹੋਏ ਧੁਰੇ ਨਾਲ ਕੁਝ ਦਾਣੇ ਸਾਬਤ ਨਜਰ ਆਏ। ਭਾਈ ਸਾਹਿਬ ਜੀ ਨੇ ਮਾਤਾ ਜੀ ਨੂੰ ਪੁਛਿਆ ਕਿ ਇਹ ਦਾਣੇ ਸਾਬਤ ਕਿਵੇਂ ਰਹਿ ਗਏ...? ਮਾਤਾ ਜੀ ਨੇ ਪਿਆਰ ਨਾਲ ਗੁਰਬਾਣੀ ਦਾ ਇਹ ਪਰਮਾਣ ਦੇਕੇ ਸਮਝਾਇਆ **ਦੁਇ ਪੁੜ ਚਕੀ ਜੋੜਿ ਕੈ ਪੀਸਣ ਆਇ ਬਹਿਠੁ॥ ਜੋ ਦਰਿ ਰਹੇ ਸੁ ਉਬਰੇ ਨਾਨਕ ਅਜਬੁ ਡਿਠੁ॥ (142)** ਕਿ ਪੁੱਤਰ ਜੀ ਜੋ ਧੁਰੇ ਨਾਲ ਜੁੜੇ ਰਹਿੰਦੇ ਹਨ ਉਹ ਹੀ ਇਸ ਸੰਸਾਰ ਤੇ ਸੋਹਣੇ ਜੀਵਨ ਵਾਲੇ ਅਤੇ ਸਾਬਤ ਰਹਿ ਸਕਦੇ ਹਨ। ਬਾਕੀ ਤਾਂ ਇਸ ਦਾਣਿਆਂ ਦੀ ਤਰਾਂ ਦੁਨੀਆਂ ਚ ਪੀਠੇ ਹੀ ਜਾਂਦੇ ਹਨ। ਸਾਡਾ ਧੁਰਾ ਕੇਵਲ ਗੁਰੂ ਗਰੰਥ ਸਾਹਿਬ ਜੀ ਦੀ ਬਾਣੀ ਹੀ ਹੈ। ਅਸੀਂ ਕੇਵਲ ਇਸ ਨੂੰ ਮੰਨ ਕੇ ਚੱਲਣਾ ਹੈ।

ਇਹੀ ਮਾਤਾ ਜੀ ਦੀ ਸਿਖਿਆ ਸੀ ਕਿ ਭਾਈ ਸਾਹਿਬ ਜੀ ਖੇਤੀਬਾੜੀ ਦਾ ਕਾਰੋਬਾਰ ਕਰਦਿਆਂ ਜੁਝਾਰੂ ਸਿੰਘਾਂ ਦੀ ਚੜ੍ਹਦੀ ਕਲਾ ਵਾਸਤੇ ਹਰ ਪ੍ਰਕਾਰ ਦੀ ਸੇਵਾ ਕਰਦੇ ਅਤੇ ਸਿੱਖ ਸਰਗਰਮੀਆਂ ਵਿੱਚ ਸਮੇਂ-ਸਮੇਂ ਹਿੱਸਾ ਲੈਂਦੇ ਰਹਿੰਦੇ।

ਮਾਤਾ ਜੀ ਅਤੇ ਭੈਣ ਤਾਰ ਕੌਰ ਘਰ ਵਿੱਚ ਲੰਗਰ ਤਿਆਰ ਕਰਦੇ ਅਤੇ ਭਾਈ ਤਾਰੂ ਸਿੰਘ ਜੀ ਬਾਬਾ ਬੁੱਢਾ ਜੀ ਦੀ ਬੀੜ ਦੇ ਨੇੜੇ ਦੇ ਜੰਗਲ ਵਿੱਚ ਜਾਕੇ ਸਿੰਘਾਂ ਨੂੰ ਪ੍ਰਸ਼ਾਦਾ ਛਕਾ ਕੇ ਆਉਂਦੇ।ਯਾਦ ਰੱਖਣ ਜੋਗ ਬਾਤ ਹੈ ਕਿ 1745 ਈ: ਵਿੱਚ ਗਵਰਨਰ ਜਕਰੀਆ ਖਾਨ ਸਿੱਖ ਕੌਮ ਨੂੰ ਖਤਮ ਕਰਨਾ ਚਾਹੁੰਦਾ ਸੀ ਅਤੇ ਸਿੰਘਾਂ ਉਪਰ ਜੁਲਮ ਕਰ ਰਿਹਾ ਸੀ। ਇਸ ਦੇ ਜੁਲਮ ਤੋਂ ਤੰਗ ਆ ਕੇ ਸਿੰਘ ਆਪਣੇ ਘਰ ਛੱਡ ਕੇ ਜੰਗਲਾਂ ਵਿੱਚ ਜਾ ਵਸੇ ਸਨ ਅਤੇ ਜਦੋਂ ਸਮਾਂ ਮਿਲਦਾ ਇਸ ਹਕੂਮਤ ਨਾਲ ਆ ਦੋ ਹੱਥ ਕਰਦੇ। ਭਾਈ ਸਾਹਿਬ ਜੀ ਦੀ ਸਿੰਘਾਂ ਨਾਲ ਨੇੜਤਾ, ਉਹਨਾਂ ਨੂੰ ਜਾਕੇ ਪ੍ਰਸ਼ਾਦਾ ਛਕਾਉਣਾ ਅਤੇ ਜਰੂਰੀ ਵਸਤੂਆਂ ਦੇ ਕੇ ਆਉਣਾ ਪਿੰਡ ਦੇ ਹੀ ਇਕ ਮੁਖਬਰ ਹਰਭਗਤ ਨਿਰੰਜਨੀਏ ਤੋਂ ਦੇਖ ਨਾ ਹੋਇਆ। ਉਸ ਨੇ ਜਾਕੇ ਗਵਰਨਰ ਜਕਰੀਆ ਖਾਨ ਨੂੰ ਆਖਿਆ ਕਿ ਪੂਹਲੇ ਪਿੰਡ ਵਿੱਚ ਰਹਿਣ ਵਾਲਾ ਤਾਰੂ ਸਿੰਘ, ਸਰਕਾਰ ਦਾ ਬਾਗੀ ਹੈ। ਇਹ ਡਾਕੂਆਂ ਨੂੰ ਆਪਣੇ ਘਰ ਵਿੱਚ ਪਨਾਹ ਦਿੰਦਾ ਹੈ ਅਤੇ ਰੋਟੀ ਖਵਾਉਂਦਾ ਹੈ। ਇਸ ਦੀ ਭੈਣ ਅਤੇ ਮਾਤਾ ਵੀ ਇਸ ਦੇ ਨਾਲ ਹੀ ਰਲੀਆਂ ਹੋਈਆਂ ਹਨ। ਜਕਰੀਆ ਖਾਨ ਨੇ ਭਾਈ ਸਾਹਿਬ ਜੀ ਨੂੰ ਫੜਕੇ ਲਿਆਉਣ ਲਈ ਆਪਣੇ ਸਿਪਾਹੀ ਹਰਭਗਤ ਨਿਰੰਜਨੀਏ ਦੇ ਨਾਲ ਹੀ ਭੇਜ ਦਿੱਤੇ। ਭਾਈ ਸਾਹਿਬ ਜੀ ਦੀ ਭੈਣ ਅਤੇ ਮਾਤਾ ਜੀ ਨੂੰ ਵੀ ਗਿਰਫਤਾਰ ਕੀਤਾ ਗਿਆ, ਪਰ ਪਿੰਡ ਵਾਸੀਆਂ ਦੇ ਕਹਿਣ ਤੇ ਮਾਤਾ ਜੀ ਅਤੇ ਭੈਣ ਨੂੰ ਛੱਡ ਦਿੱਤਾ ਗਿਆ। ਸਾਰੇ ਪਿੰਡ ਵਾਸੀਆਂ ਨੇ ਭਾਈ ਸਾਹਿਬ ਜੀ ਨੂੰ ਨਿਰਦੋਸ਼ ਦੱਸਿਆ, ਪਰ ਸਿਪਾਹੀ ਨਾ ਮੰਨੇ। ਲਹੌਰ ਲਜਾਕੇ ਭਾਈ ਸਾਹਿਬ ਜੀ ਨੂੰ ਜੇਲ ਵਿੱਚ ਬੰਦ ਕਰ ਦਿੱਤਾ ਅਤੇ ਜਾਲਮ ਤਸੀਹੇ ਦਿੰਦੇ, ਪਰ ਆਪ ਜੀ ਗੁਰਬਾਣੀ ਦਾ ਆਸਰਾ ਲੈਕੇ ਸਿੱਖੀ ਲਈ ਪਿਆਰ ਬਣਾਈ ਰੱਖਦੇ। ਭਾਈ ਸਾਹਿਬ ਜੀ ਨੂੰ ਜਕਰੀਆ ਖਾਨ ਦੀ ਕਚਿਹਰੀ ਵਿੱਚ ਪੇਸ਼ ਕੀਤਾ ਗਿਆ, ਆਪ ਜੀ ਨੇ ਕੁਝ ਸਵਾਲ ਕੀਤੇ " ਮੈਨੂੰ ਤਸੀਹੇ ਕਿਉਂ ਦਿੱਤੇ ਜਾ ਰਹੇ ਹਨ, ਮੇਰਾ ਕੀ ਕਸੂਰ ਹੈ...? ਮੈ ਆਪਣੀ ਮਿਹਨਤ ਦੀ ਕਮਾਈ ਨਾਲ ਆਪਣਾ ਪੇਟ ਭਰਦਾ ਹਾਂ ਅਤੇ ਲੋੜਵੰਦ ਦੀ ਮੱਦਦ ਕਰਦਾ ਹਾਂ, ਇਸ ਵਿੱਚ ਕੀ ਗਲਤ ਹੈ...? ਜਦ ਮੈ ਟੈਕਸ ਦਿੰਦਾਂ ਹਾਂ, ਫਿਰ ਮੇਰੇ ਨਾਲ ਇਹ ਧੱਕਾ ਕਿਉਂ ਕੀਤਾ ਜਾ ਰਿਹਾ ਹੈ...? ਜਕਰੀਆ ਖਾਨ ਨੂੰ ਜਦ ਕੋਈ ਜਵਾਬ ਨਾ ਆਇਆ ਤਾਂ ਉਸ ਨੇ ਕਿਹਾ ਕਿ ਜਾਂ ਤੇ ਮੁਸਲਮਾਨ ਬਣਕੇ ਸਿੱਖੀ ਨੂੰ ਛੱਡ ਦੇ, ਜਾਂ ਫਿਰ ਮੌਤ ਕਬੂਲ ਕਰ ਲੈ। ਭਾਈ ਸਾਹਿਬ ਜੀ ਨੇ ਕਿਹਾ ਕੀ ਮੁਸਲਮਾਨ ਬਣਕੇ ਮੌਤ ਨਹੀਂ ਆਉਂਦੀ...? ਜੇ ਆਉਂਦੀ ਹੈ ਫਿਰ ਮੈ ਸਿੱਖੀ ਕਿਉਂ ਛੱਡਾਂ। ਕੋਲ ਖੜਾ ਹਰਭਗਤ ਨਿਰੰਜਨੀਆ ਬੋਲ ਉਠਿਆ ਖਾਨ ਜੀ ਇਹਨਾਂ ਨੂੰ ਮੌਤ ਦੀ ਕੋਈ ਪਰਵਾਹ ਨਹੀ ਇਹ ਆਪਣੀ ਜਾਨ ਤੋ ਵੱਧ ਕੇਸਾਂ ਨਾਲ ਪਿਆਰ ਕਰਦੇ ਹਨ, ਜੇ ਇਹਨਾਂ ਦੇ ਕੇਸ ਕੱਟੇ ਜਾਣ ਤਾਂ ਇਹ ਜਿਉਂਦੇ ਹੀ ਮਰਿਆਂ ਬਰਾਬਰ ਹੋ ਜਾਂਦੇ ਹਨ। ਗੁੱਸੇ ਵਿੱਚ ਆਕੇ ਜਕਰੀਆ ਖਾਨ ਨੇ ਹੁਕਮ ਦੇ ਦਿੱਤਾ ਕਿ ਇਸ ਦੇ ਕੇਸ ਕੱਟ ਦਿੱਤੇ ਜਾਣ। ਭਾਈ ਸਾਹਿਬ ਜੀ ਨੇ ਕਿਹਾ ਕਿ ਜਾਲਮਾਂ ਮੈ ਕੇਸ ਕਤਲ ਨਹੀਂ ਕਰਾ ਸਕਦਾ, ਚਾਹੇ ਮੇਰੀ ਜਾਨ ਹੀ ਚਲੀ ਜਾਵੇ। ਹੁਕਮ ਹੋਇਆ ਕਿ ਜੇ ਕੇਸ ਕਤਲ ਨਹੀਂ ਕਰਾਉਂਦਾ ਤਾਂ ਇਸ ਦੀ ਖੋਪਰੀ ਉਤਾਰ ਦਿੱਤੀ ਜਾਵੇ। ਭਾਈ ਸਾਹਿਬ ਜੀ ਨੇ ਇਹ ਹੁਕਮ ਕਬੂਲ ਕਰ ਲਿਆ ਅਤੇ ਲਹੌਰ ਦੇ ਨਿਖਾਲਸ ਚੌਂਕ ਵਿੱਚ ਭਾਈ ਤਾਰੂ ਸਿੰਘ ਜੀ ਦੀ ਰੰਬੀ ਨਾਲ ਕੇਸਾਂ ਸਮੇਤ ਖੋਪਰੀ ਉਤਾਰ ਦਿੱਤੀ ਗਈ। ਅਕਾਲ ਪੁਰਖ ਦਾ ਭਾਣਾ ਮੰਨਦਿਆਂ, ਗੁਰੂ ਕਾ ਪਿਆਰਾ ਸਿੱਖ ਸੱਚ ਲਈ ਜੁਲਾਈ 1745 ਨੂੰ ਆਪਣਾ ਫਰਜ ਨਿਭਾ ਗਿਆ।

ਹੁਣ ਸੋਚਣ ਵਾਲੀ ਗੱਲ ਇਹ ਹੈ ਕਿ ਜਿੰਨ੍ਹਾ ਗੁਰਸਿੱਖਾਂ ਨੇ ਆਪ ਭੁੱਖੇ ਰਹਿਕੇ, ਮੁਸੀਬਤਾਂ ਝੱਲਕੇ, ਖੋਪਰੀਆਂ ਲਹਾਕੇ ਸਿੱਖੀ ਧਰਮ ਨਿਭਾਇਆ ਪਰ ਅਸੂਲ ਨਹੀਂ ਛੱਡੇ ਅਸੀ ਉਹਨਾਂ ਦੀ ਕੁਰਬਾਨੀ ਨੂੰ ਕਿਵੇਂ ਭੁਲਦੇ ਜਾ ਰਹੇ ਹਾਂ ? ਮੇਰੇ ਸਮੇਤ ਅੰਦਰ ਯਾਤ ਮਾਰਕੇ ਦੇਖਣੀ ਸ਼ਰਮ ਆਉਂਦੀ ਹੈ ਜਦੋਂ ਸੁਣੀਦਾ ਹੈ ਕਿ ਫਲਾਣੇ ਦੀ ਲੜਕੀ ਨਾਈ (ਬਿਊਟੀ ਪਾਰਲਰ) ਦਾ ਕੋਰਸ ਕਰ ਰਹੀ ਹੈ। ਅੱਜ ਦੇ ਕਈ ਸਿੱਖ ਪਰਿਵਾਰਾਂ ਦੀਆਂ ਲੜਕੀਆਂ ਅਨੰਦ ਕਾਰਜ ਕਰਵਾਉਣ ਸਮੇਂ ਆਪ ਆਪਣਿਆਂ ਮਾਪਿਆਂ ਨੂੰ ਕਹਿੰਦੀਆਂ ਹਨ, ਕਿ ਅਸੀ ਵਿਆਹ ਉਸ ਲੜਕੇ ਨਾਲ ਕਰਵਾਉਣਾ ਹੈ, ਜੋ ਕਲੀਨ ਸ਼ੇਵ ਹੋਵੇ ਅਤੇ ਦਸਤਾਰ ਨਾਂ ਸਜਾਉਦਾ ਹੋਵੇ ਮੈਂ ਸਮਝਦਾਂ ਹਾਂ ਉਹਨਾਂ ਲੜਕੀਆਂ ਦਾ ਕਸੂਰ ਘੱਟ ਹੈ, ਉਹਨਾਂ ਦੇ ਮਾਤਾ ਪਿਤਾ ਦਾ ਕਸੂਰ ਜਿਆਦਾ ਹੈ, ਜਿੰਨ੍ਹਾਂ ਨੇ ਆਪਣਿਆਂ ਬੱਚਿਆਂ ਨੂੰ ਕੇਸਾਂ ਅਤੇ ਦਸਤਾਰ ਦੀ ਮਹਾਨਤਾ ਤੋਂ ਜਾਣੂ ਨਹੀ ਕਰਵਾਇਆ। ਅੰਦਾਜਾ ਲਾਉ ਜੇ ਅੱਜ ਲੜਕੀਆਂ ਦਾ ਇਹ ਹਾਲ ਹੈ ਤਾਂ ਆਉਣ ਵਾਲੇ ਸਮੇਂ ਵਿੱਚ ਇਕ ਮਾਂ ਦੀ ਕੁੱਖ ਵਿੱਚੋਂ ਭਾਈ ਤਾਰੂ ਸਿੰਘ ਜੀ ਦੇ ਵਾਰਿਸ ਕਿਵੇਂ ਪੈਦਾ ਹੋ ਸਕਦੇ ਹਨ ? ਲੋੜ ਤਾਂ ਇਸ ਗੱਲ ਦੀ ਹੈ ਕਿ ਆਪਣਿਆਂ ਬੱਚਿਆਂ ਨੂੰ ਬਚਪਨ ਤੋਂ ਹੀ ਸਿੱਖੀ ਵਿਰਸੇ ਨਾਲ ਜੋੜਿਆ ਜਾਵੇ। ਯਾਦ ਰੱਖਣਾ ਇੰਝ ਸੁਤੇ ਰਹੇ ਤਾਂ ਬਹੁਤ ਦੇਰ ਹੋ ਚੁਕੀ ਹੋਵੇਗੀ। ਭਾਈ ਤਾਰੂ ਸਿੰਘ ਜੀ ਦਾ ਵਿਰਸਾ ਸੀਸ ਝੁਕਾ ਕੇ ਕੇਸ ਕਤਲ ਕਰਾਉਣ ਵਾਲਾ ਨਹੀਂ, ਭਾਈ ਤਾਰੂ ਸਿੰਘ ਜੀ ਦਾ ਵਿਰਸਾ ਤਾਂ ਧੌਣ ਅਕੜਾ ਕੇ ਖੋਪੜ ਲਹਾਉਣ ਵਾਲਾ ਹੈ। -0-

# ਅਜ਼ਾਦੀ: ਹਕੀਕਤ ਜਾਂ ਭਰਮ

**-ਸਤਿੰਦਰਜੀਤ ਸਿੰਘ ਗਿੱਲ**

‘ਅਜ਼ਾਦੀ’ ਇੱਕ ਐਸਾ ਸ਼ਬਦ ਜਿਸਦਾ ਖਿਆਲ ਆਉਂਦਿਆਂ ਹੀ ਹਰ ਇੱਕ ਮਨ ਨੂੰ ਇੱਕ ਅਜੀਬ ਜਿਹੀ ਖੁਸ਼ੀ ਦਾ ਅਹਿਸਾਸ ਹੁੰਦਾ ਹੈ। ਹਰ ਕਿਸੇ ਨੂੰ ਆਪਣੀ ਹੋਂਦ, ਚਾਹਤ, ਸੋਚ ਅਤੇ ਖਿਆਲਾਂ ਨੂੰ ਦੁਨੀਆਂ ਸਾਹਮਣੇ ਪ੍ਰਗਟ ਕਰਨ ਦੇ ਮਿਲ ਰਹੇ ਮੌਕੇ ਦਾ ਚਾਅ ਹੁੰਦਾ ਹੈ। ਇਨਸਾਨ ਹੋਵੇ ਜਾਂ ਜਾਨਵਰ ਹਰ ਕੋਈ ਬੰਦਿਸ਼ਾਂ ਤੋਂ ਮੁਕਤ ਅਜ਼ਾਦ ਜੀਵਨ ਜਿਉਣਾ ਲੋਚਦਾ ਹੈ। ਇਹ ਅਜ਼ਾਦੀ ਕਿਸੇ ਵੀ ਪ੍ਰਕਾਰ ਦੀ ਜਾਂ ਕਿਸੇ ਦੀ ਵੀ ਗੁਲਾਮੀ ਤੋਂ ਮੁਕਤ ਹੋਣ ਦੀ ਹੋ ਸਕਦੀ ਹੈ। ਅਜ਼ਾਦੀ ਦੀ ਪਰਿਭਾਸ਼ਾ ਛੋਟੇ ਪੱਧਰ ਤੋਂ ਲੈ ਕੇ ਵੱਡੇ ਪੱਧਰ ਤੱਕ ਆਪਣੇ-ਆਪਣੇ ਸੁਭਾਅ ਮੁਤਾਬਕ ਹੋ ਸਕਦੀ ਹੈ। ਪਰ ਸਾਡੇ ਦੇਸ਼ ਅਤੇ ਦੇਸ਼ਵਾਸੀਆਂ ਲਈ ਅਜ਼ਾਦੀ ਵਧੇਰੇ ਕਰਕੇ ਤਕਰੀਬਨ 100 ਸਾਲ ਭਾਰਤ ਉੱਪਰ ਰਾਜ ਕਰਨ ਵਾਲੀ ਅੰਗਰੇਜ਼ੀ ਕੌਮ ਜੋ ਕਿ ਈਸਟ ਇੰਡੀਆ ਕੰਪਨੀ ਦੇ ਰੂਪ ਵਿੱਚ ਭਾਰਤ ਵਿੱਚ ਦਾਖਿਲ ਹੋਈ ਅਤੇ ਮਾਲਕ ਬਣ ਬੈਠੀ ਤੋਂ 1947 ਵਿੱਚ ਮਿਲੀ ਅਜ਼ਾਦੀ ਹੈ। ਅੰਗਰੇਜਾਂ ਨੇ ਭਾਰਤ ਨੂੰ ਗੁਲਾਮ ਬਣਾ ਕੇ ਇੱਥੋਂ ਦੇ ਲੋਕਾਂ ਦੇ ਬੁਨਿਆਦੀ ਹੱਕ ਖੋਹ ਲਏ ਅਤੇ ਸਾਰੇ ਪ੍ਰਬੰਧ ਨੂੰ ਆਪਣੇ ਅਧੀਨ ਕਰ ਲਿਆ। ਬੇਕਸੂਰ ਲੋਕਾਂ ਨਾਲ ਧੱਕੇਸ਼ਾਹੀਆਂ ਹੋਣ ਲੱਗੀਆਂ ਤਾਂ ਕੁਝ ਅਣਖੀ ਲੋਕਾਂ ਦੇ ਖੂਨ ਨੇ ਉਬਾਲਾ ਖਾਧਾ ਅਤੇ ਉਹਨਾਂ ਨੇ ਦੇਸ਼ ਨੂੰ ਅੰਗਰੇਜਾਂ ਦੇ ਚੁੰਗਲ ਵਿੱਚੋਂ ਛੁਡਵਾਉਣ ਲਈ ਤਰਕੀਬਾਂ ਅਤੇ ਸੰਘਰਸ਼ ਸ਼ੁਰੂ ਕਰ ਦਿੱਤਾ। ਕੁਝ ਕੁ ਲੋਕਾਂ ਤੋਂ ਸ਼ੁਰੂ ਹੋਇਆ ਇਹ ਕਾਫਲਾ ਇੱਕ ਬਹੁਤ ਵੱਡੇ ਇਕੱਠ ਦਾ ਰੂਪ ਧਾਰਨ ਕਰ ਗਿਆ। ਗਾਂਧੀ, ਨਹਿਰੂ ਵਰਗੇ ਲੋਕ ਜੋ ਵਲਾਇਤ ਵਿੱਚੋਂ ਡਿਗਰੀਆਂ ਕਰ ਕੇ ਆਏ ਸਨ, ਬੜੇ ਦੂਰਅੰਦੇਸ਼ ਅਤੇ ਚਾਲਾਕ ਨਿਕਲੇ। ਉਹਨਾਂ ਨੇ ਸਮੇਂ ਦੇ ਵੇਗ ਨੂੰ ਭਾਂਪਦਿਆਂ ਕ੍ਰਾਂਤੀਕਾਰੀਆਂ ਦੇ ਹਥਿਆਰਬੰਦ ਸੰਘਰਸ਼ ਦੇ ਪਿੱਛੇ ਆਪਣਾ ਅਹਿੰਸਾ ਦਾ ਰਸਤਾ ਚੁਣ ਲਿਆ ਕਿਉਂਕਿ ਉਹ ਜਾਣਦੇ ਸਨ ਕਿ ਅੰਗਰੇਜਾਂ ਦੀ ਗੋਲੀ ਦਾ ਨਿਸ਼ਾਨਾ ‘ਦੂਸਰੇ’ ਬਣਨਗੇ ਅਤੇ ਅੱਗੇ ਜਾ ਕੇ ਸੱਤਾ ਦਾ ਸੁੱਖ ਉਹ ਭੋਗਣਗੇ। ਦੇਸ਼ ਨੂੰ ਅਜ਼ਾਦ ਕਰਾਉਣ ਵਿੱਚ ਕ੍ਰਾਂਤੀਕਾਰੀਆਂ ਦੇ ਯੋਗਦਾਨ ਤੋਂ ਬਿਨਾਂ ਅਜ਼ਾਦੀ ਬਾਰੇ ਸੋਚਣਾ ਵੀ ਕਲਪਨਾ ਹੀ ਹੋ ਨਿਬੜਦਾ। ਸਿੱਖਾਂ ਨੇ ਇਸ ਅਜ਼ਾਦੀ ਦੀ ਲੜਾਈ ਵਿੱਚ ਬਹੁਤ ਹੀ ਸ਼ਲਾਘਾਯੋਗ ਅਤੇ ਮੋਹਰੀ ਭੂਮਿਕਾ ਨਿਭਾਈ ਜਿਸਨੂੰ ਇਤਿਹਾਸ ਦੇ ਵਰਕੇ ਫਰੋਲਦਿਆਂ ਅੱਖੋਂ-ਪਰੋਖੇ ਨਹੀਂ ਕੀਤਾ ਜਾ ਸਕਦਾ। ਗਦਰ ਲਹਿਰ, ਕੂਕਾ ਲਹਿਰ,ਨੌਜਵਾਨ ਸਭਾ, ਪਗੜੀ ਸੰਭਾਲ ਲਹਿਰ ਆਦਿ ਅਜ਼ਾਦੀ ਵੱਲ ਨੂੰ ਤੇਜ਼ ਵੇਗ ਨਾਲ ਵਗ ਰਹੀਆਂ ਲਹਿਰਾਂ ਸਿੱਖ ਕੌਮ ਦੀ ਹੀ ਦੇਣ ਸਨ ਜਿੰਨ੍ਹਾਂ ਦੇ ਨਤੀਜੇ ਦੁਨੀਆਂ ਦੇ ਸਾਹਮਣੇ ਹਨ।

ਇਸ ਅਜ਼ਾਦੀ ਦੀ ਲੜਾਈ ਵਿੱਚ ਨਿਸ਼ਾਨੇ ਦੀ ਪ੍ਰਾਪਤੀ ਲਈ ਅਨੇਕਾਂ ਹੀ ਦੇਸ਼ ਭਗਤਾ ਨੇ ਰੰਗ-ਜਾਤ ਦੇ ਭੇਦਭਾਵ ਤੋਂ ਉੱਪਰ ਉੱਠ ਕੇ ਕੁਰਬਾਨੀਆਂ ਦਿੱਤੀਆਂ। ਬਹੁਤ ਸਾਰੇ ਜਾਗਦੀ ਜ਼ਮੀਰ ਅਤੇ ਅਣਖ ਨਾਲ ਜਿਉਣ ਲਈ ਤਤਪਰ ਯੋਧਿਆਂ ਨੇ ਫਾਂਸੀਆਂ ਦੇ ਰੱਸਿਆਂ ਨੂੰ ਹੱਸ-ਹੱਸ ਕੇ ਗਲ ਵਿੱਚ ਪਾਇਆ, ਸ਼ੌਕ ਨਾਲ ਕਾਲੇ ਪਾਣੀਆਂ ਵੱਲ ਨੂੰ ਤੁਰ ਪਏ ਸਿਰਫ ਦੇਸ਼ ਨੂੰ ਅਜ਼ਾਦ ਕਰਵਾਉਣ ਲਈ।

ਪਰ ਅਫਸੋਸ ਉਹਨਾਂ ਸ਼ਹੀਦਾਂ ਦੇ ਸੁਪਨੇ ਹਕੀਕਤ ਦਾ ਰੂਪ ਨਾ ਲੈ ਸਕੇ ਬਸ ਮਹਿਜ਼ ਸੁਪਨੇ ਹੀ ਰਹਿ ਗਏ। ਸ਼ਹੀਦਾਂ ਦੇ ਸਿਰਾਂ ਦੇ ਮੁੱਲ ਬਦਲੇ ਮਿਲੀ ਅਜ਼ਾਦੀ ਦਾ ਅਜੋਕੇ ਭਾਰਤ ਦੇ ਲੀਡਰਾਂ, ਸਰਕਾਰਾਂ, ਅਫਸਰਸ਼ਾਹੀ ਨੇ ਮਿਲ ਕੇ ‘ਚੀਰ-ਹਰਣ’ ਕਰ ਦਿੱਤਾ ਹੈ। ਲੋਕਾਂ ਦੇ ਦਿਲਾਂ ਵਿੱਚ ਅਜ਼ਾਦੀ ਦੀ ਤਾਂਘ ਪੈਦਾ ਕਰਨ ਲਈ ਸੰਗਲਾਂ ਨਾਲ ਬੰਨ੍ਹ ਕੇ ਹੰਝੂ ਕੇਰਦੀ ਬਣਾਈ ਗਈ ‘ਭਾਰਤ-ਮਾਤਾ’ ਜੇ ਸੱਚੀਂ ਹੁੰਦੀ ਤਾਂ ਸੱਚ-ਮੁੱਚ ਹੀ ਕੁਰਲਾ ਉੱਠਦੀ ਅਤੇ ਸ਼ਾਇਦ ਇਹ ਕਹਿਣੋ ਵੀ ਸੰਕੋਚ ਨਾ ਕਰਦੀ ਕਿ ‘ਇਹਨਾਂ ਨਾਲੋਂ ਤਾਂ ਅੰਗਰੇਜ਼ ਹੀ ਚੰਗੇ ਸਨ’...!

ਅੰਗਰੇਜਾਂ ਦੀ ਗੁਲਾਮੀ ਤੋਂ ਬਾਅਦ ਆਮ ਵਰਗ ਕਾਨੂੰਨ ਅਤੇ ਸੰਵਿਧਾਨ ਦੇ ਨਾਲ-ਨਾਲ ਇਹਨਾਂ ਲਾਲਚੀ ਅਤੇ ਮੱਕਾਰ ਲੀਡਰਾਂ ਦਾ ਗੁਲਾਮ ਹੋ ਗਿਆ ਹੈ। ਅਜ਼ਾਦੀ ਦਾ ਅਸਲ ਆਨੰਦ ਤਾਂ ਹਾਕਮ ਜਮਾਤ ਹੀ ਮਾਣ ਰਹੀ ਹੈ ਭਾਵੇਂ ਕਿ ਇਹ ਹਾਕਮ ਜਮਾਤ ਵੀ ਸੁੱਖ-ਸਹੂਲਤਾਂ ਅਤੇ ਐਸ਼ੋ-ਅਰਾਮ ਭਰਪੂਰ ਮਹਿੰਗੇ ਜੀਵਨ ਦੀ ਗੁਲਾਮ ਹੈ ਪਰ ਇਸ ਨੂੰ ਇਸ ਗੁਲਾਮੀ ਦਾ ਅਜ਼ਾਦੀ ਨਾਲੋਂ ਵੀ ਜ਼ਿਆਦਾ ਲਾਭ ਹੋ ਰਿਹਾ ਹੈ।

ਅੰਗਰੇਜਾਂ ਤੋਂ ਅਜ਼ਾਦੀ ਤੋਂ ਬਾਅਦ ਇਸ ਦੇਸ਼ ਵਿੱਚ ਘੱਟ-ਗਿਣਤੀ ਕੌਮਾਂ, ਗਰੀਬ ਤਬਕੇ ਅਤੇ ਮਜ਼ਲੂਮਾਂ ਦੀ ਜੋ ਦੁਰਦਸ਼ਾ ਹੋਈ ਹੈ ਉਹ ਸ਼ਾਇਦ ਅੰਗਰੇਜਾਂ ਨੇ ਵੀ ਨਹੀਂ ਕੀਤੀ ਹੋਵੇਗੀ। ਇਸ ਸਭ ਲਈ ਸਿੱਧੇ ਤੌਰ ‘ਤੇ ਜ਼ਿੰਮੇਵਾਰ ਭਾਰਤ ਦੀਆਂ ਸਰਕਾਰਾਂ, ਸੰਵਿਧਾਨ ਅਤੇ ਕਾਨੂੰਨ ਹਨ। ਕਾਨੂੰਨ ਅੰਨ੍ਹਾਂ-ਬੋਲਾਂ ਹੋਣ ਦੇ ਨਾਲ-ਨਾਲ ਹੀ ਪੈਸੇ ਵਾਲੇ ਅਮੀਰ ਲੋਕਾਂ ਅਤੇ ਰਾਜਨੇਤਾਵਾਂ ਦਾ ਹੱਥ-ਠੋਕਾ ਬਣ ਕੇ ਰਹਿ ਗਿਆ ਹੈ ਅਤੇ ਇਸ ਦੇਸ਼ ਨੂੰ ਸੁਚਾਰੂ ਰੂਪ ਨਾਲ ਚਲਾਉਣ ਲਈ ਬਣਾਇਆ ਗਿਆ ਸੰਵਿਧਾਨ ਹੀ ਇਸ ਦੁਰਦਸ਼ਾ ਦਾ ਭਾਗੀਦਾਰ ਬਣ ਗਿਆ ਹੈ। ਭਾਰਤ ਦਾ ਲੋਕਤੰਤਰ ਨਕਾਰਾ ਹੋ ਚੁੱਕਿਆ ਹੈ। ਜਿੱਥੇ ਇੱਕ ਪਾਸੇ ਬਹੁ-ਗਿਣਤੀ ਲੋਕਾਂ ਦੇ ਸਭ ਹੱਕ ਰਾਖਵੇਂ ਹਨ ਉੱਥੇ ਹੀ ਘੱਟ ਗਿਣਤੀ ਲੋਕਾਂ ਦੇ ਹੱਕਾਂ ਦੀ ਗੱਲ ਕਰਨ ਵਾਲੇ ਨੂੰ ‘ਦੇਸ਼ ਲਈ ਖਤਰਾ’ ਗਰਦਾਨਿਆ ਜਾਂਦਾ ਹੈ। ਸੰਸਦ ‘ਤੇ ਹਮਲਾ ਕਰਨ ਵਾਲਿਆਂ ਦਾ ਕੇਸ ਹੱਲ ਕਰਕੇ ਦੋਸ਼ੀਆਂ ਨੂੰ ਸਜਾਵਾਂ ਵੀ ਸੁਣਾ ਦਿੱਤੀਆਂ ਗਈਆਂ ਹਨ ਪਰ 1984 ਵਿੱਚ ਦਿੱਲੀ ਵਿੱਚ ਵਾਪਰੇ ਸਿੱਖ ਕਤਲੇਆਮ ਅਤੇ ਉਸਤੋਂ ਬਾਅਦ ਗੁਜਰਾਤ ਵਿੱਚ ਮੁਸਮਾਨਾਂ ਦੇ ਕਤਲੇਆਮ ਦੇ ਦੋਸ਼ੀਆਂ ਦੀ ਅਜੇ ਵੀ ‘ਭਾਲ’ ਜਾਰੀ ਹੈ। ਹਜ਼ਾਰਾਂ ਹੀ ਬੇਦੋਸ਼ਿਆਂ ਨੂੰ ਦਿਨ-ਦਿਹਾੜੇ ਜਿੰਦਾਂ ਤੇਲ ਪਾ ਕੇ ਸਾੜ ਦਿੱਤਾ ਗਿਆ, ਧੀਆਂ-ਭੈਣਾਂ ਦੀ ਬੇਪੱਤੀ ਕੀਤੀ ਗਈ ਪਰ ਕਾਤਲ ਜਾਂ ਦੋਸ਼ੀ ਕੋਈ ਵੀ ਨਹੀਂ। ਹਰ ਵਾਰ ਨਵੇਂ ਤੋਂ ਨਵੇਂ ਕਮਿਸ਼ਨ ਬਣਾ ਕੇ ਸਮਾਂ ਖਰਾਬ ਕਰਨ ਦੀ ਨੀਤੀ ਅਪਣਾਈ ਜਾ ਰਹੀ ਹੈ। ਇਸ ਤੋਂ ਉਲਟ ਹਿਰਨ ਦਾ ਸ਼ਿਕਾਰ ਕਰਨ ਵਾਲੇ ਸਲਮਾਨ ਖਾਨ ਨੂੰ ਵੀ ਦੋਸ਼ੀ ਗਰਦਾਨਦਿਆਂ ਸਜ਼ਾ ਸੁਣਾ ਦਿੱਤੀ ਗਈ ਪਰ ਇਨਸਾਨਾਂ ਦੇ ਕਾਤਲਾਂ ਨੂੰ ਸਾਫ ਅਕਸ ਵਾਲੇ ਸਾਬਿਤ ਕਰਨ ਲਈ ਜੋਰ ਲਗਾਇਆ ਜਾ ਰਿਹਾ ਹੈ। ਬਿਨ੍ਹਾਂ ਗਵਾਹਾਂ ਅਤੇ ਸਬੂਤਾਂ ਤੋਂ ਪ੍ਰੋ:ਦਵਿੰਦਰਪਾਲ ਸਿੰਘ ਭੁੱਲਰ ਨੂੰ ਫਾਂਸੀ ‘ਤੇ ਲਟਕਾਉਣ ਦੀ ਕਾਹਲ ਹੈ ਪਰ ’84 ਦੇ ਸਿੱਖ



ਕਤਲੇਆਮ ਦੇ ਦੋਸ਼ੀਆਂ ਖਿਲਾਫ ਅਨੇਕਾਂ ਚਸ਼ਮਦੀਦ ਗਵਾਹ ਅਤੇ ਗਵਾਹਾਂ ਦੇ ਹਲਫੀਆਂ ਬਿਆਨਾਂ ਨੂੰ ਅੱਖੋਂ ਪਰੋਖੇ ਕਰਕੇ ਕਾਨੂੰਨ ਅੰਨ੍ਹਾਂ ਅਤੇ ਬੇਵੱਸ ਬਣਾ ਦਿੱਤਾ ਹੈ। ਇਹਨਾਂ ਵੱਡੀਆਂ ਘਟਨਾਵਾਂ ਤੋਂ ਇਲਾਵਾ ਨਿਤਾਪ੍ਰਤੀ ਕਿੰਨੀਆਂ ਹੀ ਐਸੀਆਂ ਘਟਨਾਵਾਂ ਵਾਪਰਦੀਆਂ ਹਨ ਜਿਨ੍ਹਾਂ ਨਾਲ ਆਮ ਵਰਗ ਨੂੰ ਨਮੋਸ਼ੀ ਦਾ ਸਾਹਮਣਾ ਕਰਨਾ ਪੈਂਦਾ ਹੈ। ਕੁਝ ਦਿਨ ਪਹਿਲਾਂ ਹੀ ਅਖਬਾਰ ਵਿੱਚ ਖਬਰ ਛਪੀ ਸੀ ਕਿ ਬੁਢਾਪਾ ਪੈਨਸ਼ਨ ਲਗਵਾਉਣ ਲਈ ਸਰਕਾਰੀ ਦਫਤਰਾਂ ਦੇ ਚੱਕਰ ਲਗਾ ਰਹੇ ਬਜ਼ੁਰਗ ਜੋੜੇ ਨੂੰ ਸਰਕਾਰੀ ਦਫਤਰ ਵਿੱਚ ਹੀ ਬੇਇੱਜ਼ਤੀ ਝੱਲਣੀ ਪਈ। ਅਜ਼ਾਦ ਭਾਰਤ ਦੇ ਨਾਗਰਿਕ ਹੋਣ ਦੇ ਬਾਵਜੂਦ ਵੀ ਉਹ ਅਫਸਰਸ਼ਾਹੀ ਦੀ ਮਰਜ਼ੀ ਦੇ ਗੁਲਾਮ ਹੀ ਹਨ। ਸਾਡੇ ਦੇਸ਼ ਵਿੱਚ ਦੋ ਦਿਨ ਦਾ ਭੁੱਖਾ ਜੇ ਰੋਟੀ ਖਾਣ ਲਈ ਕੁਝ ਪੈਸੇ ਚੋਰੀ ਕਰ ਲਵੇ 'ਤੇ ਫਿਰ ਫੜਿਆ ਜਾਣ 'ਤੇ ਉਸਨੂੰ ਕਈ ਚੋਰੀਆਂ ਦਾ ਜ਼ੁਰਮ ਕਬੂਲਣਾ ਪੈ ਜਾਂਦਾ ਹੈ ਪਰ ਦੂਸਰੇ ਪਾਸੇ ਕਰੋੜਾਂਪਤੀ ਸਾਡੇ ਨੇਤਾ ਕਰੋੜਾਂ ਦੇ ਘੁਟਾਲੇ ਕਰਦੇ ਹਨ ਅਤੇ ਕੋਈ ਉਹਨਾਂ ਨੂੰ ਪੁੱਛਣ ਵਾਲਾ ਨਹੀਂ। ਕੁਝ ਸਮਾਂ ਚਰਚਾ ਚਲਦੀ ਹੈ, ਸਬੂਤ ਇਕੱਠੇ ਕੀਤੇ ਜਾਂਦੇ ਹਨ ਪਰ ਸਮਾਂ ਪੈਣ ਨਾਲ ਸਭ ਭੁਲ-ਭੁਲਾ ਜਾਂਦਾ ਹੈ। ਜੋ ਪੈਸੇ ਲੈਂਦੇ ਫੜੇ ਗਏ ਉਹ ਪੈਸੇ ਦੇ ਕੇ ਹੀ ਬਚ ਨਿਕਲਦੇ ਹਨ ਪਰ ਗਰੀਬ ਕਾਨੂੰਨ ਦੇ ਸ਼ਿਕੰਜੇ ਦਾ ਗੁਲਾਮ ਹੋ ਜਾਂਦਾ ਹੈ।

26 ਜਨਵਰੀ 1950 ਨੂੰ ਲਾਗੂ ਹੋਏ ਸੰਵਿਧਾਨ ਨੇ ਸਾਡੇ ਸਮਾਜ ਦੀ ਜਾਤਾਂ-ਪਾਤਾਂ ਦੀ ਵੰਡ ਨੂੰ ਹੋਰ ਵੀ ਪੱਕਾ ਕਰ ਦਿੱਤਾ ਫਰਕ ਸਿਰਫ ਐਨਾ ਹੀ ਹੀ ਹੈ ਕਿ ਖੱਤਰੀ,ਵੈਸ,ਸ਼ੂਦਰ ਆਦਿ ਨਾਮ ਬਦਲ ਕੇ ਥੋੜ੍ਹੀ ਤਬਦੀਲੀ ਨਾਲ S.C. (S.C.RO), B.C. ਆਦਿ ਨਾਮ ਦੇ ਦਿੱਤੇ ਗਏ ਹਨ ਮਤਲਬ ਕਿ 'ਕਿਰਦਾਰ ਬਦਲ ਗਏ ਹਨ ਪਰ ਕਹਾਣੀ ਉਹੀ ਹੈ'। ਸਾਡੇ ਗਲ ਆਪਣੀ ਹੀ ਗੱਲ 'ਤੇ ਪੱਕਾ ਨਾ ਰਹਿਣ ਵਾਲੇ ਸੰਵਿਧਾਨ ਦਾ ਜੂਲਾ ਪਾ ਦਿੱਤਾ ਗਿਆ ਹੈ। ਆਪਣੀ ਧਾਰਾ 14 ਅਤੇ 15 ਵਿੱਚ ਸਭ ਨੂੰ ਬਰਾਬਰੀ ਦਾ ਹੱਕ ਦੇਣ ਵਾਲਾ ਸੰਵਿਧਾਨ ਲੋਕਾਂ ਨੂੰ ਇਸ ਜਾਤ-ਪਾਤ ਨਾਮੀ ਬਿਮਾਰੀ ਤੋਂ ਮੁਕਤ ਵੀ ਨਹੀਂ ਹੋਣ ਦਿੰਦਾ। ਕੋਈ ਜਿੰਨ੍ਹੀਆਂ ਮਰਜ਼ੀ ਟਾਹਰਾਂ ਮਾਰਦਾ ਫਿਰੇ ਕਿ ਉਹ ਜਾਤ-ਪਾਤ ਨੂੰ ਨਹੀਂ ਮੰਨਦਾ ਪਰ ਜਦੋਂ ਉਹੀ ਇਨਸਾਨ ਕਿਸੇ ਨੌਕਰੀ ਲਈ ਜਾਂ ਦਾਖਲੇ ਲਈ ਫਾਰਮ ਭਰਦਾ ਹੈ ਤਾਂ ਉਸ ਦੇ 'ਸਭ ਨੂੰ ਬਰਾਬਰ' ਮੰਨਣ ਦੇ ਦਾਅਵੇ ਧੂੰਏਂ ਵਾਂਗ ਹਵਾ ਵਿੱਚ ਉੱਡਦੇ ਪ੍ਰਤੀਤ ਹੁੰਦੇ ਹਨ। ਦਾਖਲੇ ਅਤੇ ਨੌਕਰੀਆਂ ਜਾਤ-ਪਾਤ ਦੇ ਅਧਾਰ 'ਤੇ ਲੈਣ ਵਾਲੇ ਲੋਕ ਇਸ ਗੁਲਾਮੀ ਵਿੱਚੋਂ ਕਿਸ ਤਰ੍ਹਾਂ ਨਿਕਲ ਸਕਦੇ ਹਨ? ਇਸ ਸਵਾਲ ਦਾ ਜਵਾਬ ਸ਼ਾਇਦ ਹੀ ਕਿਸੇ ਕੋਲ ਹੋਵੇ। ਜਾਤ-ਪਾਤ ਦੇ ਅਧਾਰ 'ਤੇ ਰਾਖਵਾਂਕਰਨ ਇਸ ਦੇਸ਼ ਦੇ ਅਖੌਤੀ ਮਹਾਤਮਾ ਕਰਮ ਚੰਦ ਗਾਂਧੀ ਦੀ ਦੇਣ ਹੈ। ਜਦੋਂ ਡਾਂ:ਅੰਬੇਦਕਰ ਨੇ ਆਪਣੇ ਸਾਥੀਆਂ ਨਾਲ ਸਿੱਖ ਧਰਮ ਅਪਨਾਉਣ ਦੀ



ਇੱਛਾ ਪ੍ਰਗਟ ਕੀਤੀ ਸੀ ਤਾਂ ਉਸ ਸਮੇਂ ਗਾਂਧੀ ਨੇ ਪਛੜੀਆਂ ਸ਼੍ਰੇਣੀਆਂ ਨੂੰ ਕੁਝ ਵਿਸ਼ੇਸ਼ ਅਧਿਕਾਰ ਦਿਵਾਉਣ ਲਈ ਭੁੱਖ ਹੜਤਾਲ ਸ਼ੁਰੂ ਕੀਤੀ ਸੀ। ਇਸ ਰਾਖਵੇਂਕਰਨ ਦਾ ਨਤੀਜਾ ਅੱਜ ਸਭ ਦੇ ਸਾਹਮਣੇ ਹੈ। 'ਸਭੇ ਸਾਂਝੀਵਾਲਤਾ' ਦੇ ਪ੍ਰਤੀਕ ਗੁਰੂਦਾਰਿਆਂ ਵਿੱਚ ਵੀ ਜਾਤਾਂ ਦੇ ਅਧਾਰ 'ਤੇ ਹੋ ਰਹੇ ਵਿਤਕਰੇ ਵਿੱਚੋਂ ਵੀ ਸੰਵਿਧਾਨ ਦੇ ਇਸ ਦੋਗਲੇ ਕਿਰਦਾਰ ਦੀ ਸੜਾਂਦ ਮਾਰਦੀ ਹੈ। ਇਸ ਸੰਵਿਧਾਨ ਨੇ ਸਾਨੂੰ ਮਾਨਸਿਕ ਗੁਲਾਮੀ ਵੱਲ ਨੂੰ ਧੱਕ ਦਿੱਤਾ ਹੈ।

ਅੱਜ ਅਸੀਂ ਗੁਲਾਮ ਹੋ ਚੁੱਕੇ ਹਾਂ ਭ੍ਰਿਸ਼ਟਾਚਾਰ ਦੇ, ਰਿਸ਼ਵਤਖੋਰੀ ਦੇ,ਅਨਪੜ੍ਹਤਾ ਅਤੇ ਬੇਰੁਜ਼ਗਾਰੀ ਦੇ। ਇਹਨਾਂ ਅਲਾਮਤਾਂ ਦੀ ਗੁਲਾਮੀ ਤੋਂ ਬਾਹਰ ਨਿਕਲਣ ਦਾ ਕੋਈ ਰਸਤਾ ਨਜ਼ਰ ਨਹੀਂ ਆਉਂਦਾ ਕਿਉਂਕਿ 'ਵਾੜ ਹੀ ਖੇਤ ਨੂੰ ਖਾ ਰਹੀ ਹੈ'। ਜਿਸ ਦੇਸ਼ ਵਿੱਚ ਭ੍ਰਿਸ਼ਟਾਚਾਰ ਰੋਕਣ ਲਈ ਧਰਨੇ ਦੇਣੇ ਪੈ ਰਹੇ ਹੋਣ ਉਸਨੂੰ ਕਿਵੇਂ ਅਜ਼ਾਦ ਕਿਹਾ ਜਾ ਸਕਦਾ ਹੈ...? ਜਿੰਨ੍ਹਾਂ ਨੇ ਦੇਸ਼ ਨੂੰ ਤਰੱਕੀ ਦੇ ਰਸਤੇ 'ਤੇ ਤੋਰਨਾ ਸੀ ਉਹ ਆਪਣੀ ਹੀ ਤਰੱਕੀ ਵੱਲ ਨੂੰ ਤੁਰ ਪਏ ਹਨ। ਸਾਰਾ ਸਰਕਾਰੀ ਤੰਤਰ ਭ੍ਰਿਸ਼ਟ ਹੋ ਚੁੱਕਿਆ ਹੈ। ਹਰ ਦਿਨ ਨਵੇਂ ਹੀ ਘੋਟਾਲੇ ਦੀ ਖਬਰ ਅਖਬਾਰਾਂ ਦਾ ਸ਼ਿੰਗਾਰ ਬਣਦੀ ਹੈ। ਰਿਸ਼ਵਤਖੋਰੀ ਦੇ 'ਮੁਕਾਬਲੇ' ਵਿੱਚ ਸਮਾਜ ਦੀ ਰਖਵਾਲੀ ਦੀ ਜ਼ਿੰਮੇਵਾਰੀ 'ਤੇ ਤੈਨਾਤ ਪੁਲੀਸ ਦਾ ਮਹਿਕਮਾ ਸਭ ਨਾਲੋਂ ਮੋਹਰੀ ਹੁੰਦਾ ਜਾ ਰਿਹਾ ਹੈ। ਹਰ ਰੋਜ਼ ਛੋਟੇ ਤੋਂ ਲੈ ਕੇ ਉਪਰਲੇ ਦਰਜੇ ਦੇ ਮੁਲਾਜ਼ਮ 'ਮੁਲਜ਼ਮ' ਬਣ ਰਹੇ ਹਨ। ਸਰਕਾਰੀ ਅਹੁਦਿਆਂ 'ਤੇ ਤੈਨਾਤ ਅਫਸਰ ਅਤੇ ਮੁਲਾਜ਼ਮ ਆਪਣੇ ਹੀ ਰਿਸ਼ਤੇਦਾਰਾਂ ਨੂੰ ਨੌਕਰੀਆਂ ਦਿਵਾਉਣ ਵਿੱਚ ਜੁਟੇ ਹੋਏ ਹਨ।

ਸਿੱਖਿਆ ਪ੍ਰਣਾਲੀ ਨੂੰ ਗ੍ਰਹਿਣ ਲੱਗ ਚੁੱਕਾ ਹੈ। ਸਕੂਲ ਅਤੇ ਕਾਲਜ ਖੁੰਬਾਂ ਵਾਂਗ ਉੱਗ ਰਹੇ ਹਨ, ਜਿੰਨ੍ਹਾਂ ਵਿੱਚੋਂ ਬਹੁਤ ਸਾਰੇ ਤਾਂ ਬੁਨਿਆਦੀ ਸਹੂਲਤਾਂ ਵੀ ਪੂਰੀਆਂ ਨਹੀਂ ਕਰਦੇ ਪਰ ਸਰਕਾਰੀ ਮਾਨਤਾ ਲੈਣ ਵਿੱਚ ਹਰ ਕੋਈ ਸਫਲ ਹੋ ਜਾਂਦਾ ਹੈ। ਇਹਨਾਂ ਸਕੂਲਾਂ/ਕਾਲਜਾਂ ਵਿੱਚ ਹੁਣ ਕਾਬਲੀਅਤ ਦੇ ਅਧਾਰ 'ਤੇ ਵਿਦਿਆਰਥੀਆਂ ਦੇ ਨੰਬਰ ਨਹੀਂ ਆਉਂਦੇ ਸਗੋਂ ਨੰਬਰ ਅਤੇ ਦਰਜਾ ਪੈਸੇ ਨਾਲ ਮਾਪਿਆ ਜਾਂਦਾ ਹੈ। ਹਰ ਕੋਈ ਆਪਣੇ ਸਕੂਲ/ਕਾਲਜ ਦਾ ਨਾਮ ਚਮਕਾਉਣ ਲਈ ਵਿਦਿਆਰਥੀਆਂ ਨੂੰ ਜ਼ਿਆਦਾ ਤੋਂ ਜ਼ਿਆਦਾ ਨੰਬਰ ਦੇ ਰਿਹਾ ਹੈ। ਸਰਕਾਰ ਨੂੰ ਇਸ ਸਭ ਦਾ ਪਤਾ ਹੋਣ ਦੇ ਬਾਵਜੂਦ ਵੀ ਕੋਈ ਕਾਰਵਾਈ ਨਹੀਂ ਕੀਤੀ ਜਾਂਦੀ ਸਗੋਂ ਯੋਗਤਾ ਰੱਖਣ ਵਾਲੇ ਉਮੀਦਵਾਰਾਂ ਦਾ ਨੌਕਰੀਆਂ ਦੇਣ ਸਮੇਂ ਫਿਰ ਤੋਂ ਟੈਸਟ ਲਿਆ ਜਾਂਦਾ ਹੈ ਅਤੇ ਉਹ ਵੀ ਮੋਟੀਆਂ ਫੀਸਾਂ ਲੈ ਕੇ ਨਾਲ ਹੀ ਇਹ ਵੀ ਯਕੀਨੀ ਬਣਾਇਆ ਜਾਂਦਾ ਹੈ ਕਿ ਟੈਸਟ ਵਿੱਚੋਂ ਘੱਟ ਹੀ ਪਾਸ ਹੋਣ। ਟੈਸਟ ਪਾਸ ਕਰਾਉਣ ਲਈ ਵੀ ਬੰਦੋਬਸਤ ਮਹਿਕਮਿਆਂ ਵੱਲੋਂ ਕੀਤਾ ਜਾਂਦਾ ਹੈ ਜਿਸਦੀ ਤਾਜ਼ਾ ਉਦਾਹਰਨ ਸਾਹਮਣੇ ਆਈ ਜਦੋਂ ਪੰਜਾਬ ਦੈ ਐਲੀਮੈਂਟਰੀ ਵਿਭਾਗ ਦੇ ਡੀ.ਪੀ.ਆਈ. ਨੂੰ ਅਧਿਆਪਕ ਯੂਨੀਅਨ ਦੇ ਪ੍ਰਧਾਨ ਨਾਲ ਮਿਲ ਕੇ ਟੀ.ਈ.ਟੀ. ਪੈਸੇ ਲੈ ਕੇ ਪਾਸ ਕਰਵਾਉਣ ਲਈ ਰਿਸ਼ਵਤ ਦੇ ਕੇਸ ਵਿੱਚ ਸੀ.ਬੀ.ਆਈ. ਨੇ ਹਿਰਾਸਤ ਵਿੱਚ ਲੈ ਲਿਆ। ਅਮੀਰ ਤਾਂ ਪੈਸੇ ਦੇ ਕੇ ਪਾਸ ਹੋ ਗਏ ਪਰ ਗਰੀਬ ਤਾਂ ਫਿਰ ਗਰੀਬੀ ਦਾ ਗੁਲਾਮ ਹੀ ਰਹਿ ਗਿਆ। ਸੱਚ ਕੀ ਹੈ ਉਹ ਤਾਂ ਬਾਅਦ ਵਿੱਚ ਸਾਹਮਣੇ ਆਵੇਗਾ ਪਰ ਸਿਸਟਮ ਵਿੱਚ ਖਾਮੀਆਂ ਤਾਂ ਜੱਗ ਜਾਹਿਰ ਹੋ ਹੀ ਗਈਆਂ ਹਨ।

ਸਾਰਾ ਦੇਸ਼ ਬੜਾ ਖੁਸ਼ ਹੋ ਕੇ 15 ਅਗਸਤ ਨੂੰ ਅਜ਼ਾਦੀ ਦਿਵਸ ਮਨਾਉਂਦਾ ਹੈ ਪਰ ਇੱਕ ਵਾਰ ਜ਼ਰੂਰ ਸੋਚਣਾ ਕਿ ਕੀ ਅਸੀਂ ਸੱਚ-ਮੁੱਚ ਅਜ਼ਾਦ ਹਾਂ...? ਕਿਤੇ ਅਸੀਂ ਅਜ਼ਾਦ ਹੋਣ ਦੇ ਭਰਮ ਵਿੱਚ ਹੀ ਅਜ਼ਾਦੀ ਦੇ ਜਸ਼ਨ ਤਾਂ ਨਹੀਂ ਮਨਾ ਰਹੇ...?

ਸਾਡੇ ਦੇਸ਼ ਦਾ ਸਾਰਾ ਹੀ ਤਾਣਾ-ਬਾਣਾ ਸਮਾਜ ਵਿਰੋਧੀ ਅਲਾਮਤਾਂ ਭ੍ਰਿਸ਼ਟਾਚਾਰ, ਰਿਸ਼ਵਤਖੋਰੀ, ਅਨਪੜ੍ਹਤਾ ਅਤੇ ਬੇਰੁਜ਼ਗਾਰੀ ਨਾਲ ਉਲਝਿਆ ਪਿਆ ਹੈ ਜਿਸਦੇ ਸੁਲਝਣ ਦੀ ਨੇੜ ਭਵਿੱਖ ਵਿੱਚ ਤਾਂ ਕੋਈ ਉਮੀਦ ਨਜ਼ਰ ਨਹੀਂ ਆਉਂਦੀ। ਵਾਹਿਗੁਰੂ ਭਲੀ ਕਰਨ ਸਾਰੇ ਲੋਕ ਜਾਗਰੂਕ ਹੋਣ ਅਤੇ ਏਕਤਾ ਨਾਲ ਸਮਾਜ ਨੂੰ ਲੱਗੀ ਇਸ ਸਿਉਂਕ ਤੋਂ ਦੇਸ਼ ਨੂੰ ਅਮਲੀ ਰੂਪ ਵਿੱਚ ਅਜ਼ਾਦ ਕਰਾਉਣ ਵਿੱਚ ਸਫਲ ਹੋ ਜਾਣ।

-0-

# ਅਜ਼ਾਦੀ ਦੀ ਲੜਾਈ ਵਿਚ ਸਿੱਖਾਂ ਦਾ ਯੋਗਦਾਨ

**–ਜਸਵੰਤ ਸਿੰਘ 'ਅਜੀਤ'**

ਉਹ ਬਜ਼ੁਰਗ, ਜਿਨ੍ਹਾਂ ਦੇਸ਼ ਦੀ ਵੰਡ ਦਾ ਦਰਦ ਪਿੰਡੇ ਹੰਡਾਇਆ ਹੈ, ਦਸਦੇ ਹਨ ਕਿ ਦੇਸ਼ ਨੂੰ ਆਜ਼ਾਦੀ ਮਿਲਣ ਦੇ ਸਮੇਂ ਦੇ ਕਾਂਗ੍ਰਸੀ ਨੇਤਾ ਦੇਸ਼ ਦੀ ਸੱਤਾ ਨੂੰ ਕੇਵਲ ਅਪਣੇ ਹਥਾਂ ਵਿਚ ਕੇਂਦ੍ਰਿਤ ਕਰੀ ਰਖਣ ਦੀ ਲਾਲਸਾ ਵਿਚ ਇਤਨੇ ਜ਼ਿਆਦਾ ਗ੍ਰਸਤ ਹੋ ਗਏ ਹੋਏ ਸਨ, ਕਿ ਉਨ੍ਹਾਂ ਦੇਸ਼ ਦੀ ਆਜ਼ਾਦੀ ਤੋਂ ਤੁਰੰਤ ਬਾਅਦ ਹੀ, ਉਨ੍ਹਾਂ ਸਿੱਖਾਂ ਨੂੰ, ਜਰਾਇਮ ਪੇਸ਼ਾ ਕਰਾਰ ਦੇ, ਦੇਸ਼ ਅਤੇ ਮਨੁਖਤਾ ਦੇ ਦੁਸ਼ਮਣ ਸਥਾਪਤ ਕਰ ਭਾਰਤੀ-ਸਮਾਜ ਤੋਂ ਅਲਗ-ਥਲਗ ਕਰ ਦੇਣ ਦੀ ਸਾਜ਼ਿਸ਼ ਰਚਣ ਵਿਚ ਕੋਈ ਝਿਝਕ ਨਹੀਂ ਵਿਖਾਈ, ਜਿਨ੍ਹਾਂ ਨੇ ਨਾ ਕਵੇਲ ਦੇਸ਼ ਦੀ ਆਜ਼ਾਦੀ ਦੇ ਸੰਘਰਸ਼ ਵਿਚ ਸਭ ਤੋਂ ਵਧ ਕੁਰਬਾਨੀਆਂ ਕੀਤੀਆਂ ਸਨ, ਸਗੋਂ ਆਪਣੀ ਕਿਸਮਤ ਭਾਰਤ ਨਾਲ ਜੋੜਨ ਦੇ ਕੀਤੇ ਗਏ ਫੈਸਲੇ ਲਈ ਵੀ ਉਨ੍ਹਾਂ ਨੂੰ ਸਭ ਤੋਂ ਵਧ ਕੀਮਤ ਚੁਕਾਣੀ ਪਈ ਸੀ। ਦੇਸ਼ ਦੀ ਵੰਡ ਨੇ ਤਾਂ ਅੱਧੀ ਤੋਂ ਵਧ ਸਿੱਖ ਕੌਮ ਨੂੰ ਤਬਾਹ ਤੇ ਬਰਬਾਦ ਕਰਕੇ ਰਖ ਦਿਤਾ ਸੀ। ਉਹ ਆਪਣੀਆਂ ਜਾਨਾਂ ਤੋਂ ਵੀ ਵਧ ਪਿਆਰੇ ਗੁਰਦੁਆਰੇ, ਅਰਬਾਂ ਰੁਪਏ ਦੀਆਂ ਜਾਇਦਾਦਾਂ ਅਤੇ ਖ਼ੂਨ-ਪਸੀਨੇ ਨਾਲ ਸਿੰਜੀਆਂ ਜ਼ਮੀਨਾਂ ਆਦਿ ਛੱਡ, ਖਾਲੀ ਹਥ ਆਜ਼ਾਦ ਭਾਰਤ ਵਿਚ, ਇਸ ਵਿਸ਼ਵਾਸ ਨਾਲ ਆਏ ਸਨ ਕਿ ਉਨ੍ਹਾਂ ਵਲੋਂ ਦੇਸ਼ ਲਈ ਕੀਤੀ ਗਈ ਕੁਰਬਾਨੀ ਦਾ ਸਤਿਕਾਰ ਕਰ, ਉਨ੍ਹਾਂ ਨੂੰ ਮਾਣ ਦਿੱਤਾ ਜਾਏਗਾ, ਪਰ ਇਧਰ ਆਉਂਦਿਆਂ ਹੀ ਉਨ੍ਹਾਂ ਨੂੰ 'ਜਰਾਇਮ-ਪੇਸ਼ਾ' ਦੇ ਨਾਂ ਨਾਲ ਨਵਾਜ ਦਿਤਾ ਗਿਆ।

ਇਨ੍ਹਾਂ ਬਜ਼ੁਰਗਾਂ ਅਨੁਸਾਰ ਅਜਿਹਾ ਇਕ ਗਿਣੀ-ਮਿਥੀ ਸਾਜ਼ਸ਼ ਅਧੀਨ ਹੀ ਕੀਤਾ ਗਿਆ ਜਾਪਦਾ ਹੈ, ਜਿਸਦਾ ਉਦੇਸ਼ ਸ਼ਾਇਦ ਇਹੀ ਸੀ ਕਿ ਆਜ਼ਾਦੀ ਦੀ ਲੜਾਈ ਦੌਰਾਨ ਸਿੱਖਾਂ ਵਲੋਂ ਵਿਖਾਏ ਗਏ ਹੌਸਲੇ ਤੇ ਕੀਤੀਆਂ ਜਾਂਦੀਆਂ ਰਹੀਆਂ ਕੁਰਬਾਨੀਆਂ ਨੂੰ ਵੇਖਦਿਆਂ, ਆਜ਼ਾਦੀ ਤੋਂ ਬਾਅਦ ਉਨ੍ਹਾਂ ਦਾ ਸਤਿਕਾਰ-ਸਨਮਾਨ ਕਾਇਮ ਰਖਣ ਦੇ ਜੋ ਵਾਇਦੇ ਉਨ੍ਹਾਂ ਨਾਲ, ਕੀਤੇ ਗਏ ਸਨ, ਉਨ੍ਹਾਂ ਨੂੰ ਪੂਰਿਆਂ ਕਰਨ ਲਈ, ਦਬਾਉ ਨਾ ਬਣਾਇਆ ਜਾ ਸਕੇ।

ਇਨ੍ਹਾਂ ਬਜ਼ੁਰਗਾਂ ਨੇ ਇਹ ਵੀ ਦਸਿਆ ਕਿ ਆਜ਼ਾਦੀ ਦੀ ਲੜਾਈ ਦੌਰਾਨ, ਜਦੋਂ ਕਦੀ ਵੀ ਕਾਂਗ੍ਰਸ ਦੀ ਇਜ਼ਤ ਦਾਅ ਤੇ ਲਗੀ, ਉਸ ਸਮੇਂ ਵੀ ਸਿੱਖ ਹੀ ਉਸਦੀ ਇਜ਼ਤ ਬਚਾਣ ਲਈ ਅਗੇ ਆਏ। ਉਹ, ਇਕ ਘਟਨਾ ਦਾ ਜ਼ਿਕਰ ਕਰਦਿਆਂ ਦਸਦੇ ਹਨ, ਕਿ ਇਕ ਵਾਰ ਬੰਬਈ (ਹੁਣ ਮੁੰਬਈ) ਵਿਖੇ ਕਾਂਗ੍ਰਸ ਦੇ ਹੋਣ ਵਾਲੇ ਜਲਸੇ ਤੇ ਸਰਕਾਰ ਵਲੋਂ ਪਾਬੰਦੀ ਲਾ ਦਿਤੀ ਗਈ ਸੀ ਅਤੇ ਜਲਸੇ ਵਾਲੀ ਥਾਂ ਨੂੰ ਪੁਲਿਸ ਨੇ ਅਪਣੇ ਘੇਰੇ ਵਿਚ ਲੈ ਲਿਆ ਹੋਇਆ ਸੀ। ਕੋਈ ਵੀ ਕਾਂਗ੍ਰਸੀ ਇਸ ਪਾਬੰਦੀ ਦਾ ਵਿਰੋਧ ਕਰਨ ਦੀ ਹਿੰਮਤ ਨਹੀਂ ਸੀ ਜੁਟਾ ਪਾ ਰਿਹਾ। ਉਸ ਸਮੇਂ ਸਿੱਖਾਂ ਦੇ ਇਕ ਜਥੇ ਨੇ ਹੀ, ਜ. ਪ੍ਰਤਾਪ ਸਿੰਘ ਦੀ ਅਗਵਾਈ ਵਿਚ ਮੈਦਾਨ ਵਿਚ ਨਿਤਰ, ਕਾਂਗ੍ਰਸ ਦੀ ਇਜ਼ਤ ਬਚਾਈ।

ਉਨ੍ਹਾਂ ਇਹ ਵੀ ਦਸਿਆ ਕਿ ਅਜ ਜੰਮੂ-ਕਸ਼ਮੀਰ ਦਾ ਜੋ ਹਿਸਾ ਭਾਰਤ ਦਾ ਅੰਗ ਬਣਿਆ ਹੋਇਆ ਹੈ, ਉਹ ਵੀ ਤਾਂ ਰਿਆਸਤ ਪਟਿਆਲਾ ਦੇ ਸਿੱਖ ਫੌਜੀਆਂ ਦੀ ਬਦੌਲਤ ਹੀ ਹੈ, ਉਹ ਸਿੱਖ ਫੌਜੀ ਤਾਂ ਉਸ ਹਿਸੇ ਨੂੰ ਵੀ ਪਾਕਿਸਤਾਨ ਤੋਂ ਵਾਪਸ ਲੈ ਲੈਣ ਲਈ ਤਿਆਰ ਸਨ, ਜੋ ਅਜ ਵੀ



ਪਾਕਿਸਤਾਨ ਦੇ ਕਬਜ਼ੇ ਵਿਚ ਹੈ, ਤੇ ਭਾਰਤ ਲਈ ਕਦੀ ਵੀ ਦੂਰ ਨਾ ਹੋ ਪਾਣ ਵਾਲਾ ਸਿਰ ਦਰਦ ਬਣਿਆ ਹੋਇਆ ਹੈ। ਪ੍ਰੰਤੂ ਉਸ ਸਮੇਂ ਦੇ ਪ੍ਰਧਾਨ ਮੰਤਰੀ, ਪੰਡਤ ਜਵਾਹਰ ਲਾਲ ਨਹਿਰੂ, ਸਿੱਖ ਫੌਜੀਆਂ ਨੂੰ ਅਗੇ ਵਧਣ ਤੋਂ ਰੋਕ, ਮਾਮਲਾ ਯੂ ਐਨ ਓ ਵਿਚ ਲੈ ਗਏ, ਜਿਸ ਨਾਲ ਇਹ ਮਾਮਲਾ ਅਜਿਹਾ ਉਲਝਿਆ ਕਿ ਅਜੇ ਤਕ ਸੁਲਝਣ ਦਾ ਨਾਂ ਨਹੀਂ ਲੈ ਰਿਹਾ। ਤਦ ਤੋਂ ਹੀ ਭਾਰਤ ਉਸ ਉਲਝਣ ਵਿਚੋਂ ਨਿਕਲਣ ਲਈ ਜਾਨ-ਮਾਲ ਦੀ ਭਾਰੀ ਕੀਮਤ ਚੁਕਾਂਦਾ ਅਤੇ ਹਥ-ਪੈਰ ਮਾਰਦਾ ਚਲਿਆ ਆ ਰਿਹਾ ਹੈ।

ਇਨ੍ਹਾਂ ਬਜ਼ੁਰਗਾਂ ਅਨੁਸਾਰ ਦੇਸ਼ ਨੂੰ ਏਕਤਾ ਦੇ ਸੂਤਰ ਵਿਚ ਪਰੋਣ ਲਈ ਦੇਸ਼ ਦੀਆਂ ਅਣਗਿਣਤ ਰਿਆਸਤਾਂ ਨੂੰ ਭਾਰਤ ਵਿਚ ਸ਼ਾਮਲ ਕਰਨ ਦਾ ਸਿਹਰਾ ਸਰਦਾਰ ਪਟੇਲ ਦੇ ਸਿਰ ਬੰਨ੍ਹਿਆ ਜਾਂਦਾ ਹੈ, ਜਦਕਿ ਇਨ੍ਹਾਂ ਰਿਆਸਤਾਂ ਦੇ ਸਰਬਰਾਹ ਕਿਸੇ ਵੀ ਕੀਮਤ ਤੇ ਆਪਣੀਆਂ ਰਿਆਸਤਾਂ ਨੂੰ ਭਾਰਤ ਵਿਚ ਸ਼ਾਮਲ ਕਰਨ ਲਈ ਤਿਆਰ ਨਹੀਂ ਸੀ ਹੋ ਰਹੇ, ਕਿਉਂਕਿ ਸਰਦਾਰ ਪਟੇਲ ਕਿਸੇ ਵੀ ਤਰ੍ਹਾਂ ਉਨ੍ਹਾਂ ਦੀਆਂ ਸ਼ੰਕਾਵਾਂ ਨੂੰ ਦੂਰ ਕਰਨ ਵਿੱਚ ਸਫਲ ਨਹੀਂ ਸੀ ਹੋ ਪਾ ਰਹੇ। ਇਸ ਪਖੋਂ ਸਰਦਾਰ ਪਟੇਲ ਹੀ ਨਹੀਂ, ਸਗੋਂ ਪੰਡਤ ਨਹਿਰੂ ਤਕ ਵੀ ਨਿਰਾਸ਼ ਹੋ ਚੁਕੇ ਸਨ। ਉਸ ਸਮੇਂ ਪਟਿਆਲਾ ਦੇ ਮਹਾਰਾਜਾ ਨੇ ਅਗੇ ਆ, ਉਨ੍ਹਾਂ ਦੀ ਮਦਦ ਕੀਤੀ। ਸਭ ਤੋਂ ਪਹਿਲਾਂ ਉਨ੍ਹਾਂ ਆਪ ਆਪਣੀ ਰਿਆਸਤ ਨੂੰ ਭਾਰਤੀ ਸੰਘ ਵਿਚ ਸ਼ਾਮਲ ਕਰਨ ਦੀ ਪੇਸ਼ਕਸ਼ ਕੀਤੀ। ਫਿਰ ਉਨ੍ਹਾਂ ਦੂਜੇ, ਆਪਣੇ ਪ੍ਰਭਾਵ ਹੇਠਲੇ ਰਾਜਿਆਂ ਨੂੰ ਭਾਰਤੀ ਸੰਘ ਵਿਚ ਸ਼ਾਮਲ ਹੋਣ ਲਈ ਪ੍ਰੇਰਿਆ। ਉਸਤੋਂ ਬਾਅਦ ਹੀ ਹੋਰ ਰਾਜੇ ਆਪਣੀਆਂ ਰਿਆਸਤਾਂ ਭਾਰਤੀ ਸੰਘ ਵਿਚ ਸ਼ਾਮਲ ਕਰਨ ਲਈ ਤਿਆਰ ਹੋਏ। ਹੈਦਰਾਬਾਦ ਤੇ ਜੂਨਾਗੜ੍ਹ ਰਿਆਸਤਾਂ ਦੇ ਨਵਾਬਾਂ ਨੇ ਤਾਂ ਪਾਕਿਸਤਾਨ ਨਾਲ ਆਪਣਾ ਭਵਿਖ ਜੋੜਨ ਦਾ ਐਲਾਨ ਕਰ, ਬਗਾਵਤ ਦਾ ਝੰਡਾ ਖੜਾ ਕਰ ਦਿੱਤਾ ਸੀ। ਇਨ੍ਹਾਂ ਰਿਆਸਤਾਂ ਦੀਆਂ ਫੌਜਾਂ ਪਾਸੋਂ ਹਥਿਆਰ ਸੁਟਾ, ਇਨ੍ਹਾਂ ਦੇ ਨਵਾਬਾਂ ਨੂੰ ਭਾਰਤ ਵਿਚ ਸ਼ਾਮਲ ਹੋਣ ਤੇ ਮਜਬੂਰ ਕਰਨ ਵਿਚ ਵੀ ਸਿੱਖ ਫੌਜੀ ਟੁਕੜੀਆਂ ਦੀ ਹੀ ਮੁਖ ਭੂਮਿਕਾ ਰਹੀ ਸੀ।

ਇਨ੍ਹਾਂ ਬਜ਼ੁਰਗਾਂ ਨੂੰ ਇਹ ਸ਼ਿਕਵਾ ਵੀ ਹੈ ਕਿ ਸਿੱਖਾਂ ਨੇ ਇਸ ਦੇਸ਼ ਲਈ ਕੀ ਕੁਝ ਨਹੀਂ ਕੀਤਾ? ਪਰ ਦੇਸ਼ ਦੇ ਕਰਣਧਾਰਾਂ ਨੇ ਉਨ੍ਹਾਂ ਦੇ ਕੀਤੇ ਦਾ ਸਨਮਾਨ ਕਰਨਾ ਤਾਂ ਦੂਰ ਰਿਹਾ, ਉਨ੍ਹਾਂ ਨਾਲ ਇਨਸਾਫ ਤਕ ਨਹੀਂ ਕੀਤਾ। ਇਨ੍ਹਾਂ ਬਜ਼ੁਰਗਾਂ ਨੂੰ ਇਹ ਸ਼ਿਕਵਾ ਵੀ ਹੈ ਕਿ ਇਨ੍ਹਾਂ ਹਾਲਾਤਾਂ ਵਿਚ ਸਿੱਖ ਆਗੂ ਵੀ ਕੌਮ ਨੂੰ ਸਹੀ ਅਗਵਾਈ ਦੇਣ ਵਿਚ ਸਫਲ ਨਹੀਂ ਹੋ ਸਕੇ। ਉਨ੍ਹਾਂ ਪੰਜਾਬੀ ਭਾਸ਼ਾ ਦੇ ਆਧਾਰ ਤੇ ਪੰਜਾਬ ਦੇ ਪੁਨਰਗਠਨ ਦੀ ਮੰਗ ਤਾਂ ਕੀਤੀ, ਪਰ ਇਸ ਮੰਗ ਦੀ ਪੂਰਤੀ ਲਈ ਉਨ੍ਹਾਂ ਜੋ ਸੰਘਰਸ਼ ਕੀਤਾ, ਉਸ ਵਿਚ ਉਨ੍ਹਾਂ ਪੰਜਾਬ ਦੇ ਹਿੰਦੂਆਂ ਅਤੇ ਦੂਸਰੇ ਪੰਜਾਬੀਆਂ ਨੂੰ ਭਰੋਸੇ ਵਿਚ ਲੈ ਕੇ, ਆਪਣੇ ਸੰਘਰਸ਼ ਵਿਚ ਸ਼ਾਮਲ ਕਰਨ ਦੀ ਲੋੜ ਨਹੀਂ ਸਮਝੀ। ਜਿਸਦਾ ਨਤੀਜਾ ਇਹ ਹੋਇਆ ਕਿ ਉਨ੍ਹਾਂ ਵਿਚ ਇਹ ਸੁਨੇਹਾ ਚਲਿਆ ਗਿਆ ਕਿ ਸਿੱਖ ਪੰਜਾਬੀ ਸੂਬੇ ਦੇ ਨਾਂ ਤੇ ਉਸੇ ਤਰ੍ਹਾਂ ਖਾਲਿਸਤਾਨ ਕਾਇਮ ਕਰਨਾ ਚਾਹੁੰਦੇ ਹਨ, ਜਿਵੇਂ ਮੁਸਲਮਾਨਾਂ ਨੇ ਪਾਕਿਸਤਾਨ ਕਾਇਮ ਕਰ ਲਿਆ ਹੈ। ਫਲਸਰੂਪ ਪੰਜਾਬੀ ਸੂਬੇ ਦੀ ਮੰਗ ਦਾ ਤਿਖਾ ਵਿਰੋਧ ਹੋਇਆ।

...ਅਤੇ ਅੰਤ ਵਿੱਚ : ਇਨ੍ਹਾਂ ਬਜ਼ੁਰਗਾਂ ਨੇ ਇਹ ਆਖ ਆਪਣੀ ਗਲ ਖਤਮ ਕਰ ਦਿੱਤੀ ਕਿ ਆਪਸ ਵਿੱਚ ਪੈਦਾ ਹੋਏ ਅਵਿਸ਼ਵਾਸ ਨੇ ਉਸ ਪੰਜਾਬ ਵਿਚ, ਜੋ ਗੁਰਾਂ ਦੇ ਨਾਂ ਤੇ ਜੀਂਦਾ ਸੀ ਤੇ ਜਿਥੇ ਸਦਾ ਹੀ ਪਿਆਰ ਤੇ ਆਪਸੀ ਸਾਂਝ ਦੇ ਗੀਤ ਗੂੰਜਦੇ ਸਨ, ਵੈਰ ਤੇ ਨਫਰਤ ਦੇ ਬੀਜ ਬੀਜੇ ਜਾਣ ਲਗੇ। ਗੁਆਂਢੀ, ਗੁਆਂਢੀ ਨੂੰ ਸ਼ਕ ਦੀਆਂ ਨਜ਼ਰਾਂ ਨਾਲ ਵੇਖਣ ਲਗਾ। ਇਸਤੋਂ ਬਾਅਦ ਜੋ ਕੁਝ ਹੋਇਆ, ਉਸਨੂੰ ਅਜ ਦੀ ਪੀੜ੍ਹੀ ਚੰਗੀ ਤਰ੍ਹਾਂ ਜਾਣਦੀ ਹੈ।

–0–

# ਅਕਾਲੀ ਸੁਰਜਨ ਸਿੰਘ ਸ਼ਹੀਦ

**-ਗਿ: ਬੁਧ ਸਿੰਘ ਜੀ ਪੁਣਛ**

ਆਪ ਭਾਈ ਅਜਬ ਸਿੰਘ ਜੀ ਸੂਦਨ ਬ੍ਰਾਹਮਣ ਦੇ ਸਪੁੱਤਰ ਸਨ। ਉਹ ਪਹਿਲੇ ਢਿਲਵਾਂ ਪਿੰਡ ਵਿਚ ਚਿਰ ਤੋਂ ਵੱਸਦੇ ਸਨ, ਜੋ ਬਿਆਸਾ ਦੇ ਨੇੜੇ ਤੇੜੇ ਦੱਸਦੇ ਹਨ, ਪਰ ਮਗਰੋਂ ਜਦ ਮੁਸਲਮਾਨੀ ਰਾਜ ਦਾ ਠੇਕਾ ਹੋਇਆ ਤਾਂ ਕਸ਼ਮੀਰ ਦੀ ਸੈਰ ਨੂੰ ਜਾਂਦਿਆਂ ਹੋਇਆਂ, ਪੁਣਛ ਸ਼ਹਿਰ ਦੇ ਨੇੜੇ ਹੀ ਦਰਿਆ ਦੇ ਕੰਢੇ ਪੁਰ ਇਕ ਰਮਣੀਕ ਥਾਂ ਚੱਕ ਬਾਗ ਕਤਰੋਂ ਨਾਮੇ ਪਿੰਡ ਵਿਚ ਮਕਾਨ ਪਵਾ ਕੇ ਵੱਸਣ ਲੱਗ ਪਏ।

ਜਦ ਮਹਾਰਾਜਾ ਰਣਜੀਤ ਸਿੰਘ ਜੀ ਦੇ ਰਾਜ ਦਾ ਤੇਜ ਪਰਤਾਪ ਸੁਣਿਆ ਗਿਆ, ਤਾਂ ਭਾਈ ਸੁਰਜਨ ਸਿੰਘ ਜੀ ਆਪਣੇ ਚਾਚੇ ਦੇ ਪੁੱਤਰ ਭਾਈ ਦੀਵਾਨ ਸਿੰਘ ਨੂੰ ਨਾਲ ਲੈ ਕੇ ਲਾਹੌਰ ਪੁੱਜੇ ਤੇ ਮਹਾਰਾਜੇ ਦੇ ਅਕਾਲੀ ਘੋੜ - ਚੜਿਆਂ ਵਿਚ ਨੌਕਰ ਹੋ ਗਏ।

ਥੋੜ੍ਹੀ ਦੇਰ ਮਗਰੋਂ ਆਪ ਨੂੰ ਦਰਸ਼ਨੀ ਜਵਾਨ ਤੇ ਗੁਰਬਾਣੀ ਦੇ ਰਸੀਏ ਜਾਣ ਕੇ ਅਕਾਲੀ ਫ਼ੌਜ ਦਾ ਸਰਦਾਰ ਬਣਾਇਆ ਗਿਆ। ਆਪ ਸਵੇਰੇ ਆਸਾ ਦੀ ਵਾਰ ਦੇ ਦੀਵਾਨ ਸਮੇਂ ਸ਼ਸਤਰ ਸਜਾ ਕੇ (ਜੋ ਵਜ਼ਨ ਵਿਚ 20 ਸੇਰ ਭਾਰੇ ਸਨ) ਦਰਵਾਜ਼ੇ ਵਿਚ ਖੜੇ ਰਹਿੰਦੇ। ਜੋ ਕੋਈ ਵੀ ਕੀਰਤਨ ਦੇ ਰਸ ਵਿਚ ਬਾਤ - ਚੀਤ ਕਰਦਾ ਜਾਂ ਆਲਸ ਨਾਲ ਊਂਘਦਾ ਤਾਂ ਆਪ ਉਸ ਨੂੰ ਸਾਵਧਾਨ ਕਰਨ ਦਾ ਜਤਨ ਕਰਦੇ। ਨਾਲਦਿਆਂ ਨੂੰ ਲੰਗਰ ਛਕਾ ਕੇ ਮਗਰੋਂ ਆਪ ਛਕਦੇ ਸਨ। ਕਈ ਲੜਾਈਆਂ ਵਿਚ ਆਪ ਮੂਹਰੇ ਹੋ ਕੇ ਲੜਦੇ ਰਹੇ ਸਨ, ਇਸ ਲਈ ਆਪ ਦੇ ਸਰੀਰ ਵਿਚ ਕਈ ਜ਼ਖ਼ਮਾਂ ਦੀਆਂ ਨਿਸ਼ਾਨੀਆਂ ਨਜ਼ਰ ਆਉਂਦੀਆਂ ਸਨ।

ਇਕ ਵੇਰਾਂ ਇਕ ਅਹਿਮਦੀ ਪੀਰ ਨੇ ਪਹਾੜ ਦੇ ਇਲਾਕੇ ਵਿਚ ਮੁਹੰਮਦੀ ਝੰਡਾ ਖੜਾ ਕਰ ਕੇ ਕੁਲ ਪਠਾਣਾਂ ਨੂੰ ਭੜਕਾਇਆ ਕਿ ਆਪਣੇ ਪੈਗੰਬਰ ਦੇ ਹੁਕਮ ਅਨੁਸਾਰ ਇਨ੍ਹਾਂ ਕਾਫ਼ਰਾਂ ਹਿੰਦੂਆਂ ਸਿੱਖਾਂ ਨੂੰ ਲੁਟ ਮਾਰਨ ਦਾ ਜਤਨ ਕਿਉਂ ਨਹੀਂ ਕਰਦੇ। ਇਸ ਬਖੇੜੇ ਨੇ ਦੋਹਾਂ ਦਲਾਂ ਦਾ ਭਾਰੀ ਨੁਕਸਾਨ ਕੀਤਾ।

ਇਹ ਖ਼ਬਰ ਜਦ ਮਹਾਰਾਜਾ ਤਕ ਅਪੜੀ ਤਾਂ ਆਪ ਨੇ ਅਕਾਲੀ ਸੁਰਜਨ ਸਿੰਘ ਜੀ ਨੂੰ ਬਹੁਤ ਸਾਰੀ ਫ਼ੌਜ ਦੇ ਕੇ ਉਸ ਫ਼ਸਾਦ ਨੂੰ ਮੇਟਣ ਲਈ ਭੇਜਿਆ। ਇਨ੍ਹਾਂ ਨੇ ਅਟਕੋਂ ਪਾਰ ਜਾ ਕੇ ਉਨ੍ਹਾਂ ਖ਼ਰੂਦੀਆਂ ਦੇ ਚੰਗੇ ਦੰਦ ਖੱਟੇ ਕੀਤੇ ਤੇ ਕੁਝ ਦਿਨ ਉਥੇ ਮੁਕਾਮ ਕਰ ਕੇ ਉਸ ਇਲਾਕੇ ਵਿਚ ਸ਼ਾਂਤੀ ਵਰਤਾਈ।

ਦੂਜੀ ਵੇਰਾਂ ਫਿਰ ਮਹਾਰਾਜਾ ਜੀ ਦੇ ਨਾਲ ਅਟਕ ਦੇ ਇਲਾਕੇ ਵਿਚ ਚਲੇ ਗਏ। ਇਥੇ ਕੋਈ ਦਿਨ ਮੁਕਾਮ ਕਰਨਾ ਪਿਆ। ਇਕ ਦਿਨ ਆਪ ਪਹਿਰ ਰਾਤ ਰਹਿੰਦੀ ਨੂੰ ਅਟਕ ਵਿਚ ਇਸ਼ਨਾਨ ਕਰ ਕੇ ਦਰਿਆ ਦੇ ਕਿਨਾਰੇ ਪੁਰ ਇਕ ਇਕਾਂਤ ਜਗ੍ਹਾ ਪਰ ਆਪਣਾ ਨਿਤ - ਨੇਮ ਕਰਨ ਲਈ ਬੈਠ ਗਏ। ਅਜੇ ਮਸਾਂ ਕੁਝ ਮਿੰਟ ਹੀ ਹੋਏ ਸਨ ਤਾਂ ਕੀ ਡਿੱਠਾ ਕਿ ਤਿੰਨ ਪਠਾਣ ਬਰਛੇ ਹੱਥ ਵਿਚ ਫੜੇ ਹੋਏ ਦਗੜ ਦਗੜ ਕਰਦੇ ਆ ਗਿਰਦੇ ਹੋਏ। ਪਰ ਜਿਸ ਵੇਲੇ ਉਨ੍ਹਾਂ ਆਪ ਦਾ ਨੂਰਾਨੀ ਚਿਹਰਾ ਅਤੇ ਬਹੁਤ ਸਾਰੇ ਸ਼ਸਤਰ ਡਿਠੇ, ਤਾਂ ਤਬਕ ਕੇ ਉਥੇ ਹੀ ਖੜੇ ਹੋ ਕੇ ਪੈਰੀਂ ਪੈ ਗਏ ਕਿ ਇਸ ਪੁਰ ਵਾਰ ਕੀਤਿਆਂ ਵੀ ਕਾਮਯਾਬੀ ਨਹੀਂ ਹੋ ਸਕਦੀ ਅਤੇ ਨੱਠਿਆਂ ਵੀ ਇਸ ਬਲੀ ਨੇ ਕਿਥੇ ਛੱਡਣਾ ਹੈ।

ਉਨ੍ਹਾਂ ਪਠਾਣਾਂ ਨੇ ਫਿਰ ਇਰਾਦਾ ਕੀਤਾ ਕਿ ਇਕੋ ਹੀ ਵਾਰ ਹਮਲਾ ਕਰ ਕੇ ਇਸ ਨੂੰ ਇਥੇ ਹੀ ਮਾਰ ਦੇਣਾ ਠੀਕ ਹੈ, ਕਿਉਂਕਿ ਇਸ ਪਾਸ ਕੀਮਤੀ ਸ਼ਸਤਰ ਤੇ ਧਨ ਪਦਾਰਥ ਹੈ, ਜੋ ਸਾਡੇ ਕਾਬੂ ਆ ਜਾਵੇਗਾ। ਦੂਜਾ ਇਹ ਉਹੀ ਬਲੀ ਹੈ, ਜੋ ਅਸਾਂ ਸਿਆਣ ਲਿਆ ਹੈ, ਕਿ ਜਿਸ ਨੇ ਪਹਿਲੀ ਵੇਰ ਆ ਕੇ ਸਾਨੂੰ ਬੜਾ ਦੁਖ ਦਿੱਤਾ ਸੀ। ਇਹ ਕੁਝ ਵਿਚਾਰ ਕੇ ਉਨ੍ਹਾਂ ਵਿਚੋਂ ਇਕ ਨੇ ਅਗੇ ਵਧ ਕੇ ਜ਼ੋਰ ਦੀ ਬਰਛੀ ਚਲਾਈ, ਜੋ ਅਕਾਲੀ ਜੀ ਦੇ ਸਿਰ ਵਿਚ ਖੁਭ ਗਈ ਜਿਸ ਨਾਲ ਬਹੁਤ ਸਾਰਾ ਜ਼ਖ਼ਮ ਹੋ ਗਿਆ ਤੇ ਲਹੂ ਦੀ ਧਾਰਾ ਵਹਿ ਤੁਰੀ।

ਬਰਛੀ ਲਗਣ ਦੀ ਦੇਰ ਸੀ ਜੁ ਅਕਾਲੀ ਜੀ ਵੀ " ਜਬੈ ਬਾਣ ਲਾਗੈ, ਤਬੈ ਰੋਸ ਜਾਗੈ " ਗੁਰ - ਵਾਕ ਅਨੁਸਾਰ ਬੀਰ ਰਸ ਵਿਚ ਭਰਪੂਰ ਹੋ ਕੇ ਸਾਵਧਾਨ ਖੜੇ ਹੋ ਗਏ। ਬਰਛੀ ਤਾਂ ਆਪ ਨੇ ਲਗਦਿਆਂ ਹੀ ਉਸ ਤੋਂ ਖੋਹ ਲਈ ਸੀ। ਫਿਰ ਛੇਤੀ ਹੀ ਸ੍ਰੀ ਸਾਹਿਬ ਮਿਆਨ ਤੋਂ ਧੂਹ ਕੇ ਉਨ੍ਹਾਂ ਨੂੰ ਵੰਗਾਰਿਆ ਕਿ ਹੁਣ ਮੇਰਾ ਵਾਰ ਆਇਆ ਜੇ, ਸੰਭਲੋ। ਭਾਵੇਂ ਓਹ ਪਠਾਣ ਬੱਚੇ ਬੜੇ ਜੋਸ਼ੀਲੇ ਅਤੇ ਤਾਕਤਵਾਰ ਸਨ, ਪਰ ਅਕਾਲੀ ਜੀ ਨੇ ਬਿਜਲੀ ਵਾਰੂ ਕੜਕ ਕੇ ਦੋਹਾਂ ਨੂੰ ਤਾਂ ਓਥੇ ਹੀ ਰਖ ਦਿੱਤਾ। ਜਦ ਤੀਜਾ ਆਦਮੀ ਜਾਨ ਬਚਾਣ ਲਈ ਦਾਅ ਈ ਤੱਕ ਰਿਹਾ ਸੀ, ਤਾਂ ਆਪ ਫੁਰਤੀ ਨਾਲ ਮੁੜ ਕੇ ਉਸ ਦਾ ਫ਼ਸਤਾ ਵਢਣ ਲਈ ਨੇੜੇ ਢੁਕੇ। ਅਗੋਂ ਉਸ ਨੇ ਸ਼ਸਤਰ ਹੱਥ ਵਿਚੋਂ ਸੁਟ ਦਿੱਤੇ ਤੇ ਗੁਰੂ ਦੀ ਦੁਹਾਈ ਪਾ ਕੇ ਆ ਆਖਿਆ, "ਮੇਰੇ ਪੁਰ ਰਹਿਮ ਕਰੋ, ਕਿਉਂਕਿ ਮੈਂ ਮਰਦ ਨਹੀਂ ਹਾਂ - ਔਰਤ ਹਾਂ। ਇਸ ਮਰਦਾਵੇਂ ਵੇਸ ਵਿਚ ਆਪਣੇ ਭਰਤਾ ਤੇ ਭਰਾ ਨਾਲ ਮੰਦ - ਭਾਗਾਂ ਨੂੰ ਅੱਜ ਇਥੇ ਆਈ ਹਾਂ।"

ਅਕਾਲੀ ਜੀ ਦੀ ਤਲਵਾਰ ਉਥੇ ਹੀ ਰੁਕ ਗਈ, ਸਗੋਂ ਉਸ ਉਤੇ ਤਰਸ ਕਰ ਕੇ ਇਸ਼ਾਰਾ ਕੀਤਾ ਕਿ ਆਪਣੀ ਜਾਨ ਲੈ ਕੇ ਇਥੋਂ ਚਲੀ ਜਾ। ਉਸ ਦੇ ਚਲੇ ਜਾਣ ਮਗਰੋਂ ਕੀ ਡਿੱਠਾ ਕਿ ਉਥੇ ਨੇੜੇ ਹੀ ਬਹੁਤ ਸਾਰਾ ਧਨ ਪਦਾਰਥ ਖੜ੍ਹਿਆਂ ਵਿਚ ਬੰਦ ਸੀ। ਉਹ ਲੈ ਕੇ ਖੋਲ੍ਹ ਕੇ ਡਿਠੇ ਤਾਂ ਵਿਚ ਬੜੇ ਬੜੇ ਕੀਮਤੀ ਗੁੱਸੇ ਤੇ ਪਸ਼ਮੀਨੇ ਦੇ ਬਸਤਰ ਸਨ, ਗਹਿਣੇ ਅਤੇ ਨਕਦੀ ਵੀ ਸੀ। ਆਪ ਨੇ ਉਹ ਦੋਵੇਂ ਭਾਰ ਚੁਕ ਕੇ ਮਹਾਰਾਜਾ ਦੀ ਸੇਵਾ ਵਿਚ ਪੇਸ਼ ਕੀਤੇ ਤੇ ਫਿਰ ਰਾਤ ਦਾ ਸਾਰਾ ਪ੍ਰਸੰਗ ਸੁਣਾਇਆ। ਅਸਲ ਵਿਚ ਉਹ ਡਾਕੂ ਸਨ, ਜੋ ਬਹੁਤ ਦਿਨਾਂ ਤੋਂ ਘਰੋਂ ਨਿਕਲੇ ਹੋਏ ਆਪਣਾ ਦਾਓ ਲਗਾ ਕੇ ਮਾਲ ਜਮਾ ਕਰ ਰਹੇ ਸਨ।

ਪਹਿਲਾਂ ਆਪ ਦੇ ਜ਼ਖ਼ਮ ਦੀ ਪੱਟੀ ਕਰਵਾਈ ਗਈ ਅਤੇ ਫਿਰ ਮਹਾਰਾਜਾ ਖ਼ੁਦ ਚਲ ਕੇ ਉਸ ਜਗ੍ਹਾ ਪੁੱਜਿਆ ਤੇ ਉਹ ਮੌਕਿਆ ਡਿੱਠਾ, ਜਿਥੇ ਦੋਵੇਂ ਪਠਾਣ ਮੋਏ ਪਏ ਸਨ। ਉਸ ਵੇਲੇ ਮਹਾਰਾਜਾ ਨੇ ਆਪ ਦੀ ਇਸ ਬਹਾਦਰੀ ' ਤੇ ਖ਼ੁਸ਼ ਹੋ ਕੇ ਬਹੁਤ ਸਾਰਾ ਇਨਾਮ ਤੇ ਇਕ ਸਾਲਮ ਪਿੰਡ ਜਗੀਰ ਪੁਣਛ ਵਿਚ ਲਿਖ ਦਿੱਤੀ। ਕਹਿੰਦੇ ਹਨ, ਆਪ 8 ਊਠ ਨਿਵੇਕਲੇ ਸਿਰਫ਼ ਆਪਣੀ ਭਾਰ - ਬਰਦਾਰੀ ਲਈ ਮਿਲੇ ਹੋਏ ਸਨ। ਆਪ ਬੜੇ ਜੋਸ਼ੀਲੇ, ਕਦਾਵਰ ਅਤੇ ਭਜਨ ਦੇ ਅਭਿਆਸੀ ਸਨ ਤੇ ਸਾਰੇ ਇਲਾਕੇ ਵਿਚ ਪ੍ਰਸਿੱਧ ਹਨ।

ਇਕ ਵੇਰਾਂ ਆਪ ਨੇ 25 ਆਦਮੀ ਪੁਣਛ ਦੇ ਲੈ ਜਾ ਕੇ ਮਹਾਰਾਜਾ ਦੀ ਫ਼ੌਜ ਵਿਚ ਭਰਤੀ ਕਰਾਏ ਸਨ, ਜਿਨ੍ਹਾਂ ਦੇ ਨਾਂ ਵੀ ਕੁਝ ਜਗੀਰਾਂ ਦੇ ਪਟੇ ਮੌਜੂਦ ਹਨ। ਜਗੀਰਾਂ ਤਾਂ ਸਭ ਦੀਆਂ ਛੁੱਟ ਗਈਆਂ ਹਨ, ਸਿਰਫ਼ ਮਹਾਰਾਜਾ ਦੇ ਪਟੇ ਫ਼ਾਰਸੀ ਵਿਚ ਹਨ, ਮੋਹਰ ਗੁਰਮੁਖੀ ਵਿਚ ਹੈ।

ਇਕ ਵੇਰਾਂ ਜਦ ਮਹਾਰਾਜਾ ਰਣਜੀਤ ਸਿੰਘ ਜੀ ਪੁਣਛ ਰਸਤੇ ਕਸ਼ਮੀਰ ਜਾ ਰਹੇ ਸਨ ਤਾਂ ਅਕਾਲੀ ਸੁਰਜਨ ਸਿੰਘ ਜੀ ਨੇ ਆਪਣੇ ਪਿੰਡ (ਜੋ ਕਸ਼ਮੀਰ ਦੇ ਰਸਤੇ ਵਿਚ ਹੈ। ਡੇਰਾ ਕਰਾ ਕੇ ਯਥਾਸ਼ਕਤ ਸੇਵਾ ਕੀਤੀ। ਇਥੋਂ ਜਦ ਵਾਪਸ ਹੋਣ ਲਗੇ ਤਾਂ ਇਕ ਨਰੈਣ ਸਿੰਘ ਨਾਮੇ ਸਿੰਘ ਨੇ, ਜੋ ਉਸ ਵੇਲੇ ਦਸਾਂ ਕੁ ਬਰਸਾਂ ਦਾ ਸੀ, ਉਸ ਨੇ ਅਖ਼ਰੋਟਾਂ ਦਾ ਥਾਲ ਭੇਟਾ ਕਰਕੇ ਮਹਾਰਾਜੇ ਪਾਸੋਂ ਆਪਣੀ ਸਵਾਰੀ ਦਾ ਘੋੜਾ ਮੰਗਿਆ। ਕਹਿੰਦੇ ਹਨ, ਉਸੀ ਵੇਲੇ ਦਾਨੀ ਮਹਾਰਾਜਾ ਨੇ ਜ਼ਰਾ ਢਿੱਲ ਨਾ ਲਾਈ। ਉਸ ਦਾ ਪ੍ਰਸ਼ਾਦ ਲੈ ਕੇ ਆਪਣਾ ਘੋੜਾ ਸਣੇ ਸੁਨਹਿਰੀ ਜ਼ੀਨ ਦੇ ਉਸ ਦੇ ਹਵਾਲੇ ਕੀਤਾ। ਇਥੇ ਹੀ ਮਹਾਰਾਜਾ ਦੀ ਠਾਕਰ ਭਾਈ ਮੇਲਾ ਸਿੰਘ ਜੀ ਨਾਲ ਮੁਲਾਕਾਤ ਹੋਈ ਤੇ ਚੱਕ ਕਤਰੋ ਤੇ ਨਗਾਲੀ ਸਾਹਿਬ ਵਿਖੇ ੪ ਦਿਨ ਮੁਕਾਮ ਕਰ ਕੇ ਵਾਪਸ ਪੰਜਾਬ ਆਏ।

ਅਕਾਲੀ ਸੁਰਜਨ ਸਿੰਘ ਜੀ ਮਹਾਰਾਜਾ ਰਣਜੀਤ ਸਿੰਘ ਜੀ ਦੇ ਚਲਾਣੇ ਬਾਅਦ ਲਾਹੌਰ ਦੀ ਲੜਾਈ ਵਿਚ ਹੀ ਮਾਰੇ ਗਏ। ਆਪ ਦੇ ਸਪੁੱਤਰ ਭਾਈ ਹਰਨਾਮ ਸਿੰਘ ਅਤੇ ਪੋਤਰਾ ਭਾਈ ਨਿਹਾਲ ਸਿੰਘ ਪੁਣਛ ਆਪਣੇ ਪਿੰਡ ਚੱਕ ਕਤਰੋ ਵਿਚ ਹੀ ਕੂਚ ਕਰ ਗਏ। ਆਪ ਦੀ ਬੰਸ ਇਥੇ ਹੀ ਖ਼ਤਮ ਹੋ ਗਈ। ਬਾਕੀ ਆਪ ਦੇ ਭਰਾ ਦੀ ਬੰਸ ਹੁਣ ਤਕ ਖ਼ਾਸ ਪੁਣਛ ਤੇ 'ਚੱਕ ਕਤਰੋ' ਵਿਚ ਮੌਜੂਦ ਹੈ।

-0-

## ਅਦੁੱਤੀ ਯੋਧਾ ਤੇ ਖ਼ਾਲਸਾ ਫ਼ੌਜਾਂ ਦਾ ਕਰਨੈਲ

# ਸਰਦਾਰ ਜੈ ਸਿੰਘ ਕੁਮੇਦਾਨ, ਝਬਾਲ

–ਕਰਮ ਸਿੰਘ ਹਿਸਟੋਰੀਅਨ

ਸਰਦਾਰ ਜੈ ਸਿੰਘ ਜੀ ਕੁਮੇਦਾਨ ਸਰਦਾਰ ਮੋਹਰ ਸਿੰਘ ਜੀ ਦੇ ਪੁੱਤਰ ਤੇ ਸਰਦਾਰ ਮੁਸੱਦਾ ਸਿੰਘ ਜੀ ਦੇ ਪੋਤੇ ਸਨ। ਆਪ ਦੀਆਂ ਰਗਾਂ ਵਿਚ ਉਨ੍ਹਾਂ ਸੂਰਬੀਰ ਸਿੰਘ ਦਾ ਲਹੂ ਗੇੜੇ ਲਾਉਂਦਾ ਸੀ, ਜਿਨ੍ਹਾਂ ਨੇ ਸ੍ਰੀ ਅੰਮ੍ਰਿਤਸਰ ਜੀ ਤੋਂ ਉਠ ਕੇ ਸਰਹੰਦ ਨੂੰ ਜਾ ਸੋਧਿਆ ਸੀ।

ਸਰਦਾਰ ਬਘੇਲ ਸਿੰਘ ਜੀ ਝੁਬਾਲ, ਖ਼ਾਲਸਾ ਪੰਥ ਦੇ ਪ੍ਰਸਿੱਧ ਸਰਦਾਰ ਤੇ ਕਰੋੜਾ ਸਿੰਘੀ ਮਿਸਲ ਦੇ ਮਸ਼ਹੂਰ ਜਥੇਦਾਰ ਹੋਏ ਹਨ। ਆਪ ਦੀ ਮਿਸਲ ਵਿਚ ਝਬਾਲੀਏ, ਰਸੂਲਪੁਰੀਏ, ਜਾਮਾ – ਰਾਈਏ ਤੇ ਕਲਸੀਏ ਆਦਿ ਤਕੜੇ ਤਕੜੇ ਮਿਸਲਦਾਰਾਂ ਦੇ ਜਥੇ ਸਨ, ਜਿਨ੍ਹਾਂ ਨੇ ਸੰਮਤ 1820 ਬਿ : ਵਿਚ ਸਰਹੰਦ ਨੂੰ ਮਾਰ ਕੇ, ਉਧਰ ਦੇ ਬਹੁਤ ਸਾਰੇ ਇਲਾਕੇ ਉਤੇ ਕਬਜ਼ਾ ਕਰ ਲਿਆ ਸੀ। ਉਸ ਸਮੇਂ ਝਬਾਲੀਏ ਮਿਸਲਦਾਰਾਂ ਨੇ ਸਢੌਰੇ ਦਾ ਇਲਾਕਾ ਮੱਲ ਲਿਆ ਸੀ, ਜਿਸ ਇਲਾਕੇ ਦੀ ਜਗੀਰ ਅੱਜ ਤੀਕ ਉਨ੍ਹਾਂ ਦੀ ਔਲਾਦ ਖਾਂਦੀ ਹੈ।

ਉਨ੍ਹਾਂ ਵਿਚੋਂ ਇਕ ਦੀ ਔਲਾਦ ਵਿਚੋਂ ਸਰਦਾਰ ਮੁਸੱਦਾ ਸਿੰਘ ਜੀ ਹੋਏ ਹਨ, ਜੋ ਮਹਾਰਾਜਾ ਰਣਜੀਤ ਸਿੰਘ ਦੀ ਚੜ੍ਹਦੀ ਕਲਾ ਵੇਲੇ ਲਾਹੌਰ ਦਰਬਾਰ ਦੇ ਨੌਕਰ ਹੋ ਕੇ ਕੁਮੇਦਾਨ ਹੋ ਗਏ ਸਨ। ਲਾਹੌਰ ਦਰਬਾਰ ਦੇ ਸਮੇਂ ਝੁਬਾਲੀਆਂ ਦਾ ਖ਼ਾਸ ਜ਼ੋਰ ਸੀ। ਫ਼ੌਜ ਵਿਚ ਲਗਪਗ ਅੱਧਾ ਪਿੰਡ ਨੌਕਰ ਸੀ – ਕਈ ਕਾਰਦਾਰ ਸਨ, ਕਈ ਗੜ੍ਹ ਕਪਤਾਨ ਤੇ ਥਾਣੇਦਾਰ ਸਨ, ਇਕ ਘਰਾਣਾ ਵਕੀਲਾਂ ਦਾ ਸੀ, ਜੋ ਅੰਗਰੇਜ਼ੀ ਏਜੰਟਾਂ ਪਾਸ ਲਾਹੌਰ ਦਰਬਾਰ ਦੀ ਵਕਾਲਤ ਕਰਦਾ ਸੀ। ਇਸ ਤਰ੍ਹਾਂ ਛੋਟੀਆਂ ਛੋਟੀਆਂ ਅਸਾਮੀਆਂ ਤੋਂ ਲੈ ਕੇ ਵੱਡੇ ਵੱਡੇ ਅਹੁਦਿਆਂ ਤੀਕ ਝਬਾਲੀਏ ਨੌਕਰ ਸਨ। ਸਰਦਾਰ ਮੁਸੱਦਾ ਸਿੰਘ ਜੀ ਦਾ ਪੁੱਤਰ ਸਰਦਾਰ ਮੋਹਰ ਸਿੰਘ ਚੰਗੇ ਰਸੂਖ਼ ਵਾਲਾ ਸਰਦਾਰ ਸੀ। ਜਦ ਸਰਕਾਰਾਂ ਨੇ ਕਸ਼ਮੀਰ ਨੂੰ ਸਰ ਕੀਤਾ ਤਾਂ ਅਟੱਲਗੜ੍ਹ ਆਦਿ ਦੋ ਤੁਅਲਕਿਆਂ ਦੀ ਥਾਣੇਦਾਰੀ ਇਸ ਨੂੰ ਦਿੱਤੀ ਗਈ। ਫਿਰ ਜਦ ਪਿਸ਼ੌਰ ਦਾ ਇਲਾਕਾ ਸਰ ਕੀਤਾ ਤੇ ਮੌਕੇ ਮੌਕੇ ਸਿਰ ਨਵੇਂ ਕਿਲ੍ਹੇ ਬਣਾਏ ਗਏ, ਤਾਂ 'ਦਰਬੰਦਾ' ਦਾ ਕਿਲ੍ਹਾ ਸਰਦਾਰ ਮੋਹਰ ਸਿੰਘ ਜੀ ਦੇ ਪਰਬੰਧ ਹੇਠ ਤਿਆਰ ਹੋਇਆ। ਸਰਕਾਰ ਵਲੋਂ ਆਪ ਨੂੰ ਪੋਠੋਹਾਰ ਦੇ ਇਲਾਕੇ ਵਿਚ 'ਭਾਲ' ਅਤੇ 'ਮੋਹੜਾ' ਜਗੀਰ ਵਜੋਂ ਮਿਲੇ ਹੋਏ ਸਨ।

ਸਰਦਾਰ ਜੈ ਸਿੰਘ ਜੀ ਕੁਮੇਦਾਨ ਆਪ ਦੇ ਸਪੁੱਤਰ ਸਨ। ਆਪ ਆਪਣੇ ਸਮੇਂ ਖ਼ਾਲਸਾ ਫ਼ੌਜ ਵਿਚ ਕੁਮੇਦਾਨ ਦੇ ਅਹੁਦੇ ਤੀਕ ਅੱਪੜ ਪਏ ਸਨ, ਜੋ ਅੱਜ – ਕੱਲ੍ਹ ਦੇ ਕਰਨੈਲ ਦੇ ਬਰਾਬਰ ਦਾ ਅਹੁਦਾ ਹੈ। ਜਦ ਖ਼ਾਲਸਾ ਫ਼ੌਜਾਂ ਨੇ ਸਤਲੁਜ ਟੱਪ ਕੇ ਅੰਗਰੇਜ਼ਾਂ ਨਾਲ ਜਾ ਮੱਥਾ ਲਾਇਆ ਤਾਂ ਉਸ ਸਮੇਂ ਆਪ ਵੀ ਉਨ੍ਹਾਂ ਲੜਾਈਆਂ ਵਿਚ ਹਿੱਸਾ ਲੈਂਦੇ ਰਹੇ, ਅਤੇ ਜਦ ਪੰਜਾਬ ਵਿਚ ਅੰਗਰੇਜ਼ੀ ਰਾਜ ਆਇਆ ਤਾਂ ਉਸ ਸਮੇਂ ਦੇ ਅਣਖੀ ਸਿੰਘਾਂ ਵਾਂਗ ਆਪ ਨੇ ਨਵੇਂ ਹਾਕਮਾਂ ਦੀ ਨੌਕਰੀ ਕਰਨੋਂ ਨਾਂਹ ਕਰ ਦਿੱਤੀ, ਤੇ ਸੌ ਕੁ ਸਾਲ ਦੀ ਉਮਰ ਭੋਗ ਕੇ ਝਬਾਲ ਵਿਖੇ ਚਲਾਣਾ ਕਰ ਗਏ।

ਜੇਕਰ ਲਾਹੌਰ ਦਰਬਾਰ ਦੇ ਸਮੇਂ ਦੀਆਂ ਪੁਰਾਣੀਆਂ ਲਿਖਤਾਂ ਦੇ ਆਧਾਰ ਉਤੇ ਪੂਰੇ ਹਾਲ ਲਿਖੇ ਜਾਣ ਤਾਂ ਇਹ ਸਤਰਾਂ ਵਧ ਕੇ ਇਕ ਵੱਡਾ ਲੇਖ ਬਣ ਜਾਣਗੀਆਂ। ਇਥੇ ਕੇਵਲ ਇਹ ਦੱਸਣ ਦੀ ਲੋੜ ਹੈ ਕਿ ਸਰਦਾਰ ਜੈ ਸਿੰਘ ਜੀ ਦਾ ਸੰਬੰਧ ਕਿਸ ਖ਼ਾਨਦਾਨ ਨਾਲ ਸੀ, ਅਤੇ ਲਾਹੌਰ ਦਰਬਾਰ ਦੇ ਸਮੇਂ ਸਿੰਘ ਸਰਦਾਰਾਂ ਦੀ ਕੀ ਪੋਸ਼ਸ਼ ਹੁੰਦੀ ਸੀ। ਸਿੱਧਾ ਦਾੜ੍ਹਾ ਹੁੰਦਾ ਸੀ, ਗਲੇ ਵਿਚ ਕੈਂਠਾ, ਹੱਥਾਂ ਵਿਚ ਕੰਗਣ ਤੇ ਕੰਨੀਂ ਤੁੰਗਲ ਹੁੰਦੇ ਸਨ। ਦਸਤਾਰ ਦੀ ਖ਼ਾਸ ਬੰਦਸ਼ ਹੁੰਦੀ ਸੀ, ਅਤੇ ਦਸਤਾਰ ਦਾ ਇਕ ਲੜ ਮੋਢਿਆਂ ਉਤੇ ਖਿਲਰ ਕੇ ਖ਼ਾਸ ਸੋਭਾ ਦਿਆ ਕਰਦਾ ਸੀ। ਉਸ ਸਮੇਂ ਦੇ ਸਿਖ ਸਰਦਾਰਾਂ ਤੇ ਫ਼ੌਜੀ ਅਫ਼ਸਰਾਂ ਦੀ ਕੀ ਪੁਸ਼ਾਕ ਹੁੰਦੀ ਸੀ, ਇਸ ਦਾ ਅੰਦਾਜ਼ਾ ਸ : ਜੈ ਸਿੰਘ ਜੀ ਕੁਮੇਦਾਨ ਦੀ ਪੋਸ਼ਸ਼ ਤੋਂ ਲਾਇਆ ਜਾ ਸਕਦਾ ਹੈ।

ਸੂਰਬੀਰ ਸਰਦਾਰ ਜੈ ਸਿੰਘ ਜੀ ਕੁਮੇਦਾਨ (ਕਰਨਲ) ਦੀ ਇਹ ਪੁਰਾਤਨ ਤੇ ਪੁਰਾਣੇ ਜ਼ਮਾਨੇ ਦੇ ਆਰਟ ਦੇ ਨਮੂਨੇ ਦੀ ਵਧੀਆ ਤਸਵੀਰ, ਉਨ੍ਹਾਂ ਦੇ ਸੱਕੇ ਪੜਪੋਤਰੇ, ਸ : ਗੁਰਬਖ਼ਸ਼ ਸਿੰਘ " ਸ਼ਮਸ਼ੇਰ ' ਝੁਬਾਲੀਆ, ਮੈਨੇਜਰ " ਫੁਲਵਾੜੀ, ਪਾਸੋਂ ਇਨ੍ਹਾਂ ਦੇ ਪੁਰਾਣੇ ਰੀਕਾਰਡ ਵਿਚੋਂ ਪ੍ਰਾਪਤ ਹੋਈ ਹੈ। -0-

# ਸਰਦਾਰ ਰਤਨ ਸਿੰਘ ਵਹਾਲੀ

–ਮਹਿਤਾਬ ਸਿੰਘ, ਟਿੰਬਰ ਮਰਚੈਂਟ, ਜੇਹਲਮ

ਸਰਦਾਰ ਰਤਨ ਸਿੰਘ ਜੀ ਦੇ ਪਿਤਾ ਦਾ ਨਾਂ ਭਾਈ ਪ੍ਰਧਾਨ ਚੰਦ ਸੀ। ਆਪ ਰਾਜਾ ਫ਼ਤਹ ਚੰਦ ਮੈਣੀ, ਜੋ ਹੁਣ ਤਕ ਮੈਣੀ ਸੰਗਤ ਪਟਨਾ ਸਾਹਿਬ ਵਿਖੇ ਹੈ, ਦੇ ਖ਼ਾਨਦਾਨ ਵਿਚੋਂ ਸਨ। ਆਪ ਨੂੰ ਛੋਟੇ ਹੁੰਦਿਆਂ ਤੋਂ ਹੀ ਗੁਰਸਿੱਖੀ ਨਾਲ ਅਤਿਅੰਤ ਪਿਆਰ ਸੀ ਤੇ ਆਪ ਨਿਰਲੋਭ ਤੇ ਸੰਤ ਸੁਭਾਅ ਸਨ। ਜਵਾਨ ਹੋ ਕੇ ਆਪ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ ਘੋੜ-ਚੜੀ ਫ਼ੌਜ ਵਿਚ ਨੌਕਰ ਹੋ ਗਏ ਤੇ ਕੁਝ ਸਮਾਂ ਆਪ ਮਹਾਰਾਜਾ ਰਣਜੀਤ ਸਿੰਘ ਸਾਹਿਬ ਦੀ ਖ਼ਾਸ ਅਰਦਲ ਵਿਚ ਰਹੇ। ਆਪ ਜਦ ਕਦੀ ਆਪਣੇ ਘਰ (ਜ਼ਿਲ੍ਹਾ ਜੇਹਲਮ) ਆਉਂਦੇ ਤਾਂ ਕੋਠੇ ਤੇ ਡੌਲਦਾਰੀ ਲਗਾ ਕੇ, ਰਾਤ ਨੂੰ ਹੇਠਾਂ ਬਿਸਤਰਾ ਕਰ ਕੇ ਸੌਂਦੇ। ਆਪ ਪੰਜ ਹਥਿਆਰ ਰਾਤ ਨੂੰ ਵੀ ਸਜਾ ਕੇ ਸੌਂਦੇ ਸਨ। ਉਨ੍ਹਾਂ ਦਿਨਾਂ ਵਿਚ ਇਸ ਇਲਾਕੇ ਵਿਚ ਮੁਗ਼ਲਾਂ ਤੇ ਕਾਕਾਂ ਦਾ ਥੋੜ੍ਹਾ ਬਹੁਤਾ ਜ਼ੋਰ ਬਾਕੀ ਸੀ ਤੇ ਇਹ ਰਸਮ ਜਾਰੀ ਸੀ ਕਿ ਜਦੋਂ ਕੋਈ ਹਿੰਦੂ ਸ਼ਾਦੀ ਕਰ ਕੇ ਡੋਲਾ ਲਿਆਵੇ ਤਾਂ ਡੋਲਾ ਪਹਿਲੀ ਰਾਤ ਨੰਬਰਦਾਰ ਦੇ ਘਰ ਰਹੇ। ਇਸ ਬੁਰੀ ਰਸਮ ਨੂੰ ਇਸ ਇਲਾਕੇ ਵਿਚੋਂ ਆਪ ਨੇ ਹੀ ਦੂਰ ਕੀਤਾ ਤੇ ਮੁਗਲਾਂ ਤੇ ਕਾਕਾਂ ਨੂੰ ਸੋਧਿਆ। ਆਪ ਨੂੰ ਮਹਾਰਾਜਾ ਸਾਹਿਬ ਨੇ ਇਕ ਦੋ ਵੇਰਾਂ ਜਗੀਰ ਦੇਣੀ ਚਾਹੀ, ਪਰ ਆਪ ਨੇ ਇਹ ਆਖ ਕੇ ਨਾਂਹ ਕਰ ਦਿੱਤੀ ਕਿ ਸਭ ਧਰਤੀ ਖ਼ਾਲਸੇ ਦੀ ਹੈ, ਸਾਨੂੰ ਜੋ ਚੀਜ਼ ਲੋੜ ਹੋਵੇ, ਲੈ ਸਕਦੇ ਹਾਂ। ਇਸ ਲਈ ਅਸੀਂ ਕੋਈ ਜਗੀਰ ਨਹੀਂ ਲੈਣੀ। ਜਿਹੜਾ ਰਸਾਲਾ ਮੁਦਕੀ ਦੀ ਲੜਾਈ ਵਿਚ ਸਿੱਖਾਂ ਵਲੋਂ ਅੰਗਰੇਜ਼ਾਂ ਨਾਲ ਲੜ ਰਿਹਾ ਸੀ, ਆਪ ਉਸ ਵਿਚ ਸਰਦਾਰ ਸਨ ਤੇ ਬੜੇ ਭਾਰੇ ਘਮਸਾਨ ਵਿਚ ਆਪ ਉਥੇ ਹੀ ਸ਼ਹੀਦ ਹੋ ਗਏ ਸਨ। ਸਰਦਾਰ ਅਮੀਰ ਸਿੰਘ ਜੀ ਉਨ੍ਹਾਂ ਦੇ ਵੱਡੇ ਲੜਕੇ ਉਥੇ ਨਾਲ ਸਨ। ਸਵੇਰੇ ਜਦ ਪਹਿਲਾਂ ਅੰਗਰੇਜ਼ ਨੱਸ ਚੁਕੇ ਸਨ ਤੇ ਖ਼ਾਲਸੇ ਦੀਆਂ ਫੌਜਾਂ ਵਾਪਸ ਸਤਲੁਜ ਵਿਚ ਮੁੜਨ ਦੀਆਂ ਤਿਆਰੀਆਂ ਵਿਚ ਸਨ ਤਾਂ ਪਹਾੜਾ ਸਿੰਘ ਦੇ ਦੱਸਣ ਕਰਕੇ ਅੰਗਰੇਜ਼ ਵਾਪਸ ਆ ਗਏ ਸਨ। ਉਸ ਵੇਲੇ ਸ : ਅਮੀਰ ਸਿੰਘ ਜੀ ਨੇ ਆਪਣੇ ਪਿਤਾ ਵਾਲੇ ਘੋੜੇ 'ਤੇ ਸਵਾਰ ਹੋ ਕੇ ਘੋੜਾ ਦਰਿਆ ਵਿਚ ਠੇਲ੍ਹ ਦਿੱਤਾ ਤੇ ਆਪ ਪਾਰ ਹੋ ਗਏ। ਉਹ ਘੋੜਾ ਲਾਹੌਰ ਵੇਚ ਕੇ ਵਾਪਸ ਆ ਗਏ।

ਸ਼ਜਰਾ – ਨਸਬ ਇਨ੍ਹਾਂ ਦਾ ਇਸ ਤਰ੍ਹਾਂ ਹੈ :

ਭਾਈ ਪ੍ਰਧਾਨ ਚੰਦ
↓
ਸ : ਰਤਨ ਸਿੰਘ


ਸ : ਅਮੀਰ ਸਿੰਘ
↓
ਭਾ : ਗੁਰਦਿਤਾ ਮਲ
ਸ : ਲਖਮੀਰ ਸਿੰਘ

ਸ : ਭਗਵਾਨ ਸਿੰਘ
↓
ਸ : ਮਤਾਬ ਸਿੰਘ
ਸ : ਤਰਲੋਕ ਸਿੰਘ
ਸ : ਸਰਦਾਰ ਸਿੰਘ
ਸ : ਸੰਤ ਸਿੰਘ

# ਸਿੱਖ ਰਹਿਤ ਮਰਿਯਾਦਾ ਨੂੰ 1936 'ਚ ਜਨਰਲ ਹਾਊਸ ਤੋਂ ਮਿਲ ਚੁੱਕੀ ਹੈ ਪ੍ਰਵਾਨਗੀ

**-ਜੋਗਿੰਦਰ ਸਿੰਘ # 98151-95829**

ਬੀਤੇ ਕੁਝ ਦਿਨਾਂ 'ਚ ਦਮਦਮੀ ਟਕਸਾਲ ਜਥਾ ਭਿੰਡਰਾਂ ਮਹਿਤਾ ਦੇ ਪ੍ਰਮੁੱਖ ਨੁਮਾਇੰਦਿਆਂ ਵੱਲੋਂ ਸ਼੍ਰੋਮਣੀ ਕਮੇਟੀ ਦੇ ਧਰਮ ਪ੍ਰਚਾਰ ਵਿੰਗ ਰਾਹੀਂ ਛਾਪੀ ਜਾ ਰਹੀ ਸਿੱਖ ਰਹਿਤ ਮਰਿਯਾਦਾ ਦੀ ਪ੍ਰਵਾਨਗੀ ਦੇ ਇਤਿਹਾਸ ਸਬੰਧੀ ਸਵਾਲ ਉਠਾਉਣ ਮਗਰੋਂ ਪੰਥਕ ਸਫ਼ਾਂ 'ਚ ਇਸ ਨਵੇਂ ਵਿਵਾਦ ਦੀ ਆਰੰਭਤਾ ਬਾਰੇ ਤਿੱਖਾ ਪ੍ਰਤੀਕਰਮ ਵੇਖਿਆ ਗਿਆ ਹੈ। ਮਾਮਲੇ ਨੂੰ ਜਿਥੇ ਸ਼੍ਰੋਮਣੀ ਕਮੇਟੀ, ਪੰਜ ਪਿਆਰਿਆਂ, ਦਲ ਖ਼ਾਲਸਾ ਵਰਗੀਆਂ ਸੰਸਥਾਵਾਂ, ਜਥੇਬੰਦੀਆਂ ਵੱਲੋਂ ਨਵੇਂ ਬਖੇੜੇ ਦੀ ਕੋਸ਼ਿਸ਼ ਕਰਾਰ ਦਿੱਤਾ ਗਿਆ ਹੈ, ਉਥੇ ਕੁਝ ਇਤਿਹਾਸਕ ਤੱਥ ਦਮਦਮੀ ਟਕਸਾਲ ਦੇ ਦਾਅਵੇ ਨੂੰ ਨਕਾਰਦੇ ਹਨ, ਜਿਨ੍ਹਾਂ ਸਬੰਧੀ ਸ਼੍ਰੋਮਣੀ ਕਮੇਟੀ ਨੂੰ ਵੀ ਸ਼ਾਇਦ ਪੁਖਤਾ ਜਾਣਕਾਰੀ ਨਜ਼ਰ ਨਹੀਂ ਆ ਰਹੀ।




ਦਮਦਮੀ ਟਕਸਾਲ ਦੇ ਮੁਖੀ ਦੀ ਗੈਰ ਹਾਜ਼ਰੀ 'ਚ ਕੱਲ੍ਹ ਸੰਸਥਾ ਦੇ ਨੁਮਾਇੰਦਿਆਂ ਵੱਲੋਂ ਦਾਅਵਾ ਕੀਤਾ ਗਿਆ ਸੀ ਕਿ ਜਿਸ ਰਹਿਤ ਮਰਿਯਾਦਾ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਪ੍ਰਵਾਨਿਤ ਪ੍ਰਚਾਰਿਆ ਜਾ ਰਿਹਾ ਹੈ, ਉਹ ਮਹਿਜ਼ ਇਕ ਖਰੜਾ ਹੀ ਹੈ, ਜਿਸ ਨੂੰ ਹੁਣ ਤੱਕ ਸ਼੍ਰੋਮਣੀ ਕਮੇਟੀ ਹਾਊਸ ਜਾਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੀ ਰਸਮੀ ਪ੍ਰਵਾਨਗੀ ਨਹੀਂ ਮਿਲੀ।

ਇਤਿਹਾਸਕ ਤੱਥਾਂ ਨੂੰ ਘੋਖੀਏ ਤਾਂ 'ਦਰਪਣ ਸਿੱਖ ਰਹਿਤ ਮਰਿਯਾਦਾ' ਨਾਮੀ ਕਿਤਾਬ, ਜਿਸ ਨੂੰ ਸ਼੍ਰੋਮਣੀ ਕਮੇਟੀ ਦੇ ਦੋ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਅਤੇ ਬੀਬੀ ਜਗੀਰ ਕੌਰ, ਤਤਕਾਲੀ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਸਿੰਘ ਸਾਹਿਬ ਗਿਆਨੀ ਗੁਰਬਚਨ ਸਿੰਘ, ਜਥੇਦਾਰ ਸਿੰਘ ਸਾਹਿਬ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਸਮੇਤ ਸਿੰਘ ਸਾਹਿਬ ਗਿਆਨੀ ਤਰਲੋਚਨ ਸਿੰਘ (ਮਰਹੂਮ), ਸਿੰਘ ਸਾਹਿਬ ਗਿਆਨੀ ਇਕਬਾਲ ਸਿੰਘ, ਸਿੰਘ ਸਾਹਿਬ ਗਿਆਨੀ ਬਲਵੰਤ ਸਿੰਘ ਨੰਦਗੜ੍ਹ ਵੱਲੋਂ ਸ਼ਲਾਘਾ ਅਤੇ ਮਾਨਤਾ ਪ੍ਰਾਪਤ ਹੈ, 'ਚ ਦਰਜ ਵੇਰਵਿਆਂ ਅਨੁਸਾਰ ਮੌਜੂਦਾ ਰਹਿਤ ਮਰਿਯਾਦਾ ਨੂੰ 1936 'ਚ ਸਰਬ ਹਿੰਦੂ-ਸਿੱਖ ਮਿਸ਼ਨ ਬੋਰਡ ਵੱਲੋਂ ਪ੍ਰਵਾਨ ਕਰਨ ਮਗਰੋਂ ਸ਼੍ਰੋਮਣੀ ਕਮੇਟੀ ਦੇ ਜਨਰਲ ਇਜਲਾਸ 'ਚ ਮਾਨਤਾ ਦੇ ਦਿੱਤੀ ਗਈ ਸੀ ਅਤੇ ਤਤਕਾਲੀ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਗਿਆਨੀ ਮੋਹਨ ਸਿੰਘ ਨੇ ਇਸ ਨੂੰ ਪੰਥ ਦੇ ਨਾਂਅ ਜਾਰੀ ਕੀਤਾ ਸੀ।

ਇਤਿਹਾਸਕ ਅੰਕੜਿਆਂ ਮੁਤਾਬਿਕ 15 ਮਾਰਚ 1927 ਨੂੰ ਸ: ਤੇਜਾ ਸਿੰਘ ਦੀ ਅਗਵਾਈ 'ਚ ਰਹਿਤ ਮਰਿਯਾਦਾ ਸਬੰਧੀ ਸਬ ਕਮੇਟੀ ਦਾ ਗਠਨ ਕੀਤਾ ਗਿਆ ਸੀ ਅਤੇ ਇਸ ਕਮੇਟੀ ਵੱਲੋਂ ਅਪ੍ਰੈਲ 1931 ਦੇ ਗੁਰਦੁਆਰਾ ਗਜ਼ਟ 'ਚ ਸੰਗਤ ਦੀ ਰਾਏ ਲੈਣ ਸਬੰਧੀ ਪਹਿਲਾ ਖਰੜਾ ਛਾਪ ਕੇ ਵੰਡਿਆ ਗਿਆ। 30 ਦਸੰਬਰ 1933 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਰਹਿਤ ਮਰਿਯਾਦਾ ਵਿਚਾਰਨ ਲਈ ਸਮੂਹ ਸਿੱਖ ਜਥੇਬੰਦੀਆਂ ਦੀ ਕਾਨਫਰੰਸ 'ਚ ਸ਼੍ਰੋਮਣੀ ਕਮੇਟੀ ਨੂੰ ਅਗਾਮੀ ਕਾਰਵਾਈ ਦਾ ਅਧਿਕਾਰ ਦਿੱਤਾ ਗਿਆ। 1 ਅਗਸਤ 1936 ਨੂੰ ਸਰਬ ਹਿੰਦ ਸਿੱਖ ਮਿਸ਼ਨ ਬੋਰਡ ਵੱਲੋਂ ਰਹਿਤ ਮਰਿਯਾਦਾ ਦਾ ਖਰੜਾ ਪ੍ਰਵਾਨ ਕੀਤਾ ਗਿਆ ਅਤੇ ਇਸੇ ਵਰ੍ਹੇ 12 ਅਕਤੂਬਰ ਨੂੰ ਸ਼੍ਰੋਮਣੀ ਕਮੇਟੀ ਦੀ ਜਨਰਲ ਇਕੱਤਰਤਾ ਵੱਲੋਂ ਖਰੜੇ ਨੂੰ ਪ੍ਰਵਾਨਗੀ ਦੇਣ ਉਪਰੰਤ ਤਤਕਾਲੀ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਪੰਥ ਦੇ ਨਾਂਅ ਜਾਰੀ ਕਰ ਦਿੱਤਾ ਗਿਆ। ਇਸ ਦੌਰਾਨ ਮੁੜ ਕੁੱਝ ਸੋਧਾਂ ਅਤੇ ਵਾਧੇ ਘਾਟੇ ਦੀ ਮੰਗ ਉੱਠਣ ਮਗਰੋਂ ਸ਼੍ਰੋਮਣੀ ਕਮੇਟੀ ਦੀ 12ਵੀਂ ਇਕੱਤਰਤਾ 'ਚ 28 ਜੁਲਾਈ 1944 ਨੂੰ ਵਿਚਾਰ ਵਟਾਂਦਰਾ ਕੀਤਾ ਗਿਆ ਅਤੇ 7 ਜਨਵਰੀ 1945 ਨੂੰ ਸ਼੍ਰੋਮਣੀ ਕਮੇਟੀ ਦੀ 13ਵੀਂ ਇਕੱਤਰਤਾ 'ਚ ਸੋਧ ਦੀ ਸਿਫਾਰਸ਼ ਕਰ ਦਿੱਤੀ ਗਈ, ਜਿਸ ਤਹਿਤ 3 ਫਰਵਰੀ 1945 ਨੂੰ ਸ਼੍ਰੋਮਣੀ ਕਮੇਟੀ ਦੀ ਜਨਰਲ ਇਕੱਤਰਤਾ 'ਚ ਮਹੱਤਵਪੂਰਨ ਸੋਧਾਂ ਨੂੰ ਮਤਾ ਨੰਬਰ 97 ਰਾਹੀਂ ਪ੍ਰਵਾਨਗੀ ਦੇ ਦਿੱਤੀ ਗਈ।

ਉਕਤ ਅੰਕੜਿਆਂ ਤਹਿਤ ਜੇਕਰ ਖਰੜੇ 'ਤੇ ਵਿਚਾਰ ਅਤੇ ਸੋਧਾਂ ਉਪਰੰਤ ਸ਼੍ਰੋਮਣੀ ਕਮੇਟੀ ਜਨਰਲ ਇਜਲਾਸ ਵੱਲੋਂ ਇਸ ਨੂੰ ਪ੍ਰਵਾਨਗੀ ਦੇ ਕੇ ਲਗਾਤਾਰ ਲਿਖਤੀ ਰੂਪ 'ਚ ਛਾਪਿਆ ਜਾ ਰਿਹਾ ਹੈ, ਤਾਂ ਇਹ ਮਹਿਜ਼ ਖਰੜਾ ਕਿਵੇਂ ਕਿਹਾ ਜਾ ਸਕਦਾ ਹੈ, ਇਸ ਬਾਬਤ ਸ਼੍ਰੋਮਣੀ ਕਮੇਟੀ ਵੀ ਤੱਥਾਂ ਤੋਂ ਬੇਖ਼ਬਰ ਨਜ਼ਰ ਆਉਂਦੀ ਹੈ। ਬਹਰਹਾਲ ਤਤਕਾਲੀ ਸ਼੍ਰੋਮਣੀ ਕਮੇਟੀ ਪ੍ਰਧਾਨ ਮਰਹੂਮ ਜਥੇਦਾਰ ਅਵਤਾਰ ਸਿੰਘ ਵੱਲੋਂ ਦਮਦਮੀ ਟਕਸਾਲ ਦੇ ਸਵਾਲਾਂ ਨੂੰ ਕੌਮ 'ਚ ਨਵੀਂ ਦੁਬਿਧਾ ਖੜ੍ਹੀ ਕਰਨ ਵਾਲਾ ਮੰਨਿਆ ਗਿਆ। ਉਨ੍ਹਾਂ ਕਿਹਾ ਕਿ ਪੰਥ ਪ੍ਰਵਾਨਿਤ ਸਿੱਖ ਰਹਿਤ ਮਰਿਯਾਦਾ 'ਤੇ ਕਿੰਤੂ ਪ੍ਰੰਤੂ ਕਰਨਾ ਪਹਿਲਾਂ ਹੀ ਬਖੇੜਿਆਂ 'ਚ ਪਈ ਕੌਮ ਨੂੰ ਨਵੇਂ ਵਿਵਾਦ ਵੱਲ ਧੱਕਣਾ ਹੀ ਕਿਹਾ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਰਹਿਤ ਮਰਿਯਾਦਾ ਬੇਹੱਦ ਸੰਜੀਦਾ ਮਾਮਲਾ ਹੈ ਅਤੇ ਅਜਿਹੇ ਮੁੱਦੇ ਬਾਰੇ ਬੋਲਣ ਤੋਂ ਪਹਿਲਾਂ ਹਰੇਕ ਸਿੱਖ ਜਥੇਬੰਦੀ ਨੂੰ ਕਈ ਵਾਰ ਸੋਚਣਾ ਚਾਹੀਦਾ ਹੈ। ਉਨ੍ਹਾਂ ਦਮਦਮੀ ਟਕਸਾਲ ਦੇ ਅਨੇਕਾਂ ਵਿਦਿਆਰਥੀਆਂ ਵੱਲੋਂ ਇਸੇ ਰਹਿਤ ਮਰਿਯਾਦਾ ਅਨੁਸਾਰ ਸੇਵਾ ਕਰਨ ਦੀ ਉਦਾਹਰਨ ਵੀ ਦਿੱਤੀ।

ਹੋਰਨਾਂ ਸਿੱਖ ਸਫ਼ਾਂ ਵੱਲੋਂ ਦਲ ਖ਼ਾਲਸਾ ਦੇ ਬੁਲਾਰੇ ਭਾਈ ਕੰਵਰਪਾਲ ਸਿੰਘ ਨੇ ਕਿਹਾ ਕਿ 1994'ਚ ਵੀ ਸੰਤ ਸਮਾਜ ਵੱਲੋਂ ਪ੍ਰਵਾਨਿਤ ਰਹਿਤ ਮਰਿਯਾਦਾ 'ਤੇ ਕਿੰਤੂ ਪ੍ਰੰਤੂ ਕੀਤਾ ਗਿਆ ਸੀ ਪਰ ਤਤਕਾਲੀ ਪ੍ਰਧਾਨ ਸ਼੍ਰੋਮਣੀ ਕਮੇਟੀ ਜਥੇਦਾਰ ਗੁਰਚਰਨ ਸਿੰਘ ਟੌਹੜਾ (ਮਰਹੂਮ) ਨੇ ਬਾ-ਦਲੀਲ ਅਜਿਹੀ ਪਹੁੰਚ ਨੂੰ ਨਕਾਰ ਦਿੱਤਾ ਸੀ। ਉਨ੍ਹਾਂ ਕਿਹਾ ਕਿ ਇਸ ਸਮੇਂ ਪੰਥ ਨੂੰ ਦਰਪੇਸ਼ ਹੋਰਨਾਂ ਮੁਸ਼ਕਿਲਾਂ ਦੇ ਸਾਂਝੇ ਹੱਲ ਲੱਭਣ ਦੀ ਥਾਂ ਸ਼ਹੀਦ ਬਾਬਾ ਦੀਪ ਸਿੰਘ ਅਤੇ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਦੀ ਸੇਧ ਪ੍ਰਾਪਤ ਸੰਸਥਾ ਦਮਦਮੀ ਟਕਸਾਲ ਵੱਲੋਂ ਅਜਿਹੇ ਮਤਭੇਦ ਪੈਦਾ ਕਰਨੇ ਉਚਿਤ ਨਹੀਂ ਹਨ। ਇਸੇ ਤਰ੍ਹਾਂ ਹੀ ਸ਼੍ਰੋਮਣੀ ਕਮੇਟੀ ਦੀ ਮੁਲਾਜ਼ਮਤ ਤੋਂ ਬਰਖਾਸਤ ਹੋਣ ਮਗਰੋਂ ਪੰਥਕ ਹਲਕਿਆਂ 'ਚ ਸਰਗਰਮ ਪੰਜ ਪਿਆਰਿਆਂ ਨੇ ਵੀ ਅਜਿਹੀ ਕਿਸੇ ਵੀ ਕੋਸ਼ਿਸ਼ ਨੂੰ ਪੰਥ ਵਿਰੋਧੀ ਦੱਸਿਆ ਹੈ, ਜਿਸ ਤਹਿਤ ਕੌਮ 'ਚ ਮੁੜ ਕੋਈ ਨਵੀਂ ਦਰਾੜ ਪੈਦਾ ਹੁੰਦੀ ਹੋਵੇ ਅਤੇ ਇਸ 'ਚ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਪ੍ਰਵਾਨਿਤ ਮਰਿਯਾਦਾ 'ਤੇ ਉਂਗਲਾਂ ਚੁੱਕੀਆਂ ਗਈਆਂ ਹੋਣ।-0-




ਸਿਖਿਆਦਾਇਕ ਕਹਾਣੀ

# ਹਿਰਨ ਦੇ ਬੱਚੇ ਅਤੇ ਸ਼ਿਕਾਰੀ

ਕੁਲਦੀਪ ਸਿੰਘ 98030-00649

ਜੰਗਲ ਵਿੱਚ ਹਿਰਨ ਅਤੇ ਉਸ ਦੇ ਦੋ ਬੱਚੇ ਰਹਿੰਦੇ ਸਨ। ਉਸ ਦੇ ਬੱਚੇ ਬਹੁਤ ਜ਼ਿਆਦਾ ਸ਼ਰਾਰਤੀ ਸਨ। ਇੱਕ ਦਿਨ ਉਹ ਬਿਨਾਂ ਪੁੱਛੇ ਭੋਜਨ ਦੀ ਤਲਾਸ਼ ਵਿੱਚ ਚਲੇ ਗਏ। ਉਹ ਹਾਲੇ ਵਗਦੀ ਨਦੀ ਵਿੱਚੋਂ ਪਾਣੀ ਪੀਣ ਹੀ ਲੱਗੇ ਸਨ ਕਿ ਸਾਹਮਣੇ ਤੋਂ ਇੱਕ ਚੀਤਾ ਨਜ਼ਰ ਆ ਗਿਆ। ਉਹ ਚੀਤੇ ਨੂੰ ਦੇਖ ਕੇ ਦੌੜਨ ਲੱਗੇ। ਚੀਤਾ ਉਨ੍ਹਾਂ ਦੇ ਪਿੱਛੇ-ਪਿੱਛੇ ਦੂਜੇ ਕਿਨਾਰੇ 'ਤੇ ਦੌੜ ਰਿਹਾ ਸੀ। ਨਦੀ ਦੇ ਇੱਕ ਕਿਨਾਰੇ 'ਤੇ ਬੱਚੇ ਅਤੇ ਦੂਜੇ ਕਿਨਾਰੇ 'ਤੇ ਚੀਤਾ, ਬੜਾ ਭਿਆਨਕ ਦ੍ਰਿਸ਼ ਸੀ। ਚੀਤੇ ਵਾਲੇ ਪਾਸਿਓਂ ਸ਼ਿਕਾਰੀ ਆ ਗਿਆ। ਚੀਤਾ ਉਸ ਦੀ ਬੰਦੂਕ ਦੇਖ ਕੇ ਡਰ ਗਿਆ। ਇੰਨਾ ਜ਼ਿਆਦਾ ਡਰ ਗਿਆ ਕਿ ਡਰਦਾ ਪਾਣੀ 'ਚ ਡਿੱਗ ਗਿਆ। ਬੱਚੇ ਰੁੱਖ ਪਿੱਛੇ ਛੁਪ ਗਏ। ਸ਼ਿਕਾਰੀ ਚੀਤੇ ਦੇ ਸ਼ਿਕਾਰ ਲਈ ਪਾਣੀ ਵਿੱਚ ਗੋਲੀਆਂ ਮਾਰਨ ਲੱਗਾ। ਚੀਤੇ ਨੇ ਬੱਚਿਆਂ ਦੀ ਮਿੰਨਤ ਕੀਤੀ, ''ਮੈਨੂੰ ਬਚਾ ਲਓ।''

''ਆਪਾਂ ਨੂੰ ਮੰਮੀ ਨੂੰ ਜਵਾਬ ਦੇਣਾ ਪਵੇਗਾ, ਜੇ ਚੀਤਾ ਅੰਕਲ ਆਪਣੇ ਕਾਰਨ ਸ਼ਿਕਾਰੀ ਦਾ ਸ਼ਿਕਾਰ ਬਣ ਗਿਆ।'' ਪਹਿਲੇ ਬੱਚੇ ਨੇ ਦੂਜੇ ਨੂੰ ਕਿਹਾ। ''ਆਪਾਂ ਨੂੰ ਉਸ ਦੀ ਮਦਦ ਕਰਨੀ ਚਾਹੀਦੀ ਹੈ।'' ਦੂਜੇ ਨੇ ਕਿਹਾ। ''ਪਰ... ਕਿਵੇਂ?'' ਦੋਵੇਂ ਇਕੱਠੇ ਬੋਲੇ।





ਇੱਕ ਨੇ ਮਿੱਟੀ ਦਾ ਵੱਟਾ ਚੁੱਕਿਆ ਤੇ ਸ਼ਿਕਾਰੀ ਵੱਲ ਨੂੰ ਵਗਾਹ ਕੇ ਉਸ ਦਾ ਧਿਆਨ ਹਟਾ ਦਿੱਤਾ। ਸ਼ਿਕਾਰੀ ਹੁਣ ਚੀਤੇ ਦੀ ਬਜਾਏ ਉਨ੍ਹਾਂ ਵੱਲ ਆ ਗਿਆ ਸੀ। ਉਧਰੋਂ ਚੀਤਾ ਪਾਣੀ ਵਿੱਚ ਸੰਘਰਸ਼ ਕਰਦਾ ਬਾਹਰ ਆ ਗਿਆ ਤੇ ਉਸ ਨੇ ਸੁਖ ਦਾ ਸਾਹ ਲਿਆ। ਫਿਰ ਉਸ ਨੂੰ ਬੱਚਿਆਂ ਦਾ ਖ਼ਿਆਲ ਆਇਆ। ਦੂਜੇ ਪਾਸੇ ਬੱਚੇ ਆਪਣੇ ਘਰ ਪਹੁੰਚ ਗਏ ਸਨ। ਉਨ੍ਹਾਂ ਨੇ ਆਪਣੀ ਮਾਂ ਨੂੰ ਸਾਰੀ ਗੱਲ ਦੱਸੀ। ਹਿਰਨੀ ਨੇ ਉਨ੍ਹਾਂ ਨੂੰ ਚੀਤੇ ਦੀ ਮਦਦ ਕਰਨ ਲਈ ਸ਼ਾਬਾਸ਼ੀ ਦਿੱਤੀ। ਨਾਲ ਹੀ ਉਸ ਨੇ ਬੱਚਿਆਂ ਨੂੰ ਮਾਪਿਆਂ ਤੋਂ ਪੁੱਛੇ ਬਿਨਾਂ ਕਿਤੇ ਵੀ ਨਾ ਜਾਣ ਦੀ ਤਾਕੀਦ ਕੀਤੀ।

ਦੂਜੇ ਪਾਸੇ ਚੀਤਾ ਵੀ ਸ਼ਿਕਾਰੀ ਦਾ ਪਿੱਛਾ ਕਰਦਾ, ਸ਼ੇਰ ਮਹਾਰਾਜ ਨੂੰ ਨਾਲ ਲੈ ਕੇ ਉੱਥੇ ਪਹੁੰਚ ਗਿਆ। ਦੋਵਾਂ ਨੇ ਰਲ ਕੇ ਸ਼ਿਕਾਰੀ ਦੀ ਬੰਦੂਕ ਛੁਡਾ ਕੇ ਉਸ ਦੇ ਹੱਥੋਂ ਡਿਗਾ ਦਿੱਤੀ ਅਤੇ ਉਸ ਨੂੰ ਫੜ ਲਿਆ।

''ਮੈਨੂੰ ਛੱਡ ਦਿਓ। ਮੇਰੇ ਛੋਟੇ-ਛੋਟੇ ਦੋ ਬੱਚੇ ਹਨ,'' ਸ਼ਿਕਾਰੀ ਨੇ ਕਿਹਾ। ''ਕੀ ਉਹ ਬੱਚੇ ਨਹੀਂ ਸਨ, ਜਿਨ੍ਹਾਂ ਦੇ ਪਿੱਛੇ ਤੂੰ ਆਇਆ?'' ਸ਼ੇਰ ਨੇ ਗਰਜਦੇ ਹੋਏ ਕਿਹਾ।

''ਮੁਆਫ਼ ਕਰ ਦਿਓ... ਮੈਨੂੰ ਮੁਆਫ਼ ਕਰ ਦਿਓ... ਮੇਰੇ ਤੋਂ ਗ਼ਲਤੀ ਹੋ ਗਈ। ਮੈਂ ਅੱਗੇ ਤੋਂ ਸ਼ਿਕਾਰ ਕਰਨਾ ਹੀ ਛੱਡ ਦੇਵਾਂਗਾ।'' ਸ਼ਿਕਾਰੀ ਚਿਲਾਉਂਦਾ ਹੋਇਆ ਰੋਣ ਲੱਗਾ।

ਉਨ੍ਹਾਂ ਨੇ ਸ਼ਿਕਾਰੀ 'ਤੇ ਤਰਸ ਖਾ ਕੇ ਉਸ ਨੂੰ ਛੱਡ ਦਿੱਤਾ। ਉਹ ਅੱਗੇ ਤੋਂ ਸ਼ਿਕਾਰ ਨਾ ਕਰਨ ਦਾ ਪ੍ਰਣ ਲੈਂਦਾ ਹੋਇਆ ਵਾਪਸ ਘਰ ਨੂੰ ਚਲਾ ਗਿਆ।

ਸਾਰੇ ਜੰਗਲ ਵਾਸੀ ਬੱਚਿਆਂ ਦੀ ਬਹਾਦਰੀ ਤੋਂ ਖ਼ੁਸ਼ ਸਨ। ਦੂਜਿਆਂ ਦੀ ਮਦਦ ਕਰਨ ਲਈ ਉਨ੍ਹਾਂ ਨੂੰ ਸਨਮਾਨਿਤ ਕੀਤਾ ਗਿਆ।

-0-

ਮਿੰਨੀ ਕਹਾਣੀ

# ਬਹਾਨੇਬਾਜ਼ ਡਮਰੂ

ਓਮਕਾਰ ਸੂਦ ਬਹੋਨਾ
9654036080

ਚੰਪਕ ਵਣ ਵਿਚ ਡਮਰੂ ਨਾਂ ਦਾ ਇਕ ਖ਼ਰਗੋਸ਼ ਦਾ ਬੱਚਾ ਰਹਿੰਦਾ ਸੀ। ਉਹ ਅਪਣੇ ਮੰਮੀ-ਪਾਪਾ ਦਾ ਲਾਡਲਾ ਪੁੱਤਰ ਸੀ। ਉਸ ਨੂੰ ਹਮੇਸ਼ਾਂ ਖੇਡਦੇ ਰਹਿਣ ਤੇ ਸ਼ਰਾਰਤਾਂ ਕਰਨ ਦੀ ਆਦਤ ਸੀ। ਉਸ ਦੀ ਇਹ ਆਦਤ ਬਾਲਪਣ ਦੇ ਨਾਲ ਹੀ ਵਧਦੀ ਜਾ ਰਹੀ ਸੀ। ਉਸ ਨੂੰ ਸਕੂਲ ਵਿਚ ਦਾਖ਼ਲ ਹੋਇਆਂ ਵੀ ਛੇ ਮਹੀਨੇ ਹੋ ਗਏ ਸਨ। ਪੜ੍ਹਾਈ ਵਿਚ ਉਸਦਾ ਮਨ ਉੱਕਾ ਹੀ ਨਾ ਲਗਦਾ। ਇਕ ਦਿਨ ਉਹ ਸਕੂਲ ਗਿਆ। ਉਸ ਦੀ ਮੈਡਮ ਸੁੰਦਰੋ ਹਿਰਨੀ ਜਮਾਤ ਵਿਚ ਪੜ੍ਹ ਰਹੀ ਸੀ। ਉਹ ਚੁਪਚਾਪ ਜਾ ਕੇ ਜਮਾਤ ਵਿਚ ਬੈਠ ਗਿਆ। ਹਾਜ਼ਰੀ ਲਗਾਉਣ ਤੋਂ ਬਾਅਦ ਸੁੰਦਰੋ ਹਿਰਨੀ ਨੇ ਸਭ ਜਾਨਵਰਾਂ ਦੇ ਬੱਚਿਆਂ ਨੂੰ ਆਪਣੇ-ਆਪਣੇ ਹੋਮਵਰਕ ਦੀਆਂ ਕਾਪੀਆਂ ਵਿਖਾਉਣ ਲਈ ਆਖਿਆ। ਸੱਭ ਜਾਨਵਰ ਬੱਚਿਆਂ ਨੇ ਵਾਰੀ-ਵਾਰੀ ਆਪਣਾ ਘਰੋਂ ਕਰ ਕੇ ਲਿਆਂਦਾ ਹੋਮਵਰਕ ਸੁੰਦਰੋ ਹਿਰਨੀ ਨੂੰ ਵਿਖਾ ਕੇ ਕਾਪੀਆਂ ਉਤੇ ਮੈਡਮ ਦੇ ਦਸਤਖ਼ਤ ਕਰਵਾ ਲਏ। ਜਦੋਂ ਡਮਰੂ ਖ਼ਰਗੋਸ਼ ਦੀ ਵਾਰੀ ਆਈ ਤਾਂ ਉਸ ਨੇ ਹੋਮਵਰਕ ਨਹੀਂ ਕੀਤਾ ਸੀ। ਮੈਡਮ ਦੇ ਪੁੱਛਣ ਤੇ ਉਹ ਬੋਲਿਆ ਕਿ ਮੈਡਮ ਜੀ, ਕੱਲ ਮੇਰੀ ਮੰਮੀ ਬੀਮਾਰ ਹੋ ਗਈ ਸੀ। ਮੈਂ ਉਸ ਨੂੰ ਦਵਾਈ ਦਿਵਾਉਣ ਵਾਸਤੇ ਗੰਜੇ ਭਾਲੂ ਡਾਕਟਰ ਕੋਲ ਲੈ

ਕੇ ਗਿਆ ਸੀ। ਉੱਥੇ ਮਰੀਜ਼ਾਂ ਦੀ ਜ਼ਿਆਦਾ ਭੀੜ ਹੋਣ ਕਰ ਕੇ ਦੇਰ ਹੋ ਗਈ। ਇਸ ਲਈ ਮੈਂ ਹੋਮਵਰਕ ਨਹੀਂ ਕਰ ਸਕਿਆ। ਸੁੰਦਰੋ ਮੈਡਮ ਨੇ ਉਹਦੀ ਗੱਲ ਨੂੰ ਸੱਚ ਮੰਨ ਕੇ ਉਹਨੂੰ ਬੈਠ ਜਾਣ ਲਈ ਕਿਹਾ ਤੇ ਅੱਗੇ ਤੋਂ ਤਾਕੀਦ ਕੀਤੀ ਕਿ ਕੱਲ੍ਹ ਨੂੰ ਅਪਣਾ ਹੋਮ ਵਰਕ ਪੂਰਾ ਕਰ ਕੇ ਲਿਆਵੇ।

ਦੂਜੇ ਦਿਨ ਵੀ ਡਮਰੂ ਖ਼ਰਗੋਸ਼ ਨੇ ਹੋਮਵਰਕ ਨਾ ਕੀਤਾ। ਉਸ ਨੇ ਬਹਾਨਾ ਬਣਾਇਆ ਕਿ ਮੈਡਮ ਜੀ ਕੱਲ੍ਹ ਮੇਰਾ ਬੜੀ ਜ਼ੋਰ ਦੀ ਸਿਰ ਦਰਦ ਕਰ ਰਿਹਾ ਸੀ ਇਸ ਲਈ ਮੈਂ ਦਵਾਈ ਲੈ ਕੇ ਸੌਂ ਗਿਆ। ਮੈਂ ਹੋਮਵਰਕ ਨਹੀਂ ਕਰ ਸਕਿਆ। ਸੁੰਦਰੋ ਹਿਰਨੀ ਨੇ ਉਸ ਦੀ ਗੱਲ ਨੂੰ ਸੱਚ ਮੰਨ ਕੇ ਫਿਰ ਬੈਠ ਜਾਣ ਲਈ ਕਿਹਾ ਤੇ ਕੱਲ੍ਹ ਅਗਲਾ ਪਿਛਲਾ ਸਾਰਾ ਹੋਮਵਰਕ ਕਰ ਕੇ ਆਉਣ ਲਈ ਕਿਹਾ। ਬਹਾਨੇਬਾਜ਼ ਡਮਰੂ ਨੂੰ ਹੋਮਵਰਕ ਨਾ ਕਰਨ ਦੀ ਆਦਤ ਪੈ ਗਈ। ਕੋਈ ਨਾ ਕੋਈ ਬਹਾਨਾ ਮਾਰ ਕੇ ਮੈਡਮ ਕੋਲੋਂ ਛੁਟਕਾਰਾ ਤਾਂ ਮਿਲ ਹੀ ਜਾਂਦਾ ਸੀ। ਹੁਣ ਤੀਜੇ ਦਿਨ ਵੀ ਡਮਰੂ ਹੋਮਵਰਕ ਨਾ ਕਰ ਕੇ ਆਇਆ। ਉਸ ਨੇ ਬਹਾਨਾ ਲਗਾਇਆ ਕਿ ਮੇਰੇ ਪਿਤਾ ਜੀ ਦੇ ਪੈਰ ਤੇ ਚੋਟ ਲੱਗ ਗਈ ਸੀ। ਪਿਤਾ ਜੀ ਨੂੰ ਪੱਟੀ ਕਰਵਾਉਣ ਵਾਸਤੇ ਗੰਜੇ ਭਾਲੂ ਡਾਕਟਰ ਕੋਲ ਲੈ ਕੇ ਗਿਆ ਸੀ। ਹੁਣ ਸੁੰਦਰੋ ਮੈਡਮ ਨੂੰ ਉਸ ਦੀਆਂ ਬਹਾਨੇਬਾਜ਼ੀਆਂ ਤੇ ਸ਼ੱਕ ਹੋ ਰਿਹਾ ਸੀ। ਉਸ ਨੇ ਡਮਰੂ ਨੂੰ ਬਾਹੋਂ ਫੜ ਕੇ ਖੜਾ ਕਰ ਲਿਆ ਤੇ ਡਮਰੂ ਨੂੰ ਨਾਲ ਲੈ ਕੇ ਘਰ ਪੁੱਜ ਗਈ । ਉਸ ਨੇ ਡਮਰੂ ਦੇ ਘਰੋਂ ਪਤਾ ਕੀਤਾ ਤਾਂ ਸਭ ਰਾਜ਼ ਖੁਲ੍ਹ ਗਿਆ। ਡਮਰੂ ਦੀ ਮੰਮੀ ਨੇ ਮੈਡਮ ਨੂੰ ਦਸਿਆ ਕਿ ਨਾ ਤਾਂ ਪਰਸੋਂ ਮੈਨੂੰ ਬੁਖਾਰ ਸੀ, ਨਾ ਹੀ ਡਮਰੂ ਦਾ ਸਿਰ ਦਰਦ ਕੀਤਾ ਤੇ ਨਾ ਹੀ ਇਸ ਦੇ ਪਿਤਾ ਜੀ ਦੇ ਪੈਰ ਤੇ ਚੋਟ ਲੱਗੀ ਸੀ। ਸਗੋਂ ਸਕੂਲੋਂ ਆ ਕੇ ਤਾਂ ਇਹ ਅਪਣੇ ਅਵਾਰਾ ਦੋਸਤਾਂ ਨਾਲ ਖੇਡਣ ਚਲਾ ਜਾਂਦਾ ਹੈ। ਇਸ ਲਈ ਇਹ ਹੋਮਵਰਕ ਨਹੀਂ ਕਰ ਪਾਉਂਦਾ। ਨਾਲ ਹੀ ਡਮਰੂ ਦੀ ਮੰਮੀ ਨੇ ਝੂਠ ਬੋਲਣ ਕਰ ਕੇ ਇਕ ਥੱਪੜ ਡਮਰੂ ਦੇ ਕੰਨ ਤੇ ਜੜ ਦਿਤਾ। ਡਮਰੂ ਦੀ ਚੀਕ ਨਿਕਲ ਗਈ। ਇਉਂ ਹੀ ਦੋ-ਤਿੰਨ ਹੋਰ ਥੱਪੜ ਮਾਰੇ। ਸੱਚਾਈ ਪਤਾ ਕਰਨ ਤੋਂ ਬਾਅਦ ਸੁੰਦਰੋ ਮੈਡਮ ਉਸ ਨੂੰ ਉਸ ਦੀ ਮੰਮੀ ਤੋਂ ਛੁਡਵਾ ਕੇ ਅਪਣੇ ਨਾਲ ਸਕੂਲ ਲੈ ਆਈ।

ਸਕੂਲ ਆ ਕੇ ਉਸ ਨੇ ਸਾਰੇ ਜਾਨਵਰ ਬੱਚਿਆਂ ਅੱਗੇ ਡਮਰੂ ਨੂੰ ਖੜਾ ਕਰ ਦਿਤਾ। ਸਾਰੀ ਜਮਾਤ ਨੂੰ ਉਸ ਦੀ ਕਰਤੂਤ ਦੱਸੀ ਤੇ ਫਿਰ ਬਸਤਾ ਉਸ ਦੇ ਹੱਥਾਂ ਵਿਚ ਫੜਾ ਕੇ ਕਿਹਾ ਕਿ ਸੱਭ ਜਾਣ ਗਏ ਹਨ ਕਿ ਡਮਰੂ ਝੂਠਾ ਤੇ ਮੱਕਾਰ ਹੈ। ਇਹ ਪੜ੍ਹਾਈ ਦੇ ਕਾਬਲ ਨਹੀਂ। ਇਸ ਨੂੰ ਆਪਣੇ ਅਵਾਰਾ ਦੋਸਤਾਂ ਨਾਲ ਖੇਡਣਾ ਚੰਗਾ ਲਗਦਾ ਹੈ। ਇਸ ਲਈ ਇਸ ਦਾ ਦਾਖ਼ਲਾ ਰੱਦ ਕਰ ਕੇ ਇਸ ਨੂੰ ਘਰ ਵਾਪਸ ਭੇਜਿਆ ਜਾਂਦਾ ਹੈ। ਇਸ ਤਰ੍ਹਾਂ ਦੇ ਵਿਗੜੇ ਤੇ ਝੂਠੇ ਬੱਚਿਆਂ ਲਈ ਸਾਡੇ ਸਕੂਲ ਵਿਚ ਕੋਈ ਥਾਂ ਨਹੀਂ। ਸੁਣ ਕੇ ਡਮਰੂ ਨੇ ਉੱਚੀ-ਉੱਚੀ ਰੋਣਾ ਸ਼ੁਰੂ ਕਰ ਦਿਤਾ। ਉਸ ਦਾ ਰੋਣਾ ਸੁਣ ਕੇ ਨਿੱਕੀ ਗਲਹਿਰੀ ਨੂੰ ਤਰਸ ਆ ਗਿਆ। ਉਸ ਨੇ ਡਮਰੂ ਦੀ ਵਕਾਲਤ ਕਰਦਿਆਂ ਸੁੰਦਰੋ ਹਿਰਨੀ ਮੈਡਮ ਨੂੰ ਬੇਨਤੀ ਕੀਤੀ ਕਿ ਮੈਡਮ ਜੀ, ਇਸ ਨੂੰ ਇਕ ਵਾਰ ਮਾਫ਼ ਕਰ ਕੇ ਸੁਧਰਨ ਦਾ ਮੌਕਾ ਦਿੱਤਾ ਜਾਣਾ ਚਾਹੀਦਾ ਹੈ। ਦੁਬਾਰਾ ਅਜਿਹੀ ਗ਼ਲਤੀ ਕਰੇ ਤਾਂ ਬੇਸ਼ੱਕ ਮਾਫ਼ ਨਾ ਕੀਤਾ ਜਾਵੇ। ਨਿਕੀ ਗਲਹਿਰੀ ਦੀ ਸਲਾਹ ਸਭ ਨੂੰ ਪਸੰਦ ਆ ਗਈ। ਸਾਰੀ ਜਮਾਤ ਨੇ ਨਿੱਕੀ ਗਲਹਿਰੀ ਦੇ ਸਮਰੱਥਨ ਵਿਚ ਬੇਨਤੀ ਕਰ ਕੇ ਮੈਡਮ ਜੀ ਨੂੰ ਮਾਫ਼ ਕਰਨ ਲਈ ਮਨਾ ਲਿਆ। ਮੈਡਮ ਦੇ ਕਹਿਣ ਤੇ ਡਮਰੂ ਨੇ ਅਪਣੇ ਮੰਮੀ-ਪਾਪਾ ਦਾ ਮੋਬਾਈਲ ਨੰਬਰ ਵੀ ਮੈਡਮ ਨੂੰ ਲਿਖਵਾ ਦਿਤਾ।

ਇਸ ਘਟਨਾ ਦਾ ਡਮਰੂ ਦੀ ਜ਼ਿੰਦਗੀ ਤੇ ਕ੍ਰਾਂਤੀਕਾਰੀ ਅਸਰ ਹੋਇਆ। ਉਹ ਹਰ ਰੋਜ਼ ਘਰੋਂ ਹੋਮਵਰਕ ਕਰ ਕੇ ਤੇ ਸਬਕ ਯਾਦ ਕਰ ਕੇ ਆਉਣ ਲੱਗ ਪਿਆ। ਜਦੋਂ ਸਕੂਲ ਦੀ ਸਲਾਨਾ ਪ੍ਰੀਖਿਆ ਦਾ ਨਤੀਜਾ ਨਿਕਲਿਆ ਤਾਂ ਡਮਰੂ ਦਾ ਨਾਂ ਹੁਸ਼ਿਆਰ ਬੱਚਿਆਂ ਦੀ ਲਿਸਟ ਵਿਚ ਸ਼ਾਮਲ ਸੀ। -0-

# ਅਨਮੋਲ ਬਚਨ

**ਜਗਜੀਤ ਸਿੰਘ ਭਾਟੀਆ**
**ਨੂਰਪੁਰ ਬੇਦੀ (ਰੋਪੜ) # 9501810181**

- ਜ਼ਿੰਦਗੀ ਦਾ ਇਕ ਤਜਰਬਾ ਇਹ ਵੀ ਹੈ ਕਿ ਜ਼ਿੰਮੇਵਾਰੀਆਂ ਮਨੁੱਖ ਨੂੰ ਵਕਤ ਤੋਂ ਪਹਿਲਾਂ ਵੱਡਾ ਕਰ ਦਿੰਦੀਆਂ ਹਨ।
- ਅੱਜ ਜਿਸਮ ਵਿਚ ਜਾਂ ਹੈ ਤਾਂ ਦੇਖਦੇ ਹਨ ਲੋਕ, ਜਦੋਂ ਰੂਹ ਨਿਕਲ ਜਾਵੇਗੀ ਤਾਂ ਕਫਨ ਚੁੱਕ-ਚੁੱਕ ਕੇ ਵੇਖਣਗੇ।
- ਮਨੁੱਖ ਇਕ ਦੁਕਾਂ ਹੈ ਤੇ ਜ਼ਬਾਂ ਉਸ ਦਾ ਤਾਲਾ। ਤਾਲਾ ਖੁੱਲ੍ਹਦਾ ਹੈ ਤਾਂ ਹੀ ਪਤਾ ਲਗਦਾ ਹੈ ਕਿ ਦੁਕਾਂ ਸੋਨੇ ਦੀ ਹੈ ਜਾਂ ਕੋਇਲੇ ਦੀ।
- ਆਪਣੇ-ਆਪ ਦਾ ਅਧਿਆਪਕ ਹੋ ਕੇ ਆਪ ਨੂੰ ਸਿੱਖਿਆ ਦੇਣਾ ਹੀ ਸਭ ਤੋਂ ਵੱਡਾ ਗਿਆਂ ਹੈ।
- ਕੁਝ ਅਲੱਗ ਕਰਨਾ ਹੋਵੇ ਤਾਂ ਭੀੜ ਤੋਂ ਹਟ ਕੇ ਚੱਲੋ, ਭੀੜ ਹੌਸਲਾ ਤਾਂ ਦਿੰਦੀ ਹੈ ਪਰ ਪਹਿਚਾਣ ਖੋਹ ਲੈਂਦੀ ਹੈ।
- ਜ਼ਿੰਦਗੀ ਦੋ ਪਲ ਦੀ ਹੈ, ਜੀਵੋ ਤਾਂ ਫੁੱਲਾਂ ਦੀ ਤਰ੍ਹਾਂ, ਖਿਲਰੋ ਤਾਂ ਖੁਸ਼ਬੂ ਦੀ ਤਰ੍ਹਾਂ।
- ਹੱਸਦਾ ਹੋਇਆ ਚਿਹਰਾ ਤੁਹਾਡੀ ਸ਼ਾਂ ਵਧਾਉਂਦਾ ਹੈ ਤੇ ਹੱਸ ਕੇ ਕੀਤਾ ਹੋਇਆ ਕੰਮ ਤੁਹਾਡੀ ਪਹਿਚਾਣ ਵਧਾਉਂਦਾ ਹੈ।
- ਜੇਕਰ ਕੋਈ ਤੁਹਾਡੀ ਗ਼ਲਤੀ ਤੁਹਾਨੂੰ ਕਹਿਣ ਦੀ ਤਾਕਤ ਰੱਖਦਾ ਹੈ ਤਾਂ ਉਸ ਤੋਂ ਚੰਗਾ ਦੋਸਤ ਕੋਈ ਹੋਰ ਨਹੀਂ ਹੋ ਸਕਦਾ।
- ਕੋਸ਼ਿਸ਼ ਕਰਨ ਵਾਲਿਆਂ ਦੀ ਹਮੇਸ਼ਾਂ ਜਿੱਤ ਹੁੰਦੀ ਹੈ।

**ਮਿੰਨੀ ਕਹਾਣੀ**

# ਫ਼ਖ਼ਰ

**ਅੰਦਲੀਬ ਕੌਰ 98140-95213**

ਗਰਮੀ ਪੂਰੀ ਸਿਖਰ 'ਤੇ ਸੀ। ਨਿੱਕੀ ਜਿਹੀ ਦੀਪ ਆਪਣੇ ਪਿਤਾ ਜੀ ਨਾਲ ਬੱਸ ਵਿੱਚ ਬੈਠੀ ਬੱਸ ਦੇ ਚੱਲਣ ਦੀ ਉਡੀਕ ਕਰ ਰਹੀ ਸੀ। ਸਾਰੀਆਂ ਸਵਾਰੀਆਂ ਗੱਲਾਂ ਵਿੱਚ ਰੁੱਝੀਆਂ ਹੋਈਆਂ ਸਨ। ਪਿਛਲੀ ਸੀਟ ਵਾਲੇ ਸਰਦਾਰ ਜੀ ਪਿਤਾ ਜੀ ਤੋਂ ਪੁੱਛਣ ਲੱਗੇ, ''ਤੁਹਾਡੇ ਕਿੰਨੇ ਬੱਚੇ ਨੇ?'' ਅੱਗੋਂ ਪਿਤਾ ਜੀ ਨੇ ਬੜੇ ਮਾਣ ਨਾਲ ਕਿਹਾ ਕਿ ਮੇਰੀ ਇੱਕ ਧੀ ਹੈ। ਉਹ ਸੱਜਣ ਥੋੜ੍ਹਾ ਮਾਯੂਸੀ ਨਾਲ ਬੋਲਿਆ, ''ਕੋਈ ਨਾ ਰੱਬ ਦੇ ਰੰਗ, ਪਰ ਮੁੰਡਾ ਹੋਵੇ ਤਾਂ ਮਾਪਿਆਂ ਦਾ ਸਹਾਰਾ ਬਣਿਆ ਰਹਿੰਦਾ ਹੈ। ਪੁੱਤਾਂ ਤੋਂ ਬਿਨਾਂ ਤਾਂ ਔਖਾ ਹੀ ਹੈ।'' ਉਸ ਨੇ ਇਹ ਗੱਲ ਆਪਣੇ ਪੁੱਤ ਨੂੰ ਕਲਾਵੇ ਵਿੱਚ ਲੈਂਦਿਆਂ ਥੋੜ੍ਹਾ ਆਕੜ ਕੇ ਸਿੱਧਾ ਹੋ ਕੇ ਬੈਠਦਿਆਂ ਆਖੀ। ਪਿਤਾ ਜੀ ਨੇ ਅੱਗੋਂ ਕੋਈ ਜਵਾਬ ਨਾ ਦਿੱਤਾ, ਬਸ ਹਲਕਾ ਜਿਹਾ ਮੁਸਕਰਾ ਦਿੱਤਾ। ਬੱਸ ਚੱਲਣ ਵਿੱਚ ਅਜੇ ਸਮਾਂ ਸੀ। ਗਰਮੀ ਨਾਲ ਸਾਰੀਆਂ ਸਵਾਰੀਆਂ ਹਾਲੋਂ ਬੇਹਾਲ ਹੋ ਰਹੀਆਂ ਸਨ। ਦੀਪ ਨੂੰ ਪਿਆਸ ਲੱਗੀ। ਉਹ ਆਪਣੇ ਪਿਤਾ ਜੀ ਤੋਂ ਪੁੱਛ ਕੇ ਸਾਹਮਣੇ ਕੰਟੀਨ ਤੋਂ ਪਾਣੀ ਪੀਣ ਚਲੀ ਗਈ। ਕੁਝ ਸਮੇਂ ਬਾਅਦ ਜਦੋਂ ਪਾਣੀ ਪੀ ਕੇ ਆ ਰਹੀ ਸੀ ਤਾਂ ਉਸ ਦੇ ਨਿੱਕੇ ਨਿੱਕੇ ਹੱਥਾਂ ਵਿੱਚ ਪਾਣੀ ਦਾ ਗਿਲਾਸ ਸੀ।

‘'ਤੁਹਾਨੂੰ ਵੀ ਪਿਆਸ ਲੱਗੀ ਹੋਏਗੀ, ਮੈਂ ਤੁਹਾਡੇ ਵਾਸਤੇ ਪਾਣੀ ਲੈ ਆਈ।'' ਉਸ ਨੇ ਜਿੰਨੇ ਆਦਰ ਤੇ ਪਿਆਰ ਨਾਲ ਪਾਣੀ ਦਾ ਗਿਲਾਸ ਆਪਣੇ ਪਿਤਾ ਨੂੰ ਫੜਾਇਆ ਸਾਰੀਆਂ ਸਵਾਰੀਆਂ ਉਸ ਨੰਨ੍ਹੀ ਜਾਂ ਵੱਲ ਵੇਖਦੀਆਂ ਹੀ ਰਹਿ ਗਈਆਂ। ਪਿੱਛੋਂ ਕਿਸੇ ਨੇ ਉੱਚੀ ਆਵਾਜ਼ ਵਿੱਚ ਮੁੰਡੇ ਦੇ ਪਿਤਾ ਨੂੰ ਕਿਹਾ, ''ਤੁਸੀਂ ਆਪਣੇ ਬੁਢਾਪੇ ਦੇ ਸਹਾਰੇ ਨੂੰ ਕਹੋ ਕਿ ਉਹ ਵੀ ਤੁਹਾਡੇ ਲਈ ਪਾਣੀ ਲੈ ਆਏ। ਜੇ ਆਪ ਨੂੰ ਪਤਾ ਨਹੀਂ ਲੱਗਦਾ ਤਾਂ ਇਸ ਨਿਆਣੀ ਤੋਂ ਹੀ ਕੁਝ ਸਿੱਖ ਲਵੇ।''

ਇਹ ਸੁਣ ਕੇ ਦੀਪ ਦੇ ਪਿਤਾ ਦੇ ਬੁੱਲ੍ਹਾਂ 'ਤੇ ਮੁਸਕਰਾਹਟ ਲੰਬੀ ਫੈਲ ਗਈ। ਹੁਣ ਫ਼ਖਰ ਨਾਲ ਉਹ ਆਪਣੇ ਆਪ ਨੂੰ ਉਸ ਮੁੰਡੇ ਦੇ ਪਿਓ ਤੋਂ ਕਿਤੇ ਉੱਚਾ ਮਹਿਸੂਸ ਕਰ ਰਹੇ ਸਨ।

# ਸਾਡਾ ਇਤਿਹਾਸ ਨੰ. 3

**(ਇਤਿਹਾਸ ਵਲੋਂ ਸਾਡੀ ਅਣਗਹਿਲੀ ਦਾ ਅਸਰ! ਖਾਲਸਾ ਜੀ! ਕੀ ਅਜੇ ਵੀ ਆਪਣਾ ਇਤਿਹਾਸ ਬਣਾਨ ਦਾ ਉੱਦਮ ਨਾ ਕਰੋਗੇ?)**

ਇਹ ਮੰਨ ਲੈਣ ਵਾਲੀ ਗੱਲ ਹੈ ਕਿ ਸਾਡਾ ਇਤਿਹਾਸ ਬੜਾ ਸ਼ਾਨਦਾਰ ਇਤਿਹਾਸ ਹੈ, ਪਰ ਕੋਈ ਚੀਜ਼ ਭਾਵੇਂ ਸੌ ਚੰਗੀ ਹੋਵੇ, ਜੇਕਰ ਉਸ ਨੂੰ ਕੋਝੇ ਤਰੀਕੇ ਨਾਲ ਵਿਖਾਇਆ ਜਾਵੇ ਤਾਂ ਉਹ ਚੰਗੀ ਚੀਜ਼ ਵੀ ਮੰਦੀ ਨਜ਼ਰ ਆਉਣ ਲੱਗ ਪੈਂਦੀ ਹੈ।

ਹਿੰਦ ਵਿੱਚ ਹੁਣ ਥਾਂ-ਥਾਂ ਇਤਿਹਾਸ-ਖੋਜੀ ਪੈਦਾ ਹੋ ਰਹੇ ਹਨ ਅਤੇ ਉਹ ਸਾਡੇ ਇਤਿਹਾਸ ਨੂੰ ਵੀ ਖੋਜਣ ਦਾ ਜਤਨ ਕਰਦੇ ਹਨ, ਕਿਉਂ ਜੁ ਸਾਡੇ ਸਿੱਖਾਂ ਦੇ ਇਤਿਹਾਸ ਨੂੰ ਜਾਣੇ ਤੋਂ ਬਿਨਾਂ ਉਤਰੀ ਹਿੰਦ ਦੇ ਪਿਛਲੇ ਇਤਿਹਾਸ ਦੀ ਠੀਕ ਸਮਝ ਨਹੀਂ ਆ ਸਕਦੀ, ਪਰ ਸਾਡਾ ਇਤਿਹਾਸ ਅਜਿਹੀ ਸ਼ਕਲ ਵਿੱਚ ਹੈ ਕਿ ਉਨ੍ਹਾਂ ਖੋਜੀਆਂ ਨੂੰ ਭਾਰੀ ਟਪਲੇ ਲੱਗਦੇ ਹਨ। ਸ੍ਰੀ ਗੁਰੂ ਅਰਜਨ ਦੇਵ ਜੀ ਦੇ ਜੋਤੀ-ਜੋਤਿ ਸਮਾਉਣ ਸਬੰਧੀ ਅਸੀਂ ਕਿਸੇ ਇਤਿਹਾਸ ਦੇ ਖੋਜੀ ਦੀ ਤਸੱਲੀ ਨਹੀਂ ਕਰਾ ਸਕੇ। ਆਪਣੇ ਘਰ ਵਿੱਚ ਅਸੀਂ ਭਾਵੇਂ ਸੌ ਕੁਝ ਸਮਝੀ ਬੈਠੇ ਹੋਈਏ, ਪਰ ਇਕ ਇਤਿਹਾਸ ਦੇ ਖੋਜੀ ਲਈ ਜੈਸੀ ਤਸੱਲੀ ਦੀ ਲੋੜ ਹੈ, ਉਹ ਅਸੀਂ ਨਹੀਂ ਕਰ ਸਕੇ। ਜਾਦੂ ਨਾਥ ਨੇ ਸ਼ੱਕ ਕੀਤਾ, ਪਰ ਉੱਤਰ ਦੇਣ ਦੀ ਥਾਂ ਅਸੀਂ ਉਸ ਨੂੰ ਗਾਲ੍ਹਾਂ ਦੇਣ ਲੱਗ ਪਏ। ਕੀ ਇਸ ਨਾਲ ਸਾਡਾ ਮਾਮਲਾ ਸਾਫ ਹੋ ਗਿਆ?

ਪਿਛਲੇਰੇ ਸਮੇਂ ਵਿੱਚ ਇਕ ਇਤਿਹਾਸਕ ਮੈਗਜ਼ੀਨ ਵਿੱਚ ਇਕ ਪਾਦਰੀ ਦੇ ਸਫਰਨਾਮੇ ਦਾ ਕੁਝ ਹਿੱਸਾ ਛਪਿਆ ਸੀ। ਉਹ ਪਾਦਰੀ ਉਦੋਂ ਲਾਹੌਰ ਸੀ, ਜਦੋਂ ਖੁਸਰੋ ਬਾਗੀ ਹੋ ਕੇ ਲਾਹੌਰ ਆਇਆ ਸੀ, ਉਸ ਪਾਦਰੀ ਦੇ ਉਸ ਸਮੇਂ ਦੇ ਹਾਲਾਂ ਵਿੱਚ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਜੋਤੀ-ਜੋਤ ਸਮਾਉਣ ਦਾ ਜ਼ਿਕਰ ਆਉਂਦਾ ਹੈ, ਜੋ ਜਹਾਂਗੀਰ ਦੇ ਆਪਣੇ ਲਿਖੇ ਹਾਲਾਂ ਨਾਲ ਮਿਲਦਾ ਹੈ ਅਤੇ ਇਸ ਤੋਂ ਹਰ ਕੋਈ ਇਤਿਹਾਸ-ਖੋਜੀ ਟਪਲਾ ਖਾਂਦਾ ਹੈ। ਅਸਾਂ ਜਾਦੂ ਨਾਥ ਨੂੰ ਬੁਰਾ ਭਲਾ ਤਾਂ ਕਿਹਾ, ਪਰ ਉਸ ਦਾ ਸ਼ੱਕ ਦੂਰ ਨਾ ਕੀਤਾ। ਜਹਾਂਗੀਰ ਦੀ ਆਪਣੀ ਲਿਖਤ ਤੋਂ ਹੀ ਇਹ ਮਾਮਲਾ ਚੰਗੀ ਤਰਾਂ ਸਫਾ ਕੀਤਾ ਜਾ ਸਕਦਾ ਹੈ, ਪਰ ਨਾ ਕਿਸੇ ਨੇ ਜਹਾਂਗੀਰ ਦੀ ਲਿਖਤ ਨੂੰ ਗਹੁ ਨਾਲ ਵਾਚਿਆ ਅਤੇ ਨਾ ਹੀ ਇਤਿਹਾਸਕ ਰੀਤ ਨਾਲ ਕਿਸੇ ਇਤਿਹਾਸ-ਖੋਜੀ ਦੇ ਸ਼ੱਕ ਨੂੰ ਦੂਰ ਕਰਨ ਦਾ ਜਤਨ ਕੀਤਾ ਹੈ।

ਪਿਛਲੇ ਸਮੇਂ ਦੀ ਗੱਲ ਹੈ ਕਿ ਇਕ ਬੰਗਾਲੀ ਵਿਦਵਾਨ ਨੇ ਸ੍ਰੀ ਦਸਮੇਸ਼ ਜੀ ਦੇ ਬਚਿੱਤ੍ਰ ਨਾਟਕ ਅਤੇ 'ਜ਼ਫਰਨਾਮੇ' ਦਾ ਉਲਥਾ ਕੀਤਾ ਸੀ ਤੇ ਉਸ ਨੇ ਇਹ ਸਿੱਟਾ ਕੱਢਿਆ ਸੀ ਕਿ ਸ੍ਰੀ ਦਸਮੇਸ਼ ਜੀ ਔਰੰਗਜ਼ੇਬ ਨੂੰ ਚੰਗਾ ਸਮਝਦੇ ਸਨ ਅਤੇ ਉਸ ਦੇ ਅਦਲ ਉੱਤੇ ਭਰੋਸਾ ਕਰਦੇ ਸਨ। ਹੋਰ ਵੀ ਉਸ ਨੇ ਸਿੱਟੇ ਕੱਢੇ ਸਨ। ਜੋ ਅਸੀਂ ਸੁਣਨ ਲਈ ਕਦੇ ਤਿਆਰ ਨਹੀਂ ਹਾਂ, ਪਰ ਅਸੀਂ ਉੱਤਰ ਦੇਣ ਜੋਗੇ ਭੀ ਨਹੀਂ ਹਾਂ।

ਜਿਸ ਤਰ੍ਹਾਂ ਅਸਲ ਭਾਵ ਨੂੰ ਸਮਝਣ ਵਿੱਚ ਇਸ ਬੰਗਾਲੀ ਵਿਦਵਾਨ ਨੇ ਭੁਲੇਖਾ ਖਾਧਾ ਹੈ, ਇਸੇ ਤਰ੍ਹਾਂ ਹੋਰ ਅਨਮਤੀ ਖੋਜੀ ਵੀ ਭੁਲੇਖਾ ਖਾਣਗੇ, ਜਦ ਤਕ ਕਿ ਅਸੀਂ ਇਹਨਾਂ ਗੱਲਾਂ ਨੂੰ ਸਾਫ ਨਹੀਂ ਕਰ ਦੇਂਦੇ।

ਅਸੀਂ ਹੁਣ ਖੂਹ ਦੇ ਡੱਡੂ ਨਹੀਂ ਬਣ ਸਕਦੇ। ਸਾਡੇ ਵੱਡਿਆਂ ਨੇ ਅਜਿਹੇ ਸ਼ਾਨਦਾਰ ਕੰਮ ਕੀਤੇ ਹਨ ਕਿ ਖੋਜੀ ਸਾਡੇ ਇਤਿਹਾਸ ਦੀ ਖੋਜ ਜ਼ਰੂਰ ਕਰਨਗੇ, ਪਰ ਸਾਡਾ ਇਤਿਹਾਸ ਅਜਿਹਾ ਉਲਝਿਆ ਪਿਆ ਹੈ ਕਿ ਹਰ ਕਿਸੇ ਨੂੰ ਭੁਲੇਖਾ ਲੱਗੇਗਾ ਅਤੇ ਉਹ ਸਾਡੇ ਸੰਬੰਧੀ ਉਲਟੇ ਖਿਆਲ ਲੈ ਜਾਵੇਗਾ। ਮੈਂ ਕਈ ਮਿਸਾਲਾਂ ਦੇ ਸਕਦਾ ਹਾਂ ਕਿ ਵਿਦਵਾਨਾਂ ਨੇ ਸਾਡੇ ਇਤਿਹਾਸ ਤੋਂ ਸਾਡੇ ਸੰਬੰਧੀ ਸਦਾ ਉਲਟੇ ਸਿੱਟੇ ਕੱਢੇ ਹਨ, ਪਰ ਮਸਾਲਾਂ ਦੇਣ ਦੀ ਕੋਈ ਲੋੜ ਨਹੀਂ। ਜਾਦੂ ਨਾਥ ਦਾ ਮਾਮਲਾ ਤੇ ਭਾਈ ਪਰਮਾਨੰਦ ਦਾ 'ਬੀਰ ਬੈਰਾਗੀ' ਵਾਲਾ ਮਸਲਾ ਸਾਡੀਆਂ ਅੱਖਾਂ ਸਾਹਮਣੇ ਹਨ।

ਜਦ ਵੀ ਮੈਂ ਕਿਸੇ ਸੱਜਣ ਨਾਲ ਅਜਿਹੀਆਂ ਗੱਲਾਂ ਦਾ ਜ਼ਿਕਰ ਕੀਤਾ ਹੈ ਤਾਂ ਮੈਨੂੰ ਇਹੋ ਕਿਹਾ ਜਾਂਦਾ ਹੈ ਕਿ ਤੁਸੀਂ ਉੱਤਰ ਕਿਉਂ ਨਹੀਂ ਦੇਂਦੇ, ਇਹ ਕੰਮ ਤੁਹਾਡਾ ਹੈ।

ਇਥੇ ਮੈਨੂੰ ਇਕ ਪਿੱਛੇ ਜਿਹੇ ਹੀ ਹੋ ਗੁਜ਼ਰੀ ਘਟਨਾ ਦਾ ਚੇਤਾ ਆ ਗਿਆ ਹੈ। ਇਕ ਗੁੱਜਰ ਨੇ ਆਪਣੀ ਵਾਢੀ ਲਈ ਮੰਗ ਪਾਈ ਤੇ ਰਿਵਾਜ ਅਨੁਸਾਰ ਉਨ੍ਹਾਂ ਲਈ ਕੜਾਹ ਕਰਨ ਲੱਗ ਪਿਆ। ਉਸ ਦੀ ਤੀਵੀਂ ਗੁਜਰ ਚੁੱਕੀ ਸੀ। ਇਸ ਲਈ ਕੜਾਹ ਉਸ ਨੂੰ ਆਪ ਕਰਨਾ ਪਿਆ। ਉਸ ਨੂੰ ਪਤਾ ਨਹੀਂ ਸੀ ਕਿ ਕੜਾਹ ਕੀਕੂੰ ਕਰੀਦਾ ਹੈ। ਉਸ ਨੇ ਕੜਾਹੀ ਵਿੱਚ ਗੁੜ, ਆਟਾ ਤੇ ਪਾਣੀ ਪਾ ਕੇ ਕਾੜ੍ਹ ਲਿਆ ਤੇ ਲੇਵੀ ਜਿਹੀ ਕਰ ਕੇ ਲੈ ਆਇਆ। ਉਹ ਦੇਖਦਾ ਸੀ ਕਿ ਜਿਹੋ ਜਿਹਾ ਕੜਾਹ ਮੈਂ ਦੂਜਿਆਂ ਘਰਾਂ ਤੋਂ ਖਾਧਾ ਹੈ, ਉਹੋ ਜਿਹਾ ਕੜਾਹ ਮੈਥੋਂ ਨਹੀਂ ਬਣਿਆ, ਪਰ ਹੌਸਲਾ ਕਰ ਕੇ ਲੈ ਹੀ ਆਇਆ ਤੇ ਜਦ ਪਹਿਲੇ ਆਦਮੀ ਦੀ ਰੋਟੀ ਉੱਤੇ ਕੜਛੀ ਨਾਲ ਇਹ ਕੜਾਹ ਪਾਉਣ ਲੱਗਾ ਤਾਂ ਬੋਲਿਆ–

'ਅੱਲਾ ਬਖਸ਼ਾ! ਇਹ ਕੰਮ ਤੀਵੀਆਂ ਦੇ ਹਨ।'

ਠੀਕ ਇਸੇ ਤਰਾਂ ਜਦ ਜਦ ਵੀ ਮੈਂ ਕਿਸੇ ਸੱਜਣ ਨਾਲ ਗੱਲਬਾਤ ਕੀਤੀ ਹੈ ਤਾਂ ਮੈਨੂੰ ਇਹੋ ਹੀ ਉੱਤਰ ਮਿਲਦਾ ਰਿਹਾ ਹੈ ਕਿ ਇਹ ਕੰਮ ਤੁਹਾਡਾ ਹੈ, ਤੁਸੀਂ ਹੀ ਉੱਤਰ ਦਿਆ ਕਰੋ, ਪਰ ਮੈਂ ਇਕੱਲਾ ਐਤਨੇ ਉੱਤਰ ਕੀਕੂੰ ਦੇ ਸਕਦਾ ਹਾਂ? ਮੈਂ ਹੀ ਜਾਣਦਾ ਹਾਂ, ਜਿਤਨੇ ਉੱਤਰ ਮੈਨੂੰ ਦੇਣੇ ਪੈਂਦੇ ਹਨ। ਇਤਿਹਾਸ ਸੰਬੰਧੀ ਸਾਰੇ ਪੰਥ ਦੀਆਂ ਪੁੱਛਾਂ ਮੇਰੇ ਪਾਸ ਆਉਂਦੀਆਂ ਹਨ ਅਤੇ ਬੜੀਆਂ ਪੁੱਛਾਂ ਦੇ ਉਤਰਾਂ ਲਈ ਮੈਨੂੰ ਬਹੁਤ ਸਮਾਂ ਦੇਣਾ ਪੈਂਦਾ ਹੈ। ਕਈਆਂ ਪੁੱਛਾਂ ਦੇ ਉੱਤਰ ਲਈ ਮੈਨੂੰ ਫਲਸਕੇਪ ਸਾਈਜ਼ ਦੇ ਦਸ-ਦਸ ਬਾਰਾਂ-ਬਾਰਾਂ ਸਫੇ ਲਿਖਣੇ ਪੈਂਦੇ ਹਨ। ਜਿਸ ਸਮੇਂ ਦਾ ਮੈਂ ਇਤਿਹਾਸ ਤਿਆਰ ਕਰ ਰਿਹਾ ਹਾਂ, ਉਸੇ ਲਈ ਅਜੇ ਵੀ ਮੈਨੂੰ ਬਹੁਤ ਸਮਾਂ ਦੇਣਾ ਪੈਂਦਾ ਹੈ ਤੇ ਮੈਂ ਵੇਖ ਰਿਹਾ ਹਾਂ ਕਿ ਜੇ ਮੇਰੇ ਕੰਮ ਦੀ ਇਹੋ ਚਾਲ ਰਹੀ, ਜੋ ਹੁਣ ਹੈ, ਤਾਂ ਮੈਂ ਆਪਣੇ ਇਤਿਹਾਸ ਨੂੰ ਕਦੀ ਵੀ ਪੂਰਾ ਨਹੀਂ ਕਰ ਸਕਾਂਗਾ। ਇਸ ਲਈ ਇਹ ਆਸ ਰੱਖਣੀ ਕਿ ਇਤਿਹਾਸ ਸੰਬੰਧੀ ਹਰ ਉਲਟੀ ਸਿੱਧੀ ਗੱਲ ਮੈਂ ਹੀ ਨਜਿੱਠਾਂ ਬੜੀ ਹਾਨੀਕਾਰਕ ਆਸ ਹੈ।

ਪੰਥ ਨੂੰ ਇਹ ਕੰਮ ਆਪਣੇ ਹੱਥਾਂ ਵਿਚ ਲੈਣਾ ਚਾਹੀਦਾ ਹੈ ਤੇ ਕਈ ਇਤਿਹਾਸ ਖੋਜੀ ਪੈਦਾ ਕਰਨੇ ਚਾਹੀਦੇ ਹਨ। ਪੰਥ ਦਾ ਇਤਿਹਾਸ ਇਕ ਦੋ ਦੇ ਲੇਖ ਲਿਖਣ ਦੀ ਗੱਲ ਨਹੀਂ। ਜੋ ਆਦਮੀ ਇਸ ਨੂੰ ਸੁਖਾਲਾ ਕੰਮ ਸਮਝਦੇ ਹਨ, ਉਹ ਇਸ ਕੰਮ ਦੀਆਂ ਔਕੜਾਂ ਤੋਂ ਜਾਣੂੰ ਨਹੀਂ ਹਨ। ਇਹ ਕੰਮ ਕਈ ਦਰਜਨ ਖੋਜੀਆਂ ਦੀਆਂ ਉਮਰਾਂ ਬੱਧੀ ਖੋਜ ਦਾ ਕੰਮ ਹੈ। ਹਿੰਦ ਦਾ ਇਤਿਹਾਸ ਹੁਣ ਨਵੇਂ ਸੱਚੇ ਵਿਚ ਢਲ ਰਿਹਾ ਹੈ। ਸਾਡਾ ਇਤਿਹਾਸ ਵੀ ਹੁਣ ਉਸੇ ਕੁਠਾਲੀ ਵਿੱਚ ਢਲੇਗਾ। ਜੇਕਰ ਅਸਾਂ ਕੁਝ ਨਾ ਕੀਤਾ ਤਾਂ ਸਾਡਾ ਇਤਿਹਾਸ ਬੜੀ ਕੋਝੀ ਸ਼ਕਲ ਵਿਚ ਪੇਸ਼ ਕੀਤਾ ਜਾਵੇਗਾ। ਦੂਜੇ ਸੂਬਿਆਂ ਦੇ ਵਿਦਵਾਨ ਸਾਡੇ ਇਤਿਹਾਸ ਨੂੰ ਜਿਸ ਮਸਾਲੇ ਰਾਹੀਂ ਖੋਜ ਰਹੇ ਹਨ, ਮਸਾਲਾ ਜਦ ਸਾਨੂੰ ਹੀ ਔਝੜ ਰਾਹ ਪਾਉਂਦਾ ਹੈ, ਤਾਂ ਦੂਜੇ ਅਨਮਤੀ ਖੋਜੀਆਂ ਨੂੰ ਤਾਂ ਉਸ ਨੇ ਹੋਰ ਵੀ ਔਝੜ ਪਾਉਣਾ ਹੈ। ਮੈਂ ਸਪੱਸ਼ਟ ਕਹਿੰਦਾ ਹਾਂ ਕਿ ਸਿੱਖ ਹੁਣ ਖੂਹ ਦੇ ਡੱਡੂ ਨਹੀਂ ਬਣ ਸਕਦੇ, ਇਹ ਹੁਣ ਸਾਰਿਆਂ ਦੀ ਨਜ਼ਰ ਹੇਠ ਆਉਣਗੇ। ਸਾਰੇ ਇਨ੍ਹਾਂ ਨੂੰ ਵੇਖ ਕੇ ਆਪਣੀ ਆਪਣੀ ਸਮਝ ਅਨੁਸਾਰ ਸਿੱਟੇ ਕੱਢਣਗੇ। ਇਹ ਸਾਡਾ ਆਪਣਾ ਕੰਮ ਹੈ ਕਿ ਅਸੀਂ ਆਪਣਾ ਆਪ ਚੰਗੀ ਸ਼ਕਲ ਵਿੱਚ ਵਿਖਾਈਏ ਜਾਂ ਮੰਦੀ ਸ਼ਕਲ ਵਿੱਚ।

ਕੋਈ ਆਦਮੀ ਇਹ ਨਾ ਸਮਝੇ, ਕਿ ਸਿੱਖ ਇਤਿਹਾਸ ਦਾ ਕੰਮ ਕੋਈ ਸੌਖਾ ਜਿਹਾ ਕੰਮ ਹੈ। ਬੰਦਾ ਬਹਾਦਰ ਦੇ ਛੇ ਸਾਲਾਂ ਦੇ ਹਾਲਾਂ ਦੀ ਖੋਜ ਲਈ, ਇਕ ਖੋਜੀ ਦੀ ਪੂਰੀ ਉਮਰ ਖਰਚ ਹੋ ਸਕਦੀ ਹੈ। ਸੰਮਤ ੧੮੧੭ ਤੋਂ ਸੰਮਤ ੧੮੨੪ ਤੀਕ ਦੇ ਹਾਲਾਂ ਲਈ ਪੂਰੀ ਇਕ ਉਮਰ ਖਰਚ ਕਰਨ ਦੀ ਲੋੜ ਹੈ। ਸਾਡੇ ਇਤਿਹਾਸ

ਵਿੱਚ ਕਈ-ਕਈ ਸਾਲ ਕੋਰੇ ਹੀ ਨਿਕਲ ਜਾਂਦੇ ਹਨ। ਅਸੀਂ ਅਹਿਮਦ ਸ਼ਾਹ ਨਾਲ ਲੜਦੇ ਹਾਂ ਤੇ ਸੰ: ੧੮੨੪ (੧੭੬੭ ਈ:) ਮਗਰੋਂ ਤੀਹ ਕੁ ਸਾਲ ਚੁੱਪ ਲੰਘਾ ਦੇਂਦੇ ਹਾਂ ਤੇ ਫੇਰ ਜਮਾਨ ਸ਼ਾਹ ਨਾਲ ਲੜਨ ਲੱਗ ਪੈਂਦੇ ਹਾਂ ਤੇ ਉਦੋਂ ਤੋਂ ਹੀ ਮਹਾਰਾਜਾ ਰਣਜੀਤ ਸਿੰਘ ਦੇ ਮਗਰ ਲੱਗ ਪੈਂਦੇ ਹਾਂ, ਪਰ ਸਾਨੂੰ ਪਤਾ ਨਹੀਂ ਕਿ ਅਸੀਂ ਪਿਛਲੇ ਤੀਹ ਸਾਲ ਕੀ ਕਰਦੇ ਰਹੇ। ਉਹ ਤੀਹ ਸਾਲ ਹਨ ਜਦ ਕਲਕੱਤੇ ਬੈਠੇ ਅੰਗਰੇਜ਼ ਸਿੱਖਾਂ ਦਾ ਨਾਮ ਸੁਣ ਕੇ ਕੰਬਦੇ ਸਨ ਤੇ ਆਪਣੇ ਦੂਤ ਲਖਨਊ ਤੇ ਦਿੱਲੀ ਘੱਲ ਕੇ ਸਿੱਖਾਂ ਦੀ ਵਧਦੀ ਰੌ ਰੋਕਣ ਦਾ ਜਤਨ ਕਰਦੇ ਸਨ। ਇਹ ਉਹ ਸਮਾਂ ਹੈ, ਜਦ ਖਾਲਸਈ ਘੋੜ ਚੜ੍ਹੇ ਚੰਦੌਸੀ ਤੇ ਕਾਸਗੰਜ ਤੀਕ ਉਗਰਾਹੀ ਕਰਦੇ ਫਿਰਦੇ ਸਨ ਅਤੇ ਅੰਗਰੇਜ਼ਾਂ ਦੀ ਛਾਉਣੀ ਵਿੱਚੋਂ ਅੰਗਰੇਜ਼ ਅਫਸਰਾਂ ਨੂੰ ਵੀ ਫੜ ਲਿਆਉਂਦੇ ਸਨ ਜੋ ਕਈ-ਕਈ ਹਜ਼ਾਰ ਦਾ ਭੁੰਗਾ ਦੇ ਕੇ ਛੁੱਟਦੇ ਸਨ ਪਰ ਸਾਡੇ ਇਤਿਹਾਸ ਵਿੱਚ ਤੀਹ ਸਾਲ ਦਾ ਸਮਾਂ ਕੋਰਾ ਸਾਡੇ ਵਧਣ ਦਾ ਸਮਾਂ ਤੇ ਇਹੋ ਸਾਡੇ ਡਿੱਗਣ ਦਾ ਸਮਾਂ ਹੈ।

ਨਿੱਗਰ ਗੱਲਾਂ ਦੱਸ ਕੇ ਸਾਨੂੰ ਕਿਸੇ ਨੇ ਨਹੀਂ ਦੱਸਿਆ ਕਿ ਅਸੀਂ ਕੀਕੂ ਵਧੇ ਸਾਂ ਅਤੇ ਫੇਰ ਕੀਕੂੰ ਡਿੱਗੇ। ਨਾ ਸਾਨੂੰ ਆਪਣੇ ਵਧਣ ਦੇ ਕਾਰਨ ਦਾ ਪਤਾ ਹੈ ਤੇ ਨਾ ਸਾਨੂੰ ਆਪਣੇ ਡਿੱਗਣ ਦੇ ਕਾਰਨਾਂ ਦਾ ਪਤਾ ਹੈ। ਏਕਾ ਏਕ ਹੀ ਸਾਡੇ ਵਿੱਚ ਇਤਨੀ ਤਾਕਤ ਆ ਗਈ ਕਿ ਅਸੀਂ ਦਿਨਾਂ ਵਿੱਚ ਹੀ ਪਾਣੀਪਤ ਦੇ ਬਿਜੱਈ ਦੇ ਹੱਥ ਪੈਰ ਫੁਲਾ ਦਿੱਤੇ ਅਤੇ ਏਕਾ ਏਕ ਹੀ ਅਸੀਂ ਐਤਨੇ ਮਰੋੜੇ ਗਏ ਕਿ ਕਾਬਲ ਵਲੋਂ ਜਹਾਨ ਸ਼ਾਹ ਤੇ ਹਾਂਸੀ ਵਲੋਂ ਜਹਾਜ਼ ਸਾਹਿਬ ਆਉਂਦਾ ਹੈ ਤੇ ਕੋਈ ਸਿੱਖ ਇਹਨਾਂ ਦਾ ਮੂੰਹ ਨਹੀਂ ਮੋੜ ਸਕਦਾ। ਇਹ ਸਭ ਕੁਝ ਕਿਉਂ ਹੋਇਆ? ਇਸ ਬਾਬਤ ਸਾਡੇ ਕਿਸੇ ਇਤਿਹਾਸਕਾਰ ਨੇ ਕੁਝ ਚਾਨਣਾ ਨਹੀਂ ਪਾਇਆ, ਕੀ ਸਾਨੂੰ ਅਜਿਹੇ ਹੀ ਇਤਿਹਾਸ ਉੱਤੇ ਮਾਣ ਹੈ?

ਅਸੀਂ ਆਪਣੇ ਵੱਡਿਆਂ ਦੀਆਂ ਦੋ ਚਾਰ ਸ਼ਹੀਦੀਆਂ ਸੁਣ ਕੇ ਖੁਸ਼ ਹੋ ਲੈਂਦੇ ਹਾਂ, ਪਰ ਇਹ ਨਹੀਂ ਸਮਝਦੇ ਕਿ ਅਜਿਹੀਆਂ ਹੋਰ ਹਜ਼ਾਰਾਂ ਸ਼ਹੀਦੀਆਂ ਹਨ, ਜੋ ਅਸੀਂ ਭੁਲਾਈ ਬੈਠੇ ਹਾਂ। ਚੂੰਕਿ ਅਸੀਂ ਆਪਣੇ ਇਤਿਹਾਸ ਵਲੋਂ ਬੇ-ਪ੍ਰਵਾਹ ਹੋਏ ਬੈਠੇ ਹਾਂ, ਇਸ ਲਈ ਦੂਜੇ ਇਤਿਹਾਸ-ਖੋਜੀ ਸਾਡੇ ਮਾਰੇ ਮੈਦਾਨਾਂ ਦੀ ਮਾਲੀ ਆਪਣੀ ਕੌਮ ਨੂੰ ਦੇ ਰਹੇ ਹਨ।

ਅਹਿਮਦ ਸ਼ਾਹ ਨੇ ਇੱਕ ਚਪੇੜ ਮਾਰੀ ਤਾਂ ਮਰਹੱਟੇ ਦਸ ਸਾਲ ਤੀਕ ਬੇ-ਸੁੱਧ ਰਹੇ। ਦਸ ਕੁ ਮਹੀਨੇ ਮਗਰੋਂ ਵੈਸੀ ਹੀ ਚਪੇੜ ਅਹਿਮਦ ਸ਼ਾਹ ਨੇ ਸਿੱਖਾਂ ਦੇ ਮਾਰੀ, ਪਰ ਸਿੱਖਾਂ ਨੇ ਝਟਪਟ ਸੁਰਤ ਸੰਭਾਲ ਕੇ ਛੇਆਂ ਹੀ ਮਹੀਨਿਆਂ ਅੰਦਰ ਅਹਿਮਦ ਸ਼ਾਹ ਨਾਲ ਅਜਿਹੀ ਕੀਤੀ ਕਿ ਮੁੜ ਅਹਿਮਦ ਸਾਹ ਸਿੱਖਾਂ ਨਾਲ ਲੜਨੋਂ ਵੀ ਡਰਨ ਲੱਗ ਪਿਆ।

ਦੂਜੇ ਇਤਿਹਾਸ ਖੋਜੀ ਕਹਿੰਦੇ ਹਨ ਕਿ ਜਿਸ ਅਹਿਮਦ ਸ਼ਾਹ ਨੇ ਮਰਹੱਟਿਆ ਜਿਹੇ ਵੈਰੀ ਨੂੰ ਖੇਹ ਨਾਲ ਰਲਾ ਦਿੱਤਾ, ਜਿਨ੍ਹਾਂ ਪਾਸ ਇਤਨੀਆਂ ਫੌਜਾਂ ਤੇ ਇਤਨਾ ਸਮਾਨ ਸੀ, ਉਹੋ ਅਹਿਮਦ ਸ਼ਾਹ ਸਿੱਖਾਂ ਪਾਸੋ ਕਦ ਦਬ ਸਕਦਾ ਸੀ। ਜਿਨ੍ਹਾਂ ਦੀ ਨਾ ਕੋਈ ਫੌਜ ਤੇ ਨਾ ਕੋਈ ਤੋਪਖਾਨਾ, ਨਾ ਕੋਈ ਕਿਲ੍ਹਾ, ਨਾ ਕੋਈ ਮੁਲਕ ਸੀ, ਪਰ ਇਤਿਹਾਸ ਸਿੱਧ ਕਰਦਾ ਹੈ ਕਿ ਜਿਸ ਅਹਿਮਦ ਸ਼ਾਹ ਦਾ ਸੇਕ ਅਟਕੋਂ ਪੂਨੇ ਤੇ ਕਲਕੱਤੇ ਤੀਕ ਜਾਂਦਾ ਹੈ, ਉਹੋ ਅਹਿਮਦ ਸ਼ਾਹ ਪੰਜਾਬ ਵਿਚ ਆ ਕੇ ਸਿੱਖਾਂ ਪਾਸੋਂ ਡਰਦਾ ਤੇ ਕੰਬਦਾ ਸੀ। ਮੈਂ ਅੱਠ ਸਾਲ ਕਈ ਦਰਜਨ ਤਵਾਰੀਖ਼ਾਂ ਨੂੰ ਵਾਚਿਆ ਤੇ ਇਹ ਗੱਲ ਲੱਭੀ ਸੀ ਤੇ ਹੁਣ ਮੈਂ ਸਿੱਧ ਕਰਦਾ ਹਾਂ ਕਿ ਹਿੰਦ ਨੂੰ ਮੁਗਲਾਂ ਜਾਂ ਕਾਬਲੀਆਂ ਤੋਂ ਛੁਟਕਾਰਾ ਦਿਵਾਉਣ ਵਾਲੇ ਜਾਟ ਜਾਂ ਮਰਹੱਟੇ ਨਹੀਂ ਸਨ, ਬਲਕਿ ਪੰਜਾਬ ਦੇ ਸਿੱਖ ਸਨ, ਜਿਨ੍ਹਾਂ ਦੀ ਨਾ ਕੋਈ ਫੌਜ ਸੀ, ਨਾ ਕੋਈ ਕਿਲ੍ਹਾ।

ਜੇਕਰ ਇਕ-ਇਕ ਗੱਲ ਦੇ ਸਮਝਣ ਲਈ ਅੱਠ-ਅੱਠ ਸਾਲ ਲੱਗ ਸਕਦੇ ਹਨ ਤਾਂ ਆਪ ਸੋਚ ਲਵੋ ਕਿ ਸਾਡੇ ਸਾਰੇ ਇਤਿਹਾਸ ਨੂੰ ਪੂਰੀ ਤਰ੍ਹਾਂ ਸਮਝਣ ਲਈ ਕਿਤਨੇ ਖੋਜੀਆਂ ਦੀਆਂ ਉਮਰਾਂ ਦੀ ਲੋੜ ਹੈ। ਆਪ ਇਹ ਕੰਮ ਨੂੰ ਨਾ ਸਮਝੋ। ਇਹ ਕੰਮ ਤਦ ਸਿਰੇ ਚੜ੍ਹੇਗਾ ਜੇਕਰ ਸਾਰੇ ਪੰਥ ਦਾ ਸਾਂਝਾ ਬਲ ਲੱਗੇ। ਇਹ ਕੰਮ ਕਿਸੇ ਇਕ ਦੋ ਜਾਂ ਚਾਰ ਦੇ ਕਰਨ ਦਾ ਨਹੀਂ।

ਜੇਕਰ ਬੇ-ਪ੍ਰਵਾਹੀ ਕਰ ਕੇ ਆਪਣੇ ਇਤਿਹਾਸ ਦਾ ਕੁਝ ਖ਼ਿਆਲ ਨਾ ਕੀਤਾ ਗਿਆ ਤਾਂ ਦੂਜਿਆਂ ਦੀ ਹੱਥੀਂ ਸਾਡਾ ਇਤਿਹਾਸ ਅਜਿਹਾ ਬਣ ਜਾਏਗਾ, ਜਿਸ ਨੂੰ ਨਾ ਅਸੀਂ ਆਪਣਾ ਆਖ ਸਕਾਂਗੇ, ਨਾ ਛੱਡ ਸਕਾਂਗੇ।

ਭਾਈ ਬਾਲੇ ਵਾਲੀ ਜਨਮ ਸਾਖੀ ਸਾਡੇ ਸਾਹਮਣੇ ਹੈ। ਇਹ ਹੰਦਾਲੀਆਂ ਨੇ ਲਿਖੀ, ਇਸ ਨੂੰ ਅਸੀਂ ਨਾ ਮੰਨ ਸਕਦੇ ਹਾਂ, ਨਾ ਛੱਡ ਸਕਦੇ ਹਾਂ। ਇਹੋ ਹਾਲ ਸਾਡੇ ਦੂਜੇ ਇਤਿਹਾਸ ਦਾ ਹੋਊ। ਜੇ ਅਸੀਂ ਆਪਣਾ ਇਤਿਹਾਸ ਪੂਰਾ ਨਾ ਬਣਾਇਆ ਤਾਂ ਸਾਡਾ ਇਤਿਹਾਸ ਦੂਜੇ ਖੋਜੀ ਬਣਾਉਣਗੇ, ਪਰ ਆਪਣੇ ਬਣਾਏ ਵਿੱਚ ਤੇ ਦੂਜੇ ਦੇ ਬਣਾਏ ਵਿਚ ਫਰਕ ਹੁੰਦਾ ਹੈ, ਉਸ ਦੇ ਦੱਸਣ ਦੀ ਲੋੜ ਨਹੀਂ। ਸਿੱਖਾਂ ਦਾ ਇਤਿਹਾਸ ਬਣੇਗਾ ਜ਼ਰੂਰ ਚਾਹੇ ਸਿੱਖ ਬਣਾਉਣ, ਚਾਹੇ ਅੰਗਰੇਜ਼, ਚਾਹੇ ਹਿੰਦੂ ਬਨਾਉਣ, ਚਾਹੇ ਮੁਸਲਮਾਨ, ਪਰ ਆਪਣੇ ਤੇ ਪਰਾਏ ਦੇ ਹੱਥੀਂ ਬਣੇ ਦਾ ਜੋ ਫਰਕ ਹੈ, ਉਸ ਨੂੰ ਹੁਣ ਤੋਂ ਹੀ ਅਨੁਭਵ ਕਰ ਲੈਣਾ ਚਾਹੀਦਾ ਹੈ।

-0-

# ਬਾਂਦਰ ਵਰਗੀ ਕੋਸ਼ਿਸ਼ ਕਰਨ ਦਾ ਕੋਈ ਫਾਇਦਾ ਨਹੀਂ ਹੈ

**ਬਲਰਾਜ ਸਿੰਘ ਏ.ਆਈ.ਜੀ. (ਰਿਟਾ.) ਪੰਡੋਰੀ ਸਿੱਧਵਾਂ**
**# 9501100062**

ਕਈ ਵਾਰ ਕੋਈ ਦੁਖਿਆਰਾ ਕਿਸੇ ਲੀਡਰ, ਅਫਸਰ ਜਾਂ ਮੋਹਤਬਰ ਕੋਲ ਆਪਣੀ ਮੁਸੀਬਤ ਦੇ ਹੱਲ ਲਈ ਬੜੀ ਆਸ ਨਾਲ ਜਾਂਦਾ ਹੈ। ਅੱਗੋਂ ਉਸ ਬੰਦੇ ਦੀ ਔਕਾਤ ਨਹੀਂ ਹੁੰਦੀ ਕਿ ਉਹ ਉਸ ਦਾ ਮਸਲਾ ਹੱਲ ਕਰ ਸਕੇ। ਪਰ ਫਿਰ ਵੀ ਉਹ ਦੁਖਿਆਰੇ ਨੂੰ ਮੂਰਖ ਬਣਾਉਣ ਲਈ ਇਹ ਵਿਖਾਵਾ ਕਰਦਾ ਹੈ ਕਿ ਉਹ ਹੀ ਉਸ ਦੀ ਮੁਸ਼ਕਿਲ ਦਾ ਹੱਲ ਕਰ ਸਕਦਾ ਹੈ। ਕਿਸੇ ਜੰਗਲ ਦੇ ਰਾਜੇ ਸ਼ੇਰ ਦੀਆਂ ਜਿਆਦਤੀਆਂ ਤੋਂ ਦੁਖੀ ਹੋ ਕੇ ਜਨਤਾ ਨੇ ਬਗਾਵਤ ਕਰ ਦਿੱਤੀ ਤੇ ਉਸ ਨੂੰ ਗੱਦੀ ਤੋਂ ਉਤਾਰ ਕੇ ਲੋਕਰਾਜ ਦੀ ਸਥਾਪਨਾ ਕਰ ਲਈ। ਕੁਝ ਦਿਨਾਂ ਬਾਅਦ ਚੋਣਾਂ ਹੋਈਆਂ ਤਾਂ ਇੱਕ ਚਲਾਕ ਬਾਂਦਰ ਸਭ ਉਮੀਦਵਾਰਾਂ ਨੂੰ ਹਰਾ ਕੇ ਜੰਗਲ ਦਾ ਪ੍ਰਧਾਨ ਮੰਤਰੀ ਬਣ ਗਿਆ। ਬਾਂਦਰ ਨੂੰ ਅਜੇ ਰਾਜ ਸੱਤਾ ਦਾ ਸੁੱਖ ਭੋਗਦੇ ਕੁਝ ਹੀ ਦਿਨ ਹੋਏ ਸਨ ਕਿ ਤਖਤ ਬਰਦਾਰ ਹੋਏ ਸ਼ੇਰ ਨੇ ਬਾਂਦਰ ਨੂੰ ਉਸ ਦੀ ਔਕਾਤ ਵਿਖਾਉਣ ਲਈ ਇੱਕ ਹਿਰਨੀ ਦਾ ਬੱਚਾ ਪਕੜ ਲਿਆ। ਉਸ ਨੇ ਹਿਰਨੀ ਨੂੰ ਕਿਹਾ ਕਿ ਜਾਕੇ ਬਾਂਦਰ ਨੂੰ ਕਹਿ ਕਿ ਜੇ ਉਸ ਵਿੱਚ ਹਿੰਮਤ ਹੈ ਤਾਂ ਬੱਚੇ ਨੂੰ ਮੇਰੇ ਪੰਜਿਆਂ ਵਿੱਚੋਂ ਬਚਾ ਕੇ ਵਿਖਾਵੇ।

ਹਿਰਨੀ ਭੱਜੀ ਭੱਜੀ ਬਾਂਦਰ ਕੋਲ ਪਹੁੰਚੀ ਜੋ ਇੱਕ ਦਰੱਖਤ ਹੇਠ ਬੈਠਾ ਕੈਬਨਿਟ ਮੀਟਿੰਗ ਕਰ ਰਿਹਾ ਸੀ ਕਿ ਕਿਵੇਂ ਟੈਕਸ ਵਧਾ ਕੇ ਜਨਤਾ ਦਾ ਕਚੂੰਮਰ ਕੱਢਣਾ ਹੈ। ਹਿਰਨੀ ਨੇ ਆਪਣਾ ਬੱਚਾ ਬਚਾਉਣ ਲਈ ਫਰਿਆਦ ਕੀਤੀ ਤਾਂ ਬਾਂਦਰ ਕਹਿੰਦਾ ਕਿ ਗੱਲ ਹੀ ਕੋਈ ਨਹੀਂ, ਹੁਣੇ ਛੁਡਾ ਦਿੰਦੇ ਹਾਂ। ਸ਼ੇਰ ਦੀ ਕੀ ਹਿੰਮਤ ਜੋ ਮੇਰੇ ਰਾਜ ਵਿੱਚ ਅਜਿਹੀ ਬਦਮਾਸ਼ੀ ਕਰ ਸਕੇ। ਸੁਣ ਕੇ ਸਾਰੇ ਮੰਤਰੀਆਂ ਨੇ ਖੁਸ਼ੀ ਨਾਲ ਤਾੜੀਆਂ ਵਜਾਈਆਂ ਤੇ ਬਾਂਦਰ ਟਪੂਸੀ ਮਾਰ ਕੇ ਦਰਖਤ 'ਤੇ ਚੜ੍ਹ ਗਿਆ। ਕਦੇ ਇੱਕ ਟਾਹਣੀ 'ਤੇ ਕੁੱਦੇ ਤੇ ਕਦੇ ਦੂਸਰੀ ਟਾਹਣੀ 'ਤੇ ਲਟਕੇ। ਕੁਝ ਮਿੰਟਾਂ ਬਾਅਦ ਸਾਹੋ ਸਾਹੀ ਹੋਇਆ ਹੇਠਾਂ ਉੱਤਰ ਆਇਆ। ਹਿਰਨੀ ਕੁਰਲਾਉਣ ਲੱਗੀ ਕਿ ਪ੍ਰਧਾਨ ਮੰਤਰੀ ਸਾਹਿਬ ਟਪੂਸੀਆਂ ਮਾਰਨ ਦੀ ਬਜਾਏ ਮੇਰੇ ਨਾਲ ਚੱਲ ਕੇ ਮੇਰੇ ਬੱਚੇ ਨੂੰ ਬਚਾਉ। ਇਹ ਸੁਣ ਕੇ ਬਾਂਦਰ ਦੁਬਾਰਾ ਦਰੱਖਤ 'ਤੇ ਜਾ ਚੜ੍ਹਿਆ ਤੇ ਅੱਗੇ ਨਾਲੋਂ ਵੀ ਜਿਆਦਾ ਟਪੂਸੀਆਂ ਮਾਰ ਕੇ ਆਪਣੇ ਆਸਨ 'ਤੇ ਜਾ ਬੈਠਾ। ਹਿਰਨੀ ਜਦੋਂ ਫਿਰ ਕੁਝ ਬੋਲਣ ਲੱਗੀ ਤਾਂ ਉਸ ਨੂੰ ਵਿੱਚੋਂ ਹੀ ਟੋਕ ਕੇ ਬਾਂਦਰ ਨੇ ਕਿਹਾ, "ਬੀਬੀ ਗੱਲ ਇਹ ਆ ਕਿ ਮੈਂ ਜੋ ਕਰ ਸਕਦਾ ਸੀ, ਉਹ ਕਰ ਰਿਹਾ ਹਾਂ। ਮੇਰੀ ਮਿਹਨਤ ਵਿੱਚ ਕੋਈ ਕਸਰ ਹੈ ਤਾਂ ਦੱਸ? ਹੁਣ ਤੇਰਾ ਬੱਚਾ ਬਚਦਾ ਹੈ ਕਿ ਮਰਦਾ ਹੈ ਰੱਬ ਦੀ ਮਰਜ਼ੀ, ਮੈਂ ਇਸ ਤੋਂ ਵੱਧ ਹੋਰ ਕੁਝ ਨਹੀਂ ਕਰ ਸਕਦਾ।"

-0-

# ਜਦੋਂ ਸ਼ਰਾਬੀ ਹਵਾਲਦਾਰ ਮੈਨੂੰ ਸਸਪੈਂਡ ਕਰਵਾਉਣ ਲੱਗਾ ਸੀ

**ਬਲਰਾਜ ਸਿੰਘ ਏ.ਆਈ.ਜੀ. (ਰਿਟਾ.) ਪੰਡੋਰੀ ਸਿੱਧਵਾਂ 9501100062**

1992-93 ਸਮੇਂ ਮੈਂ ਸੰਗਰੂਰ ਜਿਲ੍ਹੇ ਵਿੱਚ ਤਾਇਨਾਤ ਸੀ ਤੇ ਬੇਸਿਕ ਟਰੇਨਿੰਗ ਖਤਮ ਹੋਣ ਤੋਂ ਬਾਅਦ ਮੇਰੀ ਪਹਿਲੀ ਫੀਲਡ ਪੋਸਟਿੰਗ ਬਤੌਰ ਐਸ.ਐਚ.ਉ. ਥਾਣਾ ਮੂਨਕ ਵਿਖੇ ਹੋਈ ਸੀ। ਥਾਣਾ ਮੂਨਕ ਇੱਕ ਦਿਹਾਤੀ ਥਾਣਾ ਹੈ ਜਿੱਥੇ ਜਿਆਦਾਤਰ ਪਿੰਡ ਲੋਕਲ ਵਸਨੀਕਾਂ ਦੇ ਹਨ ਜੋ ਰਲੀ ਮਿਲੀ ਪੰਜਾਬੀ ਤੇ ਹਰਿਆਣਵੀ ਬੋਲਦੇ ਹਨ। ਕੁਝ ਪਿੰਡ ਪਾਕਿਸਤਾਨ ਤੋਂ ਉੱਜੜ ਕੇ ਆਏ ਭਾਊਆਂ ਦੇ ਵੀ ਹਨ। ਲੋਕਲ ਲੋਕ ਉਨ੍ਹਾਂ ਨੂੰ ਰਫੂਜੀ (ਰਫਿਊਜ਼ੀ) ਕਹਿੰਦੇ ਹਨ ਤੇ ਭਾਊ ਲੋਕਲਾਂ ਨੂੰ ਬਾਂਗਰੂ। ਉਸ ਸਮੇਂ ਮੂਨਕ ਸ਼ਾਂਤ ਥਾਣਿਆਂ ਵਿੱਚ ਗਿਣਿਆ ਜਾਂਦਾ ਸੀ, ਲੜਾਈਆਂ ਝਗੜੇ ਘੱਟ ਹੁੰਦੇ ਸਨ ਤੇ ਕਤਲ ਤਾਂ ਸ਼ਾਇਦ ਹੀ ਸਾਲ ਵਿੱਚ ਕਿਤੇ ਇੱਕ ਅੱਧਾ ਹੁੰਦਾ ਹੋਵੇ। ਜਿਆਦਾ ਕਰਾਈਮ ਭੁੱਕੀ ਦੀ ਪ੍ਰਚੂਨ ਵਿਕਰੀ ਦਾ ਸੀ। ਸਮੱਗਲਰ ਹਰਿਆਣਾ ਜਾਂ ਰਾਜਸਥਾਨ ਤੋਂ ਬੋਰੀ, ਦੋ ਬੋਰੀਆਂ ਲੈ ਆਉਂਦੇ ਤੇ ਆਪਣੇ ਗਾਹਕਾਂ ਨੂੰ ਪ੍ਰਚੂਨ ਵਿੱਚ ਵੇਚ ਦਿੰਦੇ। ਭੁੱਕੀ ਦੇ ਇਲਾਕੇ ਵਿੱਚ ਪਹੁੰਚਦੇ ਸਾਰ ਅਮਲੀਆਂ ਵਿੱਚ ਕੋਡਵਰਡ ਪਹੁੰਚ ਜਾਂਦਾ ਸੀ ਕਿ ਜਹਾਜ਼ ਉੱਤਰਿਆ ਹੈ।

ਹਰ ਥਾਣੇ ਵਿੱਚ ਕਈ ਅਜਿਹੇ ਘਾਂਬੜ ਮੁਲਾਜ਼ਮ ਹੁੰਦੇ ਹਨ ਜੋ ਬਿਨਾਂ ਕਿਸੇ ਡਰ ਭੈਅ ਦੇ ਰੱਜ ਕੇ ਅਣਗਹਿਲੀ ਕਰਦੇ ਹਨ। ਸ਼ਰਾਬ ਪੀ ਕੇ, ਗੈਰਹਾਜ਼ਰ ਹੋ ਕੇ ਜਾਂ ਕਿਸੇ ਸੀਨੀਅਰ ਅਧਿਕਾਰੀ ਨਾਲ ਖਹਿਬੜ ਕੇ ਸਸਪੈਂਡ ਹੋਣਾ ਉਨ੍ਹਾਂ ਵਾਸਤੇ ਆਮ ਗੱਲ ਹੁੰਦੀ ਹੈ। ਉਨ੍ਹਾਂ ਨੇ ਮਹਿਕਮੇ ਦੇ ਅੱਧੇ ਅਫਸਰ ਕੰਮ 'ਤੇ ਲਾਏ ਹੁੰਦੇ ਹਨ ਜੋ ਵਿਚਾਰੇ ਉਨ੍ਹਾਂ ਦੀਆਂ ਵਿਭਾਗੀ ਪੜਤਾਲਾਂ ਦੀ ਫਾਈਲਾਂ ਨਾਲ ਮੱਥਾ ਮਾਰਦੇ ਰਹਿੰਦੇ ਹਨ। ਮੂਨਕ ਅਤੇ ਖਨੌਰੀ ਥਾਣਾ ਹਰਿਆਣੇ ਦੇ ਬਾਰਡਰ 'ਤੇ ਹੋਣ ਕਾਰਨ ਹਰਿਆਣੇ ਦੇ ਰਹਿਣ ਵਾਲੇ ਜਿਆਦਾਤਰ ਮੁਲਾਜ਼ਮ ਇਨ੍ਹਾਂ ਥਾਣਿਆਂ ਦੀ ਬਦਲੀ ਕਰਵਾ ਲੈਂਦੇ ਸਨ। ਮੂਨਕ ਥਾਣੇ ਵਿੱਚ ਵੀ ਹਰਿਆਣੇ ਦਾ ਰਹਿਣ ਵਾਲਾ ਇੱਕ ਹਵਾਲਦਾਰ ਬਲਵਾਨ ਸਿੰਘ ਤਾਇਨਾਤ ਸੀ ਜੋ ਸਿਰੇ ਦਾ ਸ਼ਰਾਬੀ, ਲਾਪ੍ਰਵਾਹ ਤੇ ਗੈਰਹਾਜ਼ਰ ਹੋਣ ਦਾ ਆਦੀ ਸੀ। ਹਫਤੇ ਵਿੱਚੋਂ ਚਾਰ ਦਿਨ ਤਾਂ ਆਪਣੀ ਚੱਲ ਰਹੀਆਂ ਵਿਭਾਗੀ ਪੜਤਾਲਾਂ ਵਿੱਚ ਬਿਆਨ ਲਿਖਾਉਣ ਲਈ ਹੀ ਤੁਰਿਆ ਰਹਿੰਦਾ ਸੀ।

ਮੇਰੀ ਪੋਸਟਿੰਗ ਤੋਂ ਚਾਰ ਕੁ ਮਹੀਨੇ ਬਾਅਦ ਦਿਵਾਲੀ ਆ ਗਈ ਤੇ ਹਫਤਾ ਕੁ ਪਹਿਲਾਂ ਹੀ ਬਲਵਾਨ 13 ਦਿਨ ਗੈਰ ਹਾਜ਼ਰ ਹੋ ਕੇ ਆਇਆ ਸੀ। ਦਿਵਾਲੀ ਤੋਂ ਦੋ ਕੁ ਦਿਨ ਪਹਿਲਾਂ ਮੈਂ ਮੁਲਾਜ਼ਮਾਂ ਨੂੰ ਕਹਿ ਦਿੱਤਾ ਕਿ ਜਿਸ ਨੇ ਫਰਲੋ ਜਾਣਾ ਹੈ, ਜਾ ਸਕਦਾ ਹੈ ਪਰ ਦਿਵਾਲੀ ਤੋਂ ਅਗਲੇ ਦਿਨ ਸਵੇਰੇ 9 ਵਜੇ ਤੋਂ ਪਹਿਲਾਂ ਹਾਜ਼ਰ ਹੋਣਾ ਪਵੇਗਾ। ਜਿਹੜੇ ਮੁਲਾਜ਼ਮ ਇਥੇ ਰਹਿਣਗੇ, ਉਨ੍ਹਾਂ ਵਾਸਤੇ ਸ਼ਾਹੀ ਡਿਨਰ ਤਿਆਰ ਕੀਤਾ ਜਾਵੇਗਾ ਤੇ ਨਾਲੇ 3 - 3 ਦਿਨ ਦੀ ਫਰਲੋ ਦਿੱਤੀ ਜਾਵੇਗੀ। 14-15 ਮੁਲਾਜ਼ਮ ਜਿਹੜੇ ਦੂਰ ਦੇ ਰਹਿਣ ਵਾਲੇ ਸਨ, ਉਹ ਰਹਿ ਗਏ ਤੇ ਨਜ਼ਦੀਕੀ ਪਿੰਡਾਂ ਵਾਲੇ ਚਲੇ ਗਏ। ਮੈਂ ਵੇਖਿਆ ਕਿ ਬਲਵਾਨ ਵੀ ਆਪਣਾ ਬੈਗ ਮੋਢੇ 'ਤੇ ਲਟਕਾਈ ਬਾਹਰ ਨੂੰ ਤੁਰਿਆ ਜਾ ਰਿਹਾ ਸੀ। ਮੈਂ ਉਸ ਨੂੰ ਵਾਪਸ ਬੁਲਾਇਆ ਤੇ ਫਿੱਟ ਲਾਹਨਤ ਕੀਤੀ ਕਿ ਕੁਝ ਤਾਂ ਸ਼ਰਮ ਕਰ ਲੈ। ਤੂੰ ਤਾਂ ਪਹਿਲਾਂ ਹੀ 13 ਦਿਨ ਗੈਰ ਹਾਜ਼ਰ ਹੋ ਕੇ ਆਇਆ ਹੈਂ, ਬੰਦਾ ਬਣ ਕੇ ਵਾਪਸ ਚੱਲ ਤੇ ਡਿਊਟੀ ਕਰ। ਉਹ ਭੈੜਾ ਜਿਹਾ ਮੂੰਹ ਬਣਾ ਕੇ ਬੈਰਕ ਵੱਲ ਚਲਾ ਗਿਆ।

ਦਿਵਾਲੀ ਵਾਲੇ ਦਿਨ ਸ਼ਾਮ ਦੀਆਂ ਡਿਊਟੀਆਂ ਲਗਾਉਣ ਵੇਲੇ ਮੈਂ ਮੁਨਸ਼ੀ ਨੂੰ ਕਿਹਾ ਕਿ ਬਲਵਾਨ ਨੂੰ ਮੂਨਕ ਅੱਡੇ ਵਿੱਚ ਗਸ਼ਤ 'ਤੇ ਲਗਾ ਦਿਉ। ਮੁਨਸ਼ੀ ਸਿਆਣਾ ਸੀ, ਕਹਿਣ ਲੱਗਾ ਕਿ ਇਸ ਨੂੰ ਕਿਤੇ ਦੂਰ ਉਜਾੜ ਜਿਹੇ ਨਾਕੇ 'ਤੇ ਦਫਾ ਕਰ ਦਿੰਦੇ ਹਾਂ। ਜੇ ਇਥੇ ਰਿਹਾ ਤਾਂ ਸ਼ਰਾਬ ਪੀ ਕੇ ਕੋਈ ਨਾ ਕੋਈ ਪੰਗਾ ਜਰੂਰ ਖੜਾ ਕਰੇਗਾ। ਪਰ ਮੇਰੀ ਅਕਲ 'ਤੇ ਪੱਥਰ ਪੈ ਗਏ ਸਨ ਜਿਸ ਕਾਰਨ ਮੈਂ ਮੁਨਸ਼ੀ ਦੀ ਗੱਲ ਨਾ ਮੰਨੀ। ਸੜਿਆ ਬਲਿਆ ਬਲਵਾਨ ਇੱਕ ਪੁਰਾਣੀ ਜਿਹੀ ਸਟੇਨਗੰਨ ਲੈ ਕੇ ਦੋ ਮੁਲਾਜ਼ਮਾਂ ਸਮੇਤ ਅੱਡੇ ਵਿੱਚ ਗਸ਼ਤ ਕਰਨ ਲੱਗ ਪਿਆ। 8 ਕੁ ਵਜੇ ਇੱਕ ਪੰਗੇਬਾਜ਼ ਕਿਸਮ ਦਾ ਸ਼ਰਾਬੀ ਉਸ ਦੇ ਸਾਹਮਣੇ ਗੇੜੇ ਕੱਢਣ ਲੱਗ ਪਿਆ। ਮੁੱਛਾਂ ਨੂੰ ਵੱਟ ਦਿੰਦਾ ਕਦੇ ਖੱਬੇ ਜਾਵੇ ਤੇ ਕਦੇ ਸੱਜੇ। ਜਦੋਂ ਬਲਵਾਨ ਤੇ ਉਸ ਨੂੰ ਟੋਕਿਆ ਤਾਂ ਅੱਗੋਂ ਕਹਿਣ ਲੱਗਾ ਕਿ ਮੈਂ ਤੇਰੇ ਵਰਗੇ 36 ਹੌਲਦਾਰ ਵੇਖੇ ਨੇ। ਬਲਵਾਨ ਨੇ ਉਸ ਨੂੰ ਸਮਝਾਇਆ ਕਿ ਤੇਰੀ ਪੀਤੀ ਹੋਈ ਆ ਤੇ ਮੈਂ ਅਜੇ ਸੋਫੀ ਹਾਂ, ਜਾਹ ਮੈਨੂੰ ਤੰਗ ਨਾ ਕਰ। ਉਹ ਫਿਰ ਬੋਲਿਆ ਕਿ ਮੈਂ ਤੇਰੇ ਵਰਗੇ 36 ਹੌਲਦਾਰ ਵੇਖੇ ਨੇ। ਬਲਵਾਨ ਨੂੰ ਗੁੱਸਾ ਆ ਗਿਆ ਤੇ ਉਸ ਨੂੰ ਕਿਹਾ ਕਿ ਇਥੇ ਹੀ ਰੁਕ, ਮੈਂ ਦੋ ਮਿੰਟ ਵਿੱਚ ਆਇਆ।





ਉਹ ਨੇੜੇ ਦੇ ਠੇਕੇ ਵਿੱਚ ਜਾ ਵੜਿਆ ਤੇ ਦੇਸੀ ਦਾ ਅਧੀਆ ਇੱਕੋ ਸਾਹੇ ਸੁੱਕਾ ਹੀ ਚਾੜ੍ਹ ਗਿਆ। ਰੰਗ ਬਰੰਗਾ ਜਿਹਾ ਹੋ ਕੇ ਫਿਰ ਸ਼ਰਾਬੀ ਕੋਲ ਪਹੁੰਚ ਗਿਆ ਤੇ ਬੋਲਿਆ ਕਿ ਹੁਣ ਦੱਸ ਕੀ ਕਹਿੰਦਾ ਸੀ? ਉਹ ਫਿਰ ਬੋਲਿਆ ਕਿ ਮੈਂ ਤੇਰੇ ਵਰਗੇ 36 ਹੌਲਦਾਰ ਵੇਖੇ ਨੇ। ਬਲਵਾਨ ਨੇ ਸਟੇਨਗੰਨ ਬਰਸਟ 'ਤੇ ਕੀਤੀ ਤੇ ਕਿਹਾ ਕਿ ਲੈ ਪੁੱਤ ਹੁਣ ਤੂੰ 37ਵਾਂ ਹੌਲਦਾਰ ਨਹੀਂ ਵੇਖਦਾ ਤੇ ਘੋੜਾ ਦੱਬ ਦਿੱਤਾ। ਥਾਣੇ ਵਿੱਚ ਜਦੋਂ ਤੜ ਤੜ ਦੀ ਅਵਾਜ਼ ਪਹੁੰਚੀ ਤਾਂ ਮੁਨਸ਼ੀ ਭੱਜ ਕੇ ਮੇਰੇ ਕਵਾਟਰ ਆਇਆ ਕਿ ਜ਼ਨਾਬ ਪਾ 'ਤਾ ਜੇ ਬਲਵਾਨ ਨੇ ਕੋਈ ਪਵਾੜਾ। ਜਦੋਂ ਅਸੀਂ ਭੱਜ ਕੇ ਮੌਕੇ 'ਤੇ ਪਹੁੰਚੇ ਤਾਂ ਸਾਰੇ ਪਾਸੇ ਖਿਲਾਰਾ ਪਿਆ ਹੋਇਆ ਸੀ। ਕਿਤੇ ਰੇਹੜੀਆਂ ਉਲਟੀਆਂ ਪਈਆਂ ਸਨ ਤੇ ਕਿਧਰੇ ਬੱਚੇ ਚੀਕਾਂ ਮਾਰ ਰਹੇ ਸਨ। ਸਾਰਾ ਅੱਡਾ ਖਾਲੀ ਹੋਇਆ ਪਿਆ ਸੀ। ਬਲਵਾਨ ਨਾਲ ਪੰਗਾ ਲੈਣ ਵਾਲੇ ਸ਼ਰਾਬੀ ਦੀ ਸਾਰੀ ਸ਼ਰਾਬ ਲਹਿ ਗਈ ਸੀ ਤੇ ਉਹ ਬਲਵਾਨ ਦੇ ਪੈਰਾਂ ਨੂੰ ਚੰਬੜਿਆ ਪੱਤੇ ਵਾਂਗ ਕੰਬ ਰਿਹਾ ਸੀ। ਜਦੋਂ ਆਟੋਮੈਟਿਕ ਹਥਿਆਰ ਚੱਲਦਾ ਹੈ ਤਾਂ ਗੈਸ ਦੇ ਪ੍ਰੈਸ਼ਰ ਕਾਰਨ ਇਸ ਦੀ ਬੈਰਲ ਉੱਪਰ ਵੱਲ ਚੁੱਕੀ ਜਾਂਦੀ ਹੈ। ਇਸ ਕਾਰਨ ਜਦੋਂ ਮਰੀਅਲ ਜਿਹੇ ਬਲਵਾਨ ਨੇ ਬਰਸਟ ਮਾਰਿਆ ਤਾਂ ਸ਼ਰਾਬੀ ਹੋਣ ਕਾਰਨ ਇੱਕ ਤਾਂ ਉਸ ਦਾ ਨਿਸ਼ਾਨਾ ਉੱਕ ਗਿਆ ਤੇ ਦੂਸਰਾ ਸਟੇਨਗੰਨ ਦੇ ਉੱਪਰ ਵੱਲ ਹੋ ਜਾਣ ਕਾਰਨ ਕਿਸੇ ਦੇ ਵੀ ਗੋਲੀਆਂ ਨਾ ਲੱਗੀਆਂ। ਬੱਸ ਇਸੇ ਗੱਲ ਨੇ ਬਲਵਾਨ ਦੀ ਤੇ ਮੇਰੀ ਨੌਕਰੀ ਬਚਾ ਲਈ। ਮੈਂ ਗੁੱਸੇ ਵਿੱਚ ਆ ਕੇ ਉਸ ਨੂੰ ਗਿੱਚੀ ਤੋਂ ਫੜ੍ਹ ਲਿਆ। ਰਾਤ ਭਰ ਹਵਾਲਾਤ ਵਿੱਚ ਰੱਖਿਆ ਤੇ ਸਵੇਰੇ ਪੁਲਿਸ ਲਾਈਨ ਨੂੰ ਰਵਾਨਾ ਕਰ ਦਿੱਤਾ। ਇਸ ਤੋਂ ਬਾਅਦ ਮੈਂ ਤੇ ਮੁਨਸ਼ੀ ਨੇ ਪੱਤਰਕਾਰਾਂ ਨੂੰ ਖਬਰ ਲਾਉਣ ਤੋਂ ਕਿਵੇਂ ਰੋਕਿਆ, ਇਹ ਮੈਂ ਜਾਣਦਾਂ ਜਾਂ ਰੱਬ। -0-

# ਹਜ਼ਾਰਾਂ ਵਰ੍ਹੇ ਪੁਰਾਣੇ ਫਲ ਅੰਜੀਰ ਦੇ ਫਾਇਦੇ

**ਡਾ. ਹਰਸ਼ਿੰਦਰ ਕੌਰ, ਐਮ.ਡੀ., 0175-2216783**

ਤੁਰਕੀ ਵਿਚ ਇਸ ਸਮੇਂ ਦੁਨੀਆਂ ਭਰ ਵਿੱਚੋਂ ਸਭ ਤੋਂ ਵੱਧ ਉੱਗ ਰਹੀ ਅਤੇ ਹੋਰਨਾਂ ਮੁਲਕਾਂ ਵਿੱਚ ਭੇਜੀ ਜਾਣ ਵਾਲੀ ਅੰਜੀਰ ਨੂੰ 'ਸੁਰਗਾਂ ਦਾ ਫਲ' ਕਿਹਾ ਜਾਂਦਾ ਹੈ।

ਭਾਰਤ ਵਿਚ ਸਭ ਤੋਂ ਪੁਰਾਣਾ ਅੰਜੀਰ ਦਾ ਦਰਖੱਤ ਬੋਧ ਗਯਾ ਵਿੱਚ ਬੋਧੀਆਂ ਵਲੋਂ ਬੀਜਿਆ ਅੱਜ ਵੀ ਵੇਖਿਆ ਜਾ ਸਕਦਾ ਹੈ ਜੋ 2305 ਸਾਲ ਪੁਰਾਣਾ ਹੈ।

ਜੇ ਕਿਸੇ ਨੇ ਜੌਰਡਨ ਦੇ ਇਕ ਪੁਰਾਤਨ ਪਿੰਡ ਵਿਚ ਕੀਤੀ ਖੁਦਾਈ ਬਾਰੇ ਪੜ੍ਹਿਆ ਸੁਣਿਆ ਹੋਵੇ, ਤਾਂ ਉੱਥੇ ਪੱਥਰ ਬਣ ਚੁੱਕੀਆਂ ਅੰਜੀਰਾਂ ਦੀਆਂ 9 ਕਿਸਮਾਂ ਲੱਭੀਆਂ ਜਾ ਚੁੱਕੀਆਂ ਹਨ ਜੋ ਈਸਾ ਮਸੀਹ ਤੋਂ 9400 ਸਾਲ ਪਹਿਲਾਂ ਦੀਆਂ ਹਨ।




ਸੰਸਕ੍ਰਿਤ ਵਿਚ ਉਦੁੰਬਰਾ ਵਜੋਂ ਜਾਣੀ ਜਾਂਦੀ ਅੰਜੀਰ ਬਾਰੇ ਕੁਰਾਨ ਵਿਚ ਵੀ ਜ਼ਿਕਰ ਹੈ ਕਿ - 'ਰੱਬ ਵੀ ਅੰਜੀਰ ਦੀ ਸਹੁੰ ਖਾ ਕੇ ਕਹਿੰਦਾ ਹੈ।' (ਤਰਜਮੇ ਦੀ ਕਾਪੀ ਵਿੱਚੋਂ ਲਿਖਿਆ ਮਿਲਿਆ ਹੈ -2 the fig)

ਈਸਾ ਮਸੀਹ ਤੋਂ 5000 ਸਾਲ ਪਹਿਲਾਂ ਪੁਰਾਣੇ ਰੋਮ ਵਿੱਚੋਂ ਖੁਦਾਈ ਦੌਰਾਨ 29 ਵੱਖੋ ਵੱਖ ਕਿਸਮਾਂ ਦੀਆਂ ਅੰਜੀਰਾਂ ਲੱਭੀਆਂ ਜਾ ਚੁੱਕੀਆਂ ਹਨ।

ਇਹ ਮੰਨਿਆ ਜਾ ਚੁੱਕਿਆ ਹੈ ਕਣਕ ਜਾਂ ਬਾਜਰੇ ਤੋਂ ਵੀ ਕਈ ਹਜ਼ਾਰ ਵਰ੍ਹੇ ਪਹਿਲਾਂ ਮਨੁੱਖ ਨੇ ਅੰਜੀਰ ਦਾ ਦਰਖ਼ੱਤ ਲਾਉਣਾ ਸ਼ੁਰੂ ਕੀਤਾ ਸੀ। ਇਸ ਦੇ ਸਬੂਤ ਵਜੋਂ ਰੋਮ ਦੇ ਨੇੜੇ 11,400 ਸਾਲ ਪਹਿਲਾਂ ਦੇ ਅਨੇਕ ਦਰਖ਼ਤ ਇੱਕੋ ਥਾਂ ਉਗਾਏ ਲੱਭੇ ਜਾ ਚੁੱਕੇ ਹਨ।

ਭਾਰਤ ਵਿਚ ਅੱਜ ਦੇ ਦਿਨ ਮਹਾਰਾਸ਼ਟਰ, ਗੁਜਰਾਤ, ਉੱਤਰ ਪ੍ਰਦੇਸ, ਕਰਨਾਟਕ ਅਤੇ ਤਾਮਿਲਨਾਡੂ ਵਿਖੇ ਅੰਜੀਰ ਕਾਫ਼ੀ ਉਗਾਈ ਜਾ ਰਹੀ ਹੈ।



ਅੰਜੀਰ ਦੀ ਸਭ ਤੋਂ ਵੱਧ ਮਹਤੱਤਾ ਇਸ ਨਾਲ ਮਿਲਦੇ ਮਰਦਾਨਾ ਕਮਜ਼ੋਰੀ ਵਿਚ ਫ਼ਾਇਦੇ ਸਦਕਾ ਹੈ। ਅਣਗਿਣਤ ਆਯੂਰਵੈਦਿਕ ਦਵਾਈਆਂ, ਐਲੋਪੈਥਿਕ ਖੋਜਾਂ ਅਤੇ ਵਿਸ਼ਵ ਪ੍ਰਸਿੱਧ ਵਿਗਿਆਨੀਆਂ ਵਲੋਂ ਸੁਝਾਏ ਨੁਕਤਿਆਂ ਅਨੁਸਾਰ ਮਰਦਾਨਾ ਕਮਜ਼ੋਰੀ ਲਈ ਰਾਤ ਭਰ ਭਿਉਂ ਕੇ ਰੱਖੀਆਂ ਦੋ ਅੰਜੀਰਾਂ, 4 ਬਦਾਮ ਅਤੇ 2 ਅਖਰੋਟ ਜਦੋਂ ਗਰਮ ਦੁੱਧ ਨਾਲ ਸਵੇਰੇ ਲੈ ਲਏ ਜਾਣ ਤਾਂ ਮਰਦਾਨਾ ਕਮਜ਼ੋਰੀ ਵਿਚ ਬਹੁਤ ਫ਼ਰਕ ਪੈ ਜਾਂਦਾ ਹੈ।

ਐਲੋਪੈਥਿਕ ਡਾਕਟਰ ਮੰਨਦੇ ਹਨ ਕਿ ਬਹੁਗਿਣਤੀ ਮਰਦਾਨਾ ਕਮਜ਼ੋਰੀ ਦੇ ਮਰੀਜ਼ਾਂ ਨੂੰ ਕੋਈ ਬੀਮਾਰੀ ਹੁੰਦੀ ਹੀ ਨਹੀਂ। ਘਬਰਾਹਟ ਅਤੇ ਮਾਨਸਿਕ ਨਿਤਾਣਾਪਨ ਹੀ ਹੁੰਦਾ ਹੈ ਜੋ ਅੰਜੀਰ ਖਾਣ ਨਾਲ ਬੰਦਾ ਆਪਣੇ ਆਪ ਨੂੰ ਸ਼ੇਰ ਸਮਝਣ ਲੱਗ ਪੈਂਦਾ ਹੈ।

ਖੋਜਾਂ ਇਹ ਵੀ ਸਪਸ਼ਟ ਕਰ ਚੁੱਕੀਆਂ ਹਨ ਕਿ ਜਿਹੜੇ ਅੰਸ਼ ਅਤੇ ਤੱਤ ਸ਼ੁਕਰਾਣੂਆਂ ਨੂੰ ਤੰਦਰੁਸਤ ਰੱਖਣ ਅਤੇ ਹਿਲਜੁਲ ਸਹੀ ਕਰਨ ਲਈ ਲੋੜੀਂਦੇ ਹਨ, ਜਿਵੇਂ ਸੀਲੀਨੀਅਮ, ਵਿਟਾਮਿਨ ਈ, ਜ਼ਿੰਕ, ਓਮੇਗਾ ਤਿੰਨ ਫੈਟੀ ਏਸਿਡ, ਫੋਲੇਟ ਆਦਿ, ਸਭ ਅੰਜੀਰ ਵਿਚ ਮੌਜੂਦ ਹਨ ਤੇ ਪੂਰੀ ਮਾਤਰਾ ਵਿਚ ਹਨ। ਇਸੇ ਲਈ ਮਰਦਾਨਾ ਤਾਕਤ ਲਈ ਸੁਪਰ-ਫੂਡ ਮੰਨੀ ਜਾ ਚੁੱਕੀ ਅੰਜੀਰ ਨੂੰ ਹੁਣ ਕਈ ਲੋਕ ਰਾਤ ਭਰ ਭਿਉਂ ਕੇ ਉਸ ਨਾਲ ਭਿੱਜੇ ਬਦਾਮ, ਅਖਰੋਟ ਅਤੇ ਨਾਲੋ ਨਾਲ ਹੇਜ਼ਲ ਨੱਟ ਵੀ ਖਾਣ ਲੱਗ ਪਏ ਹਨ।

2 ਸੁੱਕੀਆਂ ਅੰਜੀਰਾਂ (ਦੋ ਕੱਟੇ ਟੋਟਿਆਂ) ਵਿੱਚ ਲਗਭਗ 95 ਕੈਲਰੀਆਂ ਹੁੰਦੀਆਂ ਹਨ।

ਲੋਹ ਕਣਾਂ ਵਿੱਚ ਭਰਪੂਰ ਹੋਣ ਸਦਕਾ ਅੰਜੀਰ ਲਹੂ ਦੀ ਕਮੀ ਨਾਲ ਜੂਝਦੇ ਮਰੀਜ਼ਾਂ ਲਈ ਵੀ ਵਰਦਾਨ ਸਾਬਤ ਹੋ ਚੁੱਕੀ ਹੈ। ਥਕਾਨ ਬਾਅਦ ਜੇ ਦੋ ਅੰਜੀਰਾਂ ਖਾ ਲਈਆਂ ਜਾਣ ਤਾਂ ਝਟਪਟ ਥਕਾਵਟ ਦੂਰ ਹੋ ਜਾਂਦੀ ਹੈ।

ਜੇ ਯੂਰਿਕ ਏਸਿਡ ਵਧਿਆ ਹੋਵੇ ਤਾਂ ਪੂਰੀ ਦਵਾਈ ਖਾਣ ਦੇ ਨਾਲੋ ਨਾਲ ਖਾਣ-ਪੀਣ ਵਿਚ ਪਰਹੇਜ਼ ਕਰਨ ਅਤੇ ਇੱਕ ਮਹੀਨੇ ਲਈ ਅੰਜੀਰ ਖਾਣ ਨਾਲ ਯੂਰਿਕ ਏਸਿਡ ਛੇਤੀ ਘੱਟ ਹੋ ਜਾਂਦਾ ਹੈ।

ਫਾਈਬਰ ਭਰਪੂਰ ਹੋਣ ਕਾਰਨ ਇਸ ਨੂੰ ਖਾਣ ਨਾਲ ਕਬਜ਼ ਵੀ ਠੀਕ ਹੋ ਸਕਦੀ ਹੈ। ਕੈਲਸ਼ੀਅਮ ਤੇ ਫ਼ਾਸਫੋਰਸ ਕਾਰਨ ਅੰਜੀਰ ਹੱਡੀਆਂ ਵੀ ਤੰਦਰੁਸਤ ਰਖਦੀ ਹੈ। ਦਿਲ ਸਿਹਤਮੰਦ ਰੱਖਣ ਵਿੱਚ ਵੀ ਅੰਜੀਰ ਲਾਹੇਵੰਦ ਹੈ।

ਸ਼ੱਕਰ ਰੋਗੀਆਂ ਲਈ ਅੰਜੀਰ ਰੱਬੀ ਸੁਗ਼ਾਤ ਹੀ ਮੰਨੀ ਜਾ ਸਕਦੀ ਹੈ ਕਿਉਂਕਿ ਇਸ ਵਿਚ ਸ਼ੱਕਰ ਦੀ ਮਾਤਰਾ ਕਾਫੀ ਘੱਟ ਹੈ। ਇਸ ਵਿਚ ਨਮਕ ਵੀ ਕਾਫੀ ਘੱਟ ਹੈ ਤੇ ਥਿੰਦਾ ਉੱਕਾ ਹੀ ਨਹੀਂ ਹੈ।

ਗਰਭਵਤੀ ਔਰਤਾਂ ਵੀ ਜੇ ਰੋਜ਼ ਰਾਤ ਦੋ ਅੰਜੀਰਾਂ ਭਿਉਂ ਕੇ ਸਵੇਰੇ ਖਾਂਦੀਆਂ ਰਹਿਣ ਤਾਂ ਜੱਚਾ-ਬੱਚਾ, ਦੋਵਾਂ ਨੂੰ ਹੀ ਫ਼ਾਇਦਾ ਪਹੁੰਚ ਜਾਂਦਾ ਹੈ।

ਜੇ ਮਾਹਵਾਰੀ ਦੌਰਾਨ ਥਕਾਨ, ਪੀੜ, ਚੱਕਰ ਆਦਿ ਆਉਂਦੇ ਹੋਣ ਤਾਂ ਦਵਾਈ ਦੇ ਨਾਲ ਉਨ੍ਹਾਂ ਦਿਨਾਂ ਵਿਚ ਅੰਜੀਰ ਜ਼ਰੂਰ ਖਾ ਲੈਣੀ ਚਾਹੀਦੀ ਹੈ।

ਜਿਨ੍ਹਾਂ ਦੀ ਮਾਹਵਾਰੀ ਬੰਦ ਹੋ ਚੁੱਕੀ ਹੋਵੇ, ਉਨ੍ਹਾਂ ਲਈ ਵੀ ਮਾੜੇ ਲੱਛਣ ਘਟਾਉਣ ਵਿਚ ਅੰਜੀਰ ਮਦਦ ਕਰਦੀ ਹੈ। ਜਿਨ੍ਹਾਂ ਵਿਚ ਹਾਰਮੋਨਾਂ ਦੀ ਗੜਬੜੀ ਹੋਵੇ (ਫ਼34), ਉਨ੍ਹਾਂ ਔਰਤਾਂ ਨੂੰ ਵੀ ਤਿੰਨ ਮਹੀਨੇ ਲਗਾਤਾਰ ਰੋਜ਼ ਸਵੇਰੇ ਰਾਤ ਦੀਆਂ ਭਿਉਂ ਕੇ ਰੱਖੀਆਂ ਤਿੰਨ ਅੰਜੀਰਾਂ ਗਰਮ ਦੁੱਧ ਨਾਲ ਖਾ ਲੈਣੀਆਂ ਚਾਹੀਦੀਆਂ ਹਨ। ਇੱਕ ਗੱਲ ਚੇਤੇ ਰੱਖਣ ਦੀ ਲੋੜ ਹੈ ਕਿ ਨਾਲੋ-ਨਾਲ ਡਾਕਟਰੀ ਇਲਾਜ ਜ਼ਰੂਰ ਕਰਨਾ ਚਾਹੀਦਾ ਹੈ।

ਜਿਨ੍ਹਾਂ ਨੂੰ ਨੀਂਦਰ ਠੀਕ ਨਾ ਆਉਂਦੀ ਹੋਵੇ,ਉਨ੍ਹਾਂ ਨੂੰ ਵੀ ਰਾਤ ਵੇਲੇ ਤਣਾਓ ਘਟਾ ਕੇ, ਮਧੁਰ ਸੰਗੀਤ ਸੁਣਦਿਆਂ, ਤਲੀਆਂ ਚੀਜ਼ਾਂ ਖਾਣ ਦੀ ਥਾਂ ਗਰਮ ਦੁੱਧ ਵਿਚ ਦੋ ਅੰਜੀਰਾਂ ਉਬਾਲ ਕੇ ਜ਼ਰੂਰ ਖਾ ਲੈਣੀਆਂ ਚਾਹੀਦੀਆਂ ਹਨ।

**ਵਾਲਾਂ ਲਈ :-**

ਅੰਜੀਰ ਵਿਚਲੇ ਮੈਗਨੀਸ਼ੀਅਮ, ਵਿਟਾਮਿਨ ਸੀ ਅਤੇ ਈ ਇਸ ਨੂੰ ਵਾਲ

ਵਧਾਉਣ ਲਈ ਵਧੀਆ ਦਵਾਈ ਬਣਾ ਦਿੰਦੇ ਹਨ।

**ਗੁਰਦੇ ਦੀ ਪਥਰੀ :–**

ਪੂਰਾ ਡਾਕਟਰੀ ਇਲਾਜ ਕਰਨ ਦੇ ਨਾਲ ਜੇ ਖ਼ੁਰਾਕ ਦੀ ਤਬਦੀਲੀ ਕੀਤੀ ਜਾਵੇ ਅਤੇ ਰੋਜ਼ ਅੰਜੀਰ ਵੀ ਖਾ ਲਈ ਜਾਵੇ ਤਾਂ ਸੋਨੇ ਤੇ ਸੁਹਾਗੇ ਵਾਲੀ ਗੱਲ ਹੋ ਸਕਦੀ ਹੈ। ਇਕ ਅੰਜੀਰ ਨੂੰ 5 ਤੋਂ 10 ਮਿੰਟ ਤੱਕ ਇਕ ਗਿਲਾਸ ਪਾਣੀ ਵਿਚ ਉਬਾਲ ਕੇ ਪੀਣਾ ਚਾਹੀਦਾ ਹੈ। ਇੰਜ ਦਿਨ ਵਿਚ ਚਾਰ ਗਿਲਾਸ ਪੀ ਲੈਣੇ ਚਾਹੀਦੇ ਹਨ।

**ਭਾਰ ਘਟਾਉਣ ਲਈ:–**

ਰੋਜ਼ਾਨਾ ਕਸਰਤ ਤੇ ਸੰਤੁਲਿਤ ਖ਼ੁਰਾਕ ਦੇ ਨਾਲ ਰੋਜ਼ ਦੋ ਅੰਜੀਰਾਂ ਖਾਣ ਨਾਲ ਇਸ ਵਿਚਲੇ ਫਾਈਬਰ ਸਦਕਾ ਭਾਰ ਕਾਬੂ ਵਿਚ ਰੱਖਿਆ ਜਾ ਸਕਦਾ ਹੈ। ਜੇ ਰੋਜ਼ 6 ਤੋਂ ਵੱਧ ਅੰਜੀਰਾਂ ਖਾਧੀਆਂ ਜਾਣ ਤਾਂ ਭਾਰ ਵਧਣ ਲੱਗ ਸਕਦਾ ਹੈ, ਤਗੜੀ ਐਲਰਜੀ ਹੋ ਸਕਦੀ ਹੈ, ਤਿੱਖੀ ਢਿੱਡ ਪੀੜ ਹੋ ਸਕਦੀ ਹੈ, ਅਫ਼ਾਰਾ ਹੋ ਸਕਦਾ ਹੈ, ਬਲੱਡ ਪ੍ਰੈਸ਼ਰ ਘੱਟ ਹੋ ਸਕਦਾ ਹੈ, ਟੱਟੀਆਂ ਲੱਗ ਸਕਦੀਆਂ ਹਨ, ਨਿੱਛਾਂ ਆ ਸਕਦੀਆਂ ਹਨ, ਲਹੂ ਵਿਚ ਸ਼ੱਕਰ ਦੀ ਮਾਤਰਾ ਕਾਫੀ ਘੱਟ ਹੋ ਜਾਂਦੀ ਹੈ ਤੇ ਅੱਖ ਦੀ ਅੰਦਰਲੀ ਪਰਤ ਵਿਚ ਲਹੂ ਤੱਕ ਚੱਲ ਸਕਦਾ ਹੈ।

ਹਾਲਾਂਕਿ ਕਈ ਇਨਸਾਨਾਂ ਉੱਤੇ ਹੋਈ ਖੋਜ ਇਹ ਤੱਥ ਸਾਬਤ ਨਹੀਂ ਕਰ ਸਕੀ ਪਰ ਚੂਹਿਆਂ ਉੱਤੇ ਹੋਈ ਖੋਜ ਇਹ ਸਾਬਤ ਕਰ ਚੁੱਕੀ ਹੈ ਕਿ ਅੰਜੀਰ ਲਹੂ ਵਗਣ ਵਿਚ ਰੋਕ ਲਾ ਸਕਦੀ ਹੈ ਕਿਉਂਕਿ ਇਸ ਦੇ ਅਸਰ ਅਧੀਨ ਲਹੂ ਦੀਆਂ ਨਾੜੀਆਂ ਸੁੰਗੜ ਜਾਂਦੀਆਂ ਹਨ।

–0–

# ਅਨੇਕ ਰੋਗਾਂ ਦੀ ਇਕ ਦਵਾਈ 'ਹਲਦੀ'

**ਸੁਰਿੰਦਰ ਕੁਮਾਰ # 94171–29623**

ਹਲਦੀ ਇੱਕ ਅਜਿਹੀ ਵਸਤੂ ਹੈ ਜੋ ਹਰ ਘਰ ਵਿੱਚ ਮਿਲ ਜਾਂਦੀ ਹੈ। ਭੋਜਨ ਵਿੱਚ ਵਰਤਣ 'ਤੇ ਇਹ ਦਾਲਾਂ–ਸਬਜ਼ੀਆਂ ਨੂੰ ਇੱਕ ਖ਼ਾਸ ਰੰਗਤ ਅਤੇ ਸੁਆਦ ਪ੍ਰਦਾਨ ਕਰਦੀ ਹੈ। ਭਾਰਤ ਵਿੱਚ ਤਾਂ ਇਹ ਮੁੱਢ ਕਦੀਮ ਤੋਂ ਹੀ ਸੁੰਦਰਤਾ–ਔਸ਼ਧੀ, ਦਰਦ ਨਾਸ਼ਕ ਦਵਾ, ਭੋਜਨ–ਮਸਾਲਾ ਅਤੇ ਕਿਰਮ/ਰੋਗਾਣੂ ਨਾਸ਼ਕ ਦੇ ਤੌਰ 'ਤੇ ਵਰਤੀ ਜਾਂਦੀ ਹੈ। ਇਸ ਤੋਂ ਇਲਾਵਾ ਹਿੰਦੂ ਪਰੰਪਰਾ ਅਨੁਸਾਰ ਇਹ ਅਨੇਕਾਂ ਧਾਰਮਿਕ ਰਸਮਾਂ ਅਤੇ ਵਿਆਹਾਂ/ਸ਼ਗਨਾਂ ਦੌਰਾਨ ਵੀ ਵਰਤੀ ਜਾਂਦੀ ਹੈ। ਵਿਆਹ ਤੋਂ ਪਹਿਲਾਂ ਲਾੜੇ/ਲਾੜੀ ਦੇ ਸਰੀਰ ਖ਼ਾਸ ਤੌਰ 'ਤੇ ਚਿਹਰੇ ਉੱਪਰ ਹਲਦੀ ਵਾਲਾ ਵਟਣਾ ਮਲਿਆ ਜਾਣਾ ਇੱਕ ਪੁਰਾਣੀ ਪਰੰਪਰਾ ਹੈ।

ਚਮੜੀ ਦੀਆਂ ਅਨੇਕਾਂ ਅਲਾਮਤਾਂ ਲਈ ਇਹ ਅਤਿ ਪ੍ਰਭਾਵਸ਼ਾਲੀ ਦਵਾਈ ਹੈ। ਕਿਸੇ ਵੀ ਜ਼ਖ਼ਮ 'ਤੇ ਦੇਸੀ ਘਿਓ ਵਿੱਚ ਗਰਮ ਕਰਕੇ ਹਲਦੀ ਲਾਉਣ ਨਾਲ ਜ਼ਖ਼ਮ ਦੇ ਠੀਕ ਹੋਣ ਦੀ ਰਫ਼ਤਾਰ ਹੈਰਾਨੀਜਨਕ ਤਰੀਕੇ ਨਾਲ ਤੇਜ਼ ਹੋ ਜਾਂਦੀ ਹੈ। ਚਮੜੀ ਉੱਪਰ ਫਿਨਸੀਆਂ ਹੋਣ ਜਾਂ ਚਿਹਰੇ ਉੱਪਰ ਕਿੱਲ–ਮੁਹਾਸੇ, ਹਲਦੀ ਪਾਊਡਰ ਨੂੰ ਥੋੜ੍ਹੇ ਜਿਹੇ ਦੁੱਧ ਵਿੱਚ ਮਿਲਾ ਕੇ ਮਾਲਿਸ਼ ਕਰਦੇ ਰਹਿਣ ਨਾਲ ਲਾਭ ਹੁੰਦਾ ਹੈ ਅਤੇ ਕਿੱਲਾਂ–ਮੁਹਾਸਿਆਂ ਤੋਂ ਬਾਅਦ ਕਾਲੇ ਦਾਗ਼ ਵੀ ਨਹੀਂ ਬਣਦੇ। ਉਂਜ ਵੀ ਚਮੜੀ ਉੱਪਰ ਹਲਦੀ ਦੀ ਮਾਲਿਸ਼ ਕਰਨ ਨਾਲ ਚਮੜੀ ਦੀ ਹਰ ਤਰ੍ਹਾਂ ਦੀ ਲਾਗ ਤੋਂ ਛੁਟਕਾਰਾ ਤਾਂ ਮਿਲਦਾ ਹੀ ਹੈ, ਚਮੜੀ ਵੀ ਨਰਮ ਰਹਿੰਦੀ ਹੈ। ਹਲਦੀ ਅਤੇ ਚੰਦਨ ਪਾਊਡਰ ਨੂੰ ਦੁੱਧ ਨਾਲ ਮਿਲਾ ਕੇ ਚਿਹਰੇ ਦੀ ਮਾਲਿਸ਼ ਕਰਦੇ ਰਹਿਣ ਨਾਲ ਚਿਹਰਾ ਨਿੱਖਰ ਜਾਂਦਾ ਹੈ।

ਕੋਈ ਵੀ ਸੱਟ ਆਦਿ ਲੱਗੀ ਹੋਵੇ ਤਾਂ ਗਰਮ/ਕੋਸੇ ਦੁੱਧ ਨਾਲ ਹਲਦੀ ਲੈਣ ਨਾਲ ਅਰਾਮ ਮਿਲਦਾ ਹੈ ਕਿਉਂਕਿ ਇਹ ਦਰਦ ਨਾਸ਼ਕ ਅਤੇ ਸੋਜ਼ ਉਤਾਰਨ ਵਾਲੇ ਗੁਣ ਰੱਖਦੀ ਹੈ। ਦੁੱਧ ਨਾਲ ਲੈਣ 'ਤੇ ਇਹ ਬਲੱਡ–ਸ਼ੂਗਰ ਦਾ ਪੱਧਰ ਵੀ ਕੰਟਰੋਲ ਕਰਦੀ ਹੈ। ਇਹ ਗਠੀਏ ਦੀ ਤਕਲੀਫ਼ ਨੂੰ ਕਾਫ਼ੀ ਘਟਾਉਂਦੀ ਹੈ ਅਤੇ ਹੱਡੀਆਂ ਨੂੰ ਮਜ਼ਬੂਤੀ ਪ੍ਰਦਾਨ ਕਰਦੀ ਹੈ। ਇਸ ਵਿੱਚ ਕੈਂਸਰ ਵਿਰੋਧੀ ਗੁਣ ਵੀ ਹੁੰਦਾ ਹੈ।

ਛਾਲੇ, ਭਾਵੇਂ ਉਹ ਬਵਾਸੀਰ ਦੇ ਹੋਣ ਤੇ ਭਾਵੇਂ ਸੜ ਜਾਣ ਕਾਰਨ, ਹਲਦੀ ਪਾਊਡਰ ਛਿੜਕਣ ਨਾਲ ਵਧੇਰੇ ਛੇਤੀ ਠੀਕ ਹੁੰਦੇ ਹਨ। ਸੋਜ਼ ਜਾਂ ਦਰਦ ਵਾਲੀ ਥਾਂ 'ਤੇ ਹਲਦੀ ਦਾ ਪੇਸਟ ਲਾਉਣ ਨਾਲ ਸੋਜ਼ ਅਤੇ ਦਰਦ ਤੋਂ ਅਰਾਮ ਮਿਲਦਾ ਹੈ।

ਆਯੁਰਵੈਦਿਕ ਇਲਾਜ ਪੱਧਤੀ ਵਿੱਚ ਹਲਦੀ ਦੀ ਵੱਡੇ ਪੱਧਰ 'ਤੇ ਵਰਤੋਂ ਹੁੰਦੀ ਹੈ। ਇਸ ਪੱਧਤੀ ਅਨੁਸਾਰ ਹਲਦੀ ਦੀ ਤਾਸੀਰ ਗਰਮ ਅਤੇ ਖ਼ੁਸ਼ਕ ਹੁੰਦੀ ਹੈ। ਇਹ ਖੰਘ ਅਤੇ ਪਿੱਤ ਦੋਸ਼ਾਂ ਨੂੰ ਦੂਰ ਕਰਦੀ ਹੈ। ਇਸ ਦਾ ਕੋਈ ਬੁਰਾ ਪ੍ਰਭਾਵ ਵੀ ਨਹੀਂ ਮੰਨਿਆ ਗਿਆ। ਇਹ ਲੋੜ ਅਨੁਸਾਰ ਕੋਸੇ ਪਾਣੀ, ਚਾਹ ਜਾਂ ਗਰਮ ਦੁੱਧ ਨਾਲ ਤਕਲੀਫ਼ ਦੇ ਹਿਸਾਬ ਨਾਲ ਦਿਨ ਵਿੱਚ ਇੱਕ ਤੋਂ ਲੈ ਕੇ ਚਾਰ–ਪੰਜ ਵਾਰੀ ਲਈ ਜਾ ਸਕਦੀ ਹੈ।

ਖੰਘ, ਜ਼ੁਕਾਮ, ਬੁਖ਼ਾਰ ਆਦਿ ਦੇ ਇਲਾਜ ਵਿੱਚ ਹਲਦੀ ਬਹੁਤ ਸਹਾਈ ਹੁੰਦੀ ਹੈ। ਜੁਆਨ ਹੋ ਰਹੇ ਮੁੰਡੇ–ਕੁੜੀਆਂ, ਜੇ ਚਿਹਰੇ ਦੇ ਕਿੱਲ–ਮੁਹਾਸਿਆਂ ਤੋਂ ਪਰੇਸ਼ਾਨ ਹੋਣ ਤਾਂ ਹਲਦੀ ਦਾ ਸੇਵਨ ਅਤੇ ਚਿਹਰੇ ਉੱਪਰ ਮਾਲਸ਼ ਬਹੁਤ ਹੀ ਫਾਇਦੇਮੰਦ ਰਹਿੰਦੀ ਹੈ।

ਹਲਦੀ ਦਾ ਪੀਲਾ ਰੰਗ ਇਸ ਵਿੱਚ ਮੌਜੂਦ ਇੱਕ ਵਿਸ਼ੇਸ਼ ਯੋਗਿਕ ਕਾਰਨ ਹੁੰਦਾ ਹੈ ਜਿਸ ਨੂੰ ਵਿਗਿਆਨਕ ਭਾਸ਼ਾ ਵਿੱਚ ਕਰਕਿਊਮਨ ਕਹਿੰਦੇ ਹਨ। ਉਂਜ ਹਲਦੀ ਵਿੱਚ ਪ੍ਰੋਟੀਨ, ਚਰਬੀ, ਰੇਸ਼ਾ, ਕਾਫ਼ੀ ਜ਼ਿਆਦਾ ਕਾਰਬੋਹਾਈਡਰੇਟ, ਵਿਟਾਮਿਨ 'ਏ', ਵਿਟਾਮਿਨ 'ਬੀ', ਕੈਲਸ਼ੀਅਮ, ਫਾਸਫੋਰਸ ਤੇ ਲੋਹੇ ਵਰਗੇ ਖਣਿਜ ਪਦਾਰਥ ਹੁੰਦੇ ਹਨ ਜੋ ਕਿ ਸਰੀਰ ਲਈ ਲਾਹੇਵੰਦ ਹੁੰਦੇ ਹਨ।

ਹਲਦੀ ਅਸਲ ਵਿੱਚ ਹਲਦੀ ਪੌਦੇ ਦੀਆਂ ਜੜ੍ਹਾਂ ਹੁੰਦੀਆਂ ਹਨ। ਇਸ ਪੌਦੇ ਦੇ ਪੱਤੇ ਵੀ ਸਬਜ਼ੀ/ਸਲਾਦ ਆਦਿ ਦੇ ਰੂਪ ਵਿੱਚ ਖਾਧੇ ਜਾ ਸਕਦੇ ਹਨ ਪਰ ਜ਼ਿਆਦਾਤਰ ਲੋਕ ਇਸ ਦੀਆਂ ਜੜ੍ਹਾਂ ਹੀ ਵਰਤਦੇ ਹਨ। ਇਸ ਪੌਦੇ ਦੀਆਂ ਜੜ੍ਹਾਂ ਹਰੀ ਜਾਂ ਕੱਚੀ ਹਲਦੀ ਦੇ ਰੂਪ ਵਿੱਚ ਅਚਾਰ ਜਾਂ ਸਬਜ਼ੀ ਬਣਾ ਕੇ ਵੀ ਖਾਧੀਆਂ ਜਾ ਸਕਦੀਆਂ ਹਨ। ਇਨ੍ਹਾਂ ਜੜ੍ਹਾਂ ਨੂੰ ਸੁਕਾ ਕੇ ਜਾਂ ਉਬਾਲਣ ਮਗਰੋਂ ਸੁਕਾ ਕੇ ਇਨ੍ਹਾਂ ਦਾ ਰੰਗ ਪੀਲਾ ਹੋ ਜਾਂਦਾ ਹੈ। ਇਸ ਹਲਦੀ ਨੂੰ ਪਿਸਾ ਕੇ ਆਮ ਵਰਤੋਂ ਵਾਲੀ ਹਲਦੀ (ਪਾਊਡਰ ਰੂਪ) ਤਿਆਰ ਕੀਤੀ ਜਾਂਦੀ ਹੈ।

ਨੱਕ ਦੀਆਂ ਹਰ ਤਰ੍ਹਾਂ ਦੀਆਂ ਬੀਮਾਰੀਆਂ, ਸਾਈਨੋਸਾਈਟਿਸ, ਪੁਰਾਣਾ ਜ਼ੁਕਾਮ ਆਦਿ ਹਲਦੀ ਪਾਊਡਰ ਲੈਣ ਨਾਲ ਠੀਕ ਹੁੰਦੇ ਹਨ। ਜਿਗਰ ਦੇ ਰੋਗਾਂ ਅਤੇ ਪੀਲੀਆ ਆਦਿ ਲਈ ਹਲਦੀ ਦੀ ਸਫ਼ਲ ਵਰਤੋਂ ਬੜੇ ਲੰਮੇ ਸਮੇਂ ਤੋਂ ਹੁੰਦੀ ਰਹੀ ਹੈ। ਪੇਸ਼ਾਬ ਸਬੰਧੀ ਰੋਗਾਂ ਵਿੱਚ ਵੀ ਹਲਦੀ ਉਪਯੋਗੀ ਰਹਿੰਦੀ ਹੈ।

ਜੇ ਕਿਸੇ ਬੀਮਾਰੀ ਲਈ ਅੰਗਰੇਜ਼ੀ ਜਾਂ ਦੇਸੀ ਦਵਾਈ ਖਾਧੀ ਜਾ ਰਹੀ ਹੋਵੇ ਤਾਂ ਵੀ ਉਸ ਬੀਮਾਰੀ ਦੇ ਇਲਾਜ ਲਈ ਹਲਦੀ ਖਾਣ ਉੱਪਰ ਰੋਕ ਨਹੀਂ ਲਾਈ ਜਾਂਦੀ ਕਿਉਂਕਿ ਹਲਦੀ ਅਜਿਹੇ ਇਲਾਜ ਉੱਪਰ ਕੋਈ ਮਾੜਾ ਪ੍ਰਭਾਵ ਨਹੀਂ ਪਾਉਂਦੀ, ਸਗੋਂ ਇਹ ਖਾਧੀ ਜਾ ਰਹੀ ਦਵਾਈ ਦਾ ਪ੍ਰਭਾਵ ਵਧਾਉਂਦੀ ਹੈ।

ਹਲਦੀ ਨੂੰ ਭਾਰਤੀ ਕੇਸਰ ਵੀ ਕਿਹਾ ਜਾਂਦਾ ਹੈ। ਗਰਮੀਆਂ ਵਿੱਚ ਰਸੋਈ ਵਿਚੋਂ ਕੀੜੇ, ਕੀੜੀਆਂ ਆਦਿ ਨੂੰ ਭਜਾਉਣ ਲਈ ਹਲਦੀ ਪਾਊਡਰ ਛਿੜਕਿਆ ਜਾ ਸਕਦਾ ਹੈ।

ਵੱਖ–ਵੱਖ ਭਾਸ਼ਾਵਾਂ ਵਿੱਚ ਇਸ ਦੇ ਵੱਖੋ–ਵੱਖ ਨਾਂ ਹੋ ਸਕਦੇ ਹਨ। ਉਦਾਹਰਨ ਵਜੋਂ ਇਸ ਨੂੰ ਪੰਜਾਬੀ ਅਤੇ ਹਿੰਦੀ ਵਿੱਚ ਹਲਦੀ; ਸੰਸਕ੍ਰਿਤ ਵਿੱਚ ਹਰਿਦਰਾ ਜਾਂ ਕਾਂਚਨੀ; ਬੰਗਲਾ ਭਾਸ਼ਾ ਵਿੱਚ ਹਲੁਦ ਅਤੇ ਹਰਿਦਰਾ; ਮਰਾਠੀ ਵਿੱਚ ਹਲਦ; ਗੁਜਰਾਤੀ ਵਿੱਚ ਹਲਦਰ; ਕੰਨੜ ਵਿੱਚ ਅਰਸੀਨ; ਤੇਲਗੂ ਵਿੱਚ ਪਾਸੁਪੂ; ਫ਼ਾਰਸੀ ਵਿੱਚ ਜਰਦਪੋਪ ਅਤੇ ਅੰਗਰੇਜ਼ੀ ਵਿੱਚ ਟਰਮਰਿਕ ਕਹਿੰਦੇ ਹਨ।

ਹਲਦੀ ਦੇ ਐਨੇ ਲਾਭ ਵੇਖਦੇ ਹੋਏ ਏਦਾਂ ਹੀ ਇਸ ਦਾ ਸੇਵਨ ਸ਼ੁਰੂ ਕਰਨਾ ਕੋਈ ਵਧੀਆ ਗੱਲ ਨਹੀਂ ਹੋਵੇਗੀ। ਯਕੀਨੀ ਬਣਾਓ ਕਿ ਜਿਹੜੀ ਹਲਦੀ ਤੁਸੀਂ ਵਰਤਣ ਜਾ ਰਹੇ ਹੋ, ਉਹ ਸ਼ੁੱਧ ਅਤੇ ਤਾਜ਼ੀ ਪਿਸੀ ਹੋਵੇ। ਚੰਗਾ ਹੋਵੇ ਜੇ ਸਾਬਤ ਹਲਦੀ ਲੈ ਕੇ ਉਸ ਨੂੰ ਘਰੇ ਪੀਸਿਆ ਜਾਵੇ ਜਾਂ ਕਿਸੇ ਵਿਸ਼ਵਾਸਪਾਤਰ ਚੱਕੀ ਵਾਲੇ ਤੋਂ ਪਿਸਵਾਇਆ ਜਾਵੇ। –0–

## ਕਾਵਿ ਕਿਆਰੀ

# ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ

**ਚਰਨ ਸਿੰਘ ਸਫਰੀ**

ਕ੍ਰਿਸ਼ਨ ਕੌਰ ਦੀ ਕੁੱਖ ਚੋਂ ਜਨਮ ਲੈ ਕੇ
ਕੀਰਤਪੁਰ ਹਰਿਕ੍ਰਿਸ਼ਨ ਅਵਤਾਰ ਆਇਆ।
ਚਾਨਣ ਗੁਰੂ ਹਰਿਰਾਇ ਦੀ ਦੀਦ ਦਾ ਉਹ
ਦੱਸਣ ਲਈ ਆਪਣਾ ਚਮਤਕਾਰ ਆਇਆ।
ਕੀਤਾ ਸਿੱਖੀ ਦਾ ਜਿਹਨੇ ਨਿਸ਼ਾਨ ਉੱਚਾ
ਇਹੁ ਜੇਹਾ ਬਾਲਕ ਹੋਣਹਾਰ ਆਇਆ।
ਪੰਜ ਸਾਲ ਅਵਸਥਾ ਸੀ ਸਤਿਗੁਰਾਂ ਦੀ
ਜਦੋਂ ਸੀਸ 'ਤੇ ਗੱਦੀ ਦਾ ਭਾਰ ਆਇਆ।

ਬਣੇ ਨਾਨਕ ਦੀ ਗੱਦੀ ਦਾ ਉਹ ਵਾਰਸ
ਰੰਗਣ ਨਾਮ ਵਾਲੀ ਜਿਸਨੂੰ ਚੜ੍ਹੀ ਹੋਵੇ।
ਦਿਲ ਵਿਚ ਸਿੱਖੀ ਪਿਆਰ ਦਾ ਹੋਏ ਜਜ਼ਬਾ
ਉਮਰ ਛੋਟੀ ਹੋਵੇ ਭਾਵੇਂ ਵੱਡੀ ਹੋਵੇ ।

ਰਾਮਰਾਏ ਦੀ ਹੋ ਗਈ ਸੀ ਰਾਏ ਉਲਟੀ
ਉਹਨੇ ਬਾਣੀ ਦਾ ਅਰਥ ਉਲਟਾ ਲਿਆ ਸੀ।
ਮੁਸਲਮਾਨ ਦੀ ਮਿੱਟੀ ਦੀ ਥਾਂ ਉਸਨੇ
ਬੇਈਮਾਨ ਦੀ ਮਿੱਟੀ ਬਣਾ ਲਿਆ ਸੀ।
ਸਾਜ਼ ਬਾਜ਼ ਹਕੂਮਤ ਦੇ ਨਾਲ ਕਰਕੇ
ਗੁਰੂ ਘਰ 'ਨਾ ਧਰੋਹ ਕਮਾ ਲਿਆ ਸੀ
ਤਾਹੀਉਂ ਗੁਰੂ ਹਰਿਰਾਏ ਨੇ ਵੱਡਾ ਛੱਡ ਕੇ
ਛੋਟੇ ਪੁੱਤਰ ਨੂੰ ਗੱਦੀ ਬਿਠਾ ਲਿਆ ਸੀ।

ਸਿੱਖ ਧਰਮ ਹੈ ਧਰਮ ਮਨੁੱਖਤਾ ਦਾ
ਇਹਨੇ ਪਾਪੀ ਦਾ ਕਦੇ ਨਹੀਂ ਪੱਖ ਕੀਤਾ।
ਬਾਲਕ ਗੁਰੂ ਨੇ "ਬਾਬਾ ਬਕਾਲੇ" ਰਹਿ ਕੇ
ਨਾਵੇਂ ਗੁਰੂ ਦਾ ਨਾਮ ਪਰਤੱਖ ਕੀਤਾ।

ਕੀਰਤਪੁਰੇ 'ਚ ਸ਼ਾਹੀ ਸੰਦੇਸ਼ ਆਇਆ
ਦਿਲ ਦਿੱਲੀ ਦਾ ਦਇਆ 'ਚ ਆਉਣਾ ਚਾਹੁੰਦੈ।
ਅੱਠਵੇਂ ਪਾਤਸ਼ਾਹ ਗੁਰੂ ਹਰਿਕ੍ਰਿਸ਼ਨ ਜੀ ਦੇ
ਦਰਸ਼ਨ ਸ਼ਾਹ ਔਰੰਗਾ ਵੀ ਪਾਉਣਾ ਚਾਹੁੰਦੈ।
ਅੱਠਵੇਂ ਪਾਤਸ਼ਾਹ ਲਿਖਕੇ ਜਵਾਬ ਦਿੱਤਾ
ਮੈਨੂੰ ਪਤਾ ਜੋ ਚਾਲਾਂ ਚਲਾਉਣਾ ਚਾਹੁੰਦੈ।
ਰਾਮ ਰਾਏ ਨੂੰ ਉਹਨੇ ਦਬਾ ਲਿਆ ਏ
ਹੁਣ ਸਾਨੂੰ ਵੀ ਪਾਪੀ ਦਬਾਉਣਾ ਚਾਹੁੰਦੈ।

ਕੋਈ ਆਖੋ ਔਰੰਗੇ ਨੂੰ ਭਲੇ ਲੋਕਾ
ਧੰਦਾ ਬੇ-ਇਨਸਾਫ਼ੀ ਦਾ ਫੱਬਣਾ ਨਹੀਂ।
ਪੰਚਮ ਪਿਤਾ ਦਾ ਜਿਹਨਾਂ ਇਤਿਹਾਸ ਪੜ੍ਹਿਆ
ਉਹਨਾਂ ਸਿੱਖਾਂ ਦਬਾਇਆ ਵੀ ਦੱਬਣਾ ਨਹੀਂ।

ਆਖੇ ਸੰਗਤਾਂ ਦੇ ਸਤਿਗੁਰ ਗਏ ਦਿੱਲੀ
ਸਭਨਾਂ ਗੁਰ ਸਿੱਖਾਂ ਦਾ ਆ ਸਤਿਕਾਰ ਕੀਤਾ।
ਦੀਦੇ ਜਿਹਨਾਂ ਦੀ ਦੀਦ ਨੂੰ ਤਰਸਦੇ ਸਨ
ਉਹਨਾਂ ਸੇਵਕਾਂ ਆ ਕੇ ਦੀਦਾਰ ਕੀਤਾ।
ਸ਼ਾਹੀ ਥੰਮ੍ਹ ਹਕੂਮਤ ਦੇ ਜੈ ਸਿੰਘ ਨੇ
ਚਰਨਾਂ ਵਿੱਚ ਆ ਕੇ ਜੈ ਜੈ ਕਾਰ ਕੀਤਾ।
ਮੱਥੇ ਨਹੀਂ ਮਲੇਸ਼ ਦੇ ਕਦੇ ਲੱਗਣਾ
ਔਰੰਗਜ਼ੇਬ ਨੂੰ ਗੁਰਾਂ ਇਨਕਾਰ ਕੀਤਾ।

'ਸਫਰੀ' ਅੱਠਵਾਂ ਗੁਰੂ ਹਰਿਕ੍ਰਿਸ਼ਨ ਭਾਵੇਂ
ਛੋਟੀ ਉਮਰ ਦੇ ਵਿੱਚ ਸਮਾ ਗਿਆ ਏ।
ਵਿਹਲ ਕਰਕੇ ਔਰੰਗੇ ਦੀ ਰਾਜਨੀਤੀ
ਮੋਢਾ ਮੁਗ਼ਲ ਸਰਕਾਰ ਦਾ ਲਾ ਗਿਆ ਏ।

-0-

# ਦਰੱਖ਼ਤ

**ਰਮੇਸ਼ ਬੱਗਾ ਚੋਹਲਾ # 9463132719**

ਆਓ ! ਆਪੋ ਆਪਣਾ ਅਸੀਂ ਫ਼ਰਜ਼ ਨਿਭਾਈਏ।
ਘੱਟੋ ਘੱਟ ਇੱਕ ਦਰਖ਼ਤ ਤਾਂ ਜ਼ਰੂਰ ਲਗਾਈਏ।
ਉੱਚੇ ਲੰਮੇ ਦਰਖ਼ਤ ਹਨ ਭਾਈਵਾਲ ਸੁੱਖਾਂ ਦੇ,
ਇਨ੍ਹਾਂ ਤੋਂ ਬਿਨ ਟੁੱਟਣੇ ਕਈ ਪਹਾੜ ਦੁੱਖਾਂ ਦੇ,
ਚਾਰ ਦਿਨਾਂ ਦੀ ਜ਼ਿੰਦਗੀ ਨਾ ਦਿਨ ਘਟਾਈਏ।
ਘੱਟੋ ਘੱਟ ਇੱਕ ਦਰਖ਼ਤ ਤਾਂ ਜ਼ਰੂਰ ਲਗਾਈਏ।
ਤਾਜ਼ੇ ਮਿੱਠੇ ਫ਼ਲ ਤੇ ਨਾਲ ਠੰਢੀਆਂ ਛਾਵਾਂ,
ਦਰਖ਼ਤਾਂ ਕੋਲੇ ਇਨ੍ਹਾਂ ਦਾ ਹੁੰਦਾ ਸਿਰਨਾਵਾਂ,
ਬਿਨ ਸਿਰਨਾਵੇਂ ਮੰਜ਼ਲੋਂ ਕਿਤੇ ਭਟਕ ਨਾ ਜਾਈਏ।
ਘੱਟੋ ਘੱਟ ਇੱਕ ਦਰਖ਼ਤ ਤਾਂ ਜ਼ਰੂਰ ਲਗਾਈਏ।
ਕੁਦਰਤ ਦਾ ਵਰਦਾਨ ਹੈ ਦਰਖ਼ਤਾਂ ਦਾ ਹੋਣਾ,
ਇਨ੍ਹਾਂ ਦੀ ਅਣਹੋਂਦ ਵਿਚ ਪੈ ਜੂ ਪਛਤਾਉਣਾ,
ਲਈਏ ਵਕਤ ਸੰਭਾਲ ਜੇ ਫਿਰ ਨਾ ਪਛਤਾਈਏ।
ਘੱਟੋ ਘੱਟ ਇੱਕ ਦਰਖ਼ਤ ਤਾਂ ਜ਼ਰੂਰ ਲਗਾਈਏ।
ਤੂਤ, ਟਾਹਲੀਆਂ, ਬੋਹੜ,ਪਿੱਪਲ,ਛਾਂਦਾਰ ਬਕੈਣਾਂ,
ਇਨ੍ਹਾਂ ਤੋਂ ਬਿੰਨਾ ਕਿਸ ਦੀ ਹੈ ਛਾਵੇਂ ਬਹਿਣਾ,
ਜੇਠ ਹਾੜ ਦੀ ਧੁੱਪ ਵਿਚ ਕਿਥੇ ਠੰਢਿਆਈਏ।
ਘੱਟੋ ਘੱਟ ਇੱਕ ਦਰਖ਼ਤ ਤਾਂ ਜ਼ਰੂਰ ਲਗਾਈਏ।
ਅੰਬ,ਅਨਾਰ,ਅਮਰੂਦ ਤੇ ਜਾਮਣ ਸ਼ਾਹ ਕਾਲੇ,
ਸੁਆਦ ਦੇ ਨਾਲ ਸਿਹਤ ਦੇ ਵੀ ਹਨ ਰੱਖਵਾਲੇ,
ਨਾ ਨੇੜੇ ਆਉਣ ਬਿਮਾਰੀਆਂ ਜੇ ਨਿਯਮਿਤ ਖਾਈਏ।
ਘੱਟੋ ਘੱਟ ਇੱਕ ਦਰਖ਼ਤ ਤਾਂ ਜ਼ਰੂਰ ਲਗਾਈਏ।
ਆਕਸੀਜਨ ਦੇ ਭਰੇ ਹੋਏ ਭੰਡਾਰ ਇਨ੍ਹਾਂ ਵਿਚ,
ਜੀਅ ਜੰਤ ਦੇ ਜਿਊਣ ਦਾ ਅਧਾਰ ਇਨ੍ਹਾਂ ਵਿਚ,
ਇਸ ਵੱਡਮੁੱਲੀ ਦਾਤ ਨੂੰ ਨਾ ਵੱਢ ਗਵਾਈਏ।
ਘੱਟੋ ਘੱਟ ਇੱਕ ਦਰਖ਼ਤ ਤਾਂ ਜ਼ਰੂਰ ਲਗਾਈਏ।
ਏ.ਸੀ, ਕੂਲਰ,ਪੱਖਿਆਂ ਦਾ ਪ੍ਰਬੰਧ ਬਨਾਉਟੀ,
ਵਿਰਸੇ ਨਾਲ ਹੈ ਇਨ੍ਹਾਂ ਦਾ ਸੰਬੰਧ ਬਨਾਉਟੀ,
ਜੋ ਵਰਤਾਰਾ ਕੁਦਰਤੀ ਉਸ ਨੂੰ ਅਪਨਾਈਏ।
ਘੱਟੋ-ਘੱਟ ਇੱਕ ਦਰਖ਼ਤ ਤਾਂ ਜ਼ਰੂਰ ਲਗਾਈਏ।
ਹਰਿਆ-ਭਰਿਆ ਵਾਤਾਵਰਣ ਸਤਵੇਂ ਗੁਰੂ ਚਾਹਿਆ,
ਕੁਦਰਤ ਨਾਲ ਕਰਕੇ ਪ੍ਰੇਮ ਸੀ ਪ੍ਰੇਮੀ ਅਖਵਾਇਆ,
ਉਨ੍ਹਾਂ ਦੇ ਉਪਦੇਸ਼ ਨੂੰ ਮਨ ਵਿਚ ਵਸਾਈਏ।
ਘੱਟੋ-ਘੱਟ ਇੱਕ ਦਰਖ਼ਤ ਤਾਂ ਜ਼ਰੂਰ ਲਗਾਈਏ।
ਰਲ-ਮਿਲ 'ਚੋਹਲੇ' ਵਾਲਿਆ ਕੋਈ ਕਰੀਏ ਚਾਰਾ,
ਦਰਖ਼ਤਾਂ ਬਾਝ 'ਰਮੇਸ਼' ਨਹੀਂ ਹੁਣ ਪਾਰ ਉਤਾਰਾ,
ਪਾਰ ਉਤਾਰਾ ਕਰਨ ਲਈ ਕੋਈ ਵਿਉਂਤ ਬਣਾਈਏ।
ਘੱਟੋ ਘੱਟ ਇੱਕ ਦਰਖ਼ਤ ਤਾਂ ਜ਼ਰੂਰ ਲਗਾਈਏ।

-0-

# ਰੁੱਖ

**ਸ਼ਿਵ ਕੁਮਾਰ ਬਟਾਲਵੀ**

ਕੁਝ ਰੁੱਖ ਮੈਨੂੰ ਪੁੱਤ ਲਗਦੇ ਨੇ
ਕੁਝ ਰੁੱਖ ਲਗਦੇ ਮਾਵਾਂ
ਕੁਝ ਰੁੱਖ ਨੂੰਹਾਂ ਧੀਆਂ ਲੱਗਦੇ
ਕੁਝ ਰੁੱਖ ਵਾਂਗ ਭਰਾਵਾਂ
ਕੁਝ ਰੁੱਖ ਮੇਰੇ ਬਾਬੇ ਵਾਕਣ
ਪੱਤਰ ਟਾਵਾਂ ਟਾਵਾਂ
ਕੁਝ ਰੁੱਖ ਮੇਰੀ ਦਾਦੀ ਵਰਗੇ
ਚੂਰੀ ਪਾਵਣ ਕਾਵਾਂ
ਕੁਝ ਰੁੱਖ ਯਾਰਾਂ ਵਰਗੇ ਲਗਦੇ
ਚੁੰਮਾਂ ਤੇ ਗਲ ਲਾਵਾਂ
ਇਕ ਮੇਰੀ ਮਹਿਬੂਬਾ ਵਾਕਣ
ਮਿੱਠਾ ਅਤੇ ਦੁਖਾਵਾਂ
ਕੁਝ ਰੁੱਖ ਮੇਰਾ ਦਿਲ ਕਰਦਾ ਏ
ਮੋਢੇ ਚੁੱਕ ਖਿਡਾਵਾਂ
ਕੁਝ ਰੁੱਖ ਮੇਰਾ ਦਿਲ ਕਰਦਾ ਏ
ਚੁੰਮਾਂ ਤੇ ਮਰ ਜਾਵਾਂ
ਕੁਝ ਰੁੱਖ ਜਦ ਵੀ ਰਲ ਕੇ ਝੂਮਣ
ਤੇਜ਼ ਵਗਣ ਜਦ ਵਾਵਾਂ
ਸਾਵੀ ਬੋਲੀ ਸਭ ਰੁੱਖਾਂ ਦੀ
ਦਿਲ ਕਰਦਾ ਲਿਖ ਜਾਵਾਂ
ਮੇਰਾ ਵੀ ਇਹ ਦਿਲ ਕਰਦਾ ਏ
ਰੁੱਖ ਦੀ ਜੂਨੇ ਆਵਾਂ
ਜੇ ਤੁਸਾਂ ਮੇਰਾ ਗੀਤ ਹੈ ਸੁਣਨਾ
ਮੈਂ ਰੁੱਖਾਂ ਵਿਚ ਗਾਵਾਂ
ਰੁੱਖ ਤਾਂ ਮੇਰੀ ਮਾਂ ਵਰਗੇ ਨੇ
ਜਿਉਂ ਰੁੱਖਾਂ ਦੀਆਂ ਛਾਵਾਂ ।

-0-

# ਪੰਜਾਬ ਦੇ ਰੁੱਖ

ਧੰਨਾ ਸਿੰਘ ਧਾਲੀਵਾਲ

ਲਸੂੜਾ ਪਿੱਪਲ ਤੂਤ ਨਾ ਛੱਡਿਆ ਲੱਕੜਹਾਰੇ ਨੇ।
ਪਿਲਕਣ ਸਿੰਬਲ ਹਿੰਜਣ ਵੱਡਿਆ ਤਿੱਖੇ ਆਰੇ ਨੇ।
ਕੰਡਿਆ ਕਰਕੇ ਰੁੱਖ ਗੇਰਤਾ ਤੂੰ ਓਏ ਬੇਰੀ ਦਾ।
ਰੱਖਿਆ ਨਾ ਖ਼ਿਆਲ ਮਨੁੱਖਾ ਵਾਟ ਲੰਬੇਰੀ ਦਾ।
ਭਰੇਂਗਾ ਤੂੰ ਹਰਜਾਨਾ ਇੱਕ ਦਿਨ ਗ਼ਲਤੀ ਤੇਰੀ ਦਾ।

ਯਾਦ ਕਰੇਂਗਾ ਇਮਲੀ ਮਹਿੰਦੀ ਜੰਡ ਕਰੀਰਾਂ ਨੂੰ।
ਜਦ ਆਕਸੀਜਨ ਨਾ ਮਿਲੀ ਇਹਨਾਂ ਸੋਹਲ ਸਰੀਰਾਂ ਨੂੰ।
ਟੁੱਟ ਜਾਊ ਘਮੰਡ'ਤੇਰਾ ਕੁਦਰਤ ਦੇ ਵੈਰੀ ਦਾ।
ਰੱਖਿਆ ਨਾ ਖ਼ਿਆਲ ਮਨੁੱਖਾ ਵਾਟ ਲੰਬੇਰੀ ਦਾ।
ਭਰੇਂਗਾ ਤੂੰ ਹਰਜਾਨਾ ਇੱਕ ਦਿਨ ਗ਼ਲਤੀ ਤੇਰੀ ਦਾ।

ਰੀਠਾ ਢੇਉ ਹਰੜ ਰਹੂੜਾ ਦੁਸ਼ਮਣ ਰੁੱਖਾਂ ਦਾ।
ਅਪਣੇ ਹੱਥੀਂ ਘਾਣ ਤੂੰ ਕਰ ਲਿਆ ਅਪਣੇ ਸੁੱਖਾਂ ਦਾ।
ਪਾਣੀ ਬਿਨ ਅੰਬ ਆਉਲਾ ਸੁੱਕ ਜੂ ਲਾਇਆ ਸ਼ਹਿਰੀ ਦਾ।
ਰੱਖਿਆ ਨਾ ਖ਼ਿਆਲ ਮਨੁੱਖਾ ਵਾਟ ਲੰਬੇਰੀ ਦਾ।
ਭਰੇਂਗਾ ਤੂੰ ਹਰਜਾਨਾ ਇੱਕ ਦਿਨ ਗ਼ਲਤੀ ਤੇਰੀ ਦਾ।

ਜਾਮਣ ਅਰਜਨ ਬਿੱਲ ਵੀ ਤੈਨੂੰ ਚੇਤੇ ਆਵਣਗੇ।
ਚੜ੍ਹ ਚੜ੍ਹ ਕੇ ਜਦ ਅੰਧੀ ਝੱਖੜ ਰੇਤੇ ਆਵਣਗੇ।
ਭੁਗਤੇਂਗਾ ਤੂੰ ਡੰਡ ਰੁੱਖਾਂ ਨਾਲ਼ ਹੇਰਾਫੇਰੀ ਦਾ।
ਰੱਖਿਆ ਨਾ ਖ਼ਿਆਲ ਮਨੁੱਖਾ ਵਾਟ ਲੰਬੇਰੀ ਦਾ।
ਭਰੇਂਗਾ ਤੂੰ ਹਰਜਾਨਾ ਇੱਕ ਦਿਨ ਗ਼ਲਤੀ ਤੇਰੀ ਦਾ।

ਕਿੱਕਰ ਬੋਹੜ ਨਿੰਮ ਸੁਹਾਜਣਾਂ ਲਾਈ ਟਾਹਲੀ ਨਾ।
ਢੱਕ ਕਰੌਂਦਾ ਫਰਮਾਂਹ ਦਾ ਤੂੰ ਬਣਿਆ ਮਾਲੀ ਨਾ।
ਝੋਨਾ ਪਾਣੀ ਖ਼ਾਜੂ ਰਹਿਣਾ ਡਰ ਹਨੇਰੀ ਦਾ।
ਰੱਖਿਆ ਨਾ ਖ਼ਿਆਲ ਮਨੁੱਖਾ ਵਾਟ ਲੰਬੇਰੀ ਦਾ।
ਭਰੇਂਗਾ ਤੂੰ ਹਰਜਾਨਾ ਇੱਕ ਦਿਨ ਗਲਤੀ ਤੇਰੀ ਦਾ।

ਧੰਨਿਆਂ ਧਾਲੀਵਾਲਾ ਕਿਉਂ ਨਾ ਉਸ ਤੋਂ ਡਰਦਾ ਓਏ।
ਪੰਜ ਤੱਤਾਂ ਦਾ ਪੁਤਲਾ ਤੂੰ ਮਿੱਟੀ ਦੀ ਢੇਰੀ ਦਾ।
ਰੱਖਿਆ ਨਾ ਖ਼ਿਆਲ ਮਨੁੱਖਾ ਵਾਟ ਲੰਬੇਰੀ ਦਾ।
ਭਰੇਂਗਾ ਤੂੰ ਹਰਜਾਨਾ ਇੱਕ ਦਿਨ ਗਲਤੀ ਤੇਰੀ ਦਾ

-0-

---

# ਹੁਣ ਨਾ ਜੁੜਦੀ ਸੱਥ ਪੰਜਾਬੀ

ਡਾ. ਅਮਨਪ੍ਰੀਤ ਸਿੰਘ

ਹੁਣ ਨਾ ਜੁੜਦੀ ਸੱਥ ਪੰਜਾਬੀ
ਕੌੜਾ ਹੋ ਗਿਆ ਸੱਚ ਪੰਜਾਬੀ।
ਆਪਣਿਆਂ ਤੇ ਸ਼ੱਕ ਕਰਦੇ
ਝੂਠਾ ਹੋ ਗਿਆ ਰੱਤ ਪੰਜਾਬੀ।
ਮਨ ਈਰਖਾ ਦੇ ਭਾਂਬੜ ਬਣਗੇ
ਬਦਲਿਆ ਦੋਸਤ ਝੱਟ ਪੰਜਾਬੀ।
ਵਪਾਰ ਹੋ ਗਿਆ ਹਰ ਰਿਸ਼ਤਾ
ਲਾਭ ਰਿਹਾ ਖੱਟ ਪੰਜਾਬੀ।
ਬੱਚੇ ਕਾਨਵੇਂਟ 'ਚ ਪੜ੍ਹਾਉਂਦਾ
ਅੰਗਰੇਜ਼ੀ ਤੋਂ ਦੂਰ, ਰੱਖ ਪੰਜਾਬੀ।
ਇੱਕ ਦੂਜੇ ਦੀ ਗੱਲ ਨੂੰ ਕੱਟਦਾ
ਡੋਬ ਕੇ ਆਪਣੇ ਯਾਰ ਪੰਜਾਬੀ।
ਦਿਨ ਤਿਉਹਾਰ ਖ਼ਸਮਾਂ ਨੂੰ ਖਾਵੇ
ਕੁਰਾਹੇ ਪੈ ਗਿਆ ਆਚਾਰ ਪੰਜਾਬੀ।
ਵੇਚ ਮੁਰੱਬੇ ਜ਼ਮੀਨ ਬਾਪ ਦੀ
ਚੜ੍ਹ ਗਿਆ ਜਹਾਜ਼ ਲਾਚਾਰ ਪੰਜਾਬੀ।
ਲਾ ਕੇ ਟੀਕੇ ਓਵਰ ਡੋਜ
ਤੁਰ ਗਿਆ ਇੱਥੋਂ ਜਵਾਨ ਪੰਜਾਬੀ।
ਨਲੂਆ ਸਰਦਾਰ ਕੌਣ ਸੀ ਅਣਖੀ
ਕਦੇ ਹੁੰਦੀ ਸੀ ਸ਼ਾਨ ਪੰਜਾਬੀ।
ਈਨ ਮਨਾਉਂਦੇ ਸੱਚ ਲਈ ਜਿਉਂਦੇ
ਵਿੱਕ ਝੁੱਕ ਗਿਆ ਮਾਣ ਪੰਜਾਬੀ।
ਰੂਹਾਂ ਵੰਡੀਆਂ ਦਿਲ ਵੀ ਵੰਡੇ
ਰੁਲ਼ ਗਿਆ ਵਿੱਚ ਤੂਫਾਨ ਪੰਜਾਬੀ।
ਤੁਰ ਗਿਆ ਸੱਚ ਸਰਕਾਰਾਂ ਬਾਝੋਂ
ਉੱਠ ਨਾ ਸਕਿਆ ਮਾਣ ਪੰਜਾਬੀ।
ਭੁੱਲ ਗਈਆਂ ਰੀਤਾਂ ਤੇ ਰਸਮਾਂ
ਬਦਲ ਗਈ ਏ ਪਛਾਣ ਪੰਜਾਬੀ।
ਕੌਮ ਜਦੋ ਵਿਰਸੇ ਤੋਂ ਟੁੱਟਜੇ
ਕੌਣ ਕਰੂ ਸਨਮਾਨ ਪੰਜਾਬੀ।
ਲਿਖੀਆਂ ਕਵਿਤਾਵਾਂ ਗੀਤ ਤੇ ਗ਼ਜ਼ਲਾਂ
ਕਿਤਾਬੀ ਰਹਿ ਗਿਆ ਗਿਆਨ ਪੰਜਾਬੀ।

-0-

---

# ਮਰਿਆਦਾ ਲਾਗੂ ਕਰੀਏ!

ਗੁਰਸ਼ਰਨ ਸਿੰਘ

ਛੱਡ ਕੰਪਿਊਟਰ ਹਿਸਾਬਾਂ ਦੇ ਲਈ ਵਹੀ ਖਾਤੇ ਨਾਲ ਕੰਮ ਚਲਾਈਏ
ਪੈਂਟਾਂ, ਕੋਟਾਂ ਦੀਆਂ ਕਰ ਕੇ ਲੀਰਾਂ ਚਾਦਰਾ ਧੋਤੀਆਂ ਹੀ ਤਨ ਤੇ ਪਾਈਏ
ਗੈਸ ਚੁੱਲ੍ਹੇ ਤੇ ਭੱਠੀਆਂ ਆਧੁਨਿਕ,ਆਉ ਲੱਕੜਾਂ ਬਾਲਣ ਹੀ ਮਚਾਈਏ
ਬੱਤੀਆਂ ਬਾਲਿਆਂ ਬੇਅਦਬੀ ਭਾਰੀ ਆਉ ਮਸ਼ਾਲਾਂ ਦੀਵੇ ਤੇਲ ਜਲਾਈਏ
ਆਓ ਮਰਿਆਦਾ ਲਾਗੂ ਕਰਾਈਏ

ਲਾਊਡ ਸਪੀਕਰਾਂ ਤੋਂ ਕੀ ਹੈ ਲੈਣਾ, ਬਿਨਾਂ ਮਾਈਕ ਤੋਂ ਪਾਠ ਕਰਾਈਏ
ਬਾਥਰੂਮ ਵਾਸਰੂਮ ਘਾਣ ਮਰਿਆਦਾ, ਜੰਗਲ ਪਾਣੀ ਫਿਰ ਕੇ ਆਈਏ
ਪੱਥਰ ਪੁੱਟੀਏ, ਫੇਰੋ ਗੋਬਰ,ਦੇਸ਼ ਵਿਦੇਸ਼ੀਂ ਇਹਵੀ ਇਕ ਦੌਰ ਚਲਾਈਏ
ਹੀਟਰ, ਏ.ਸੀ, ਪੰਥ ਵਿਰੋਧੀ, ਹੱਥੀਂ ਬੁਣ ਕੇ ਪੱਖੀਆਂ ਸੰਗਤ ਨੂੰ ਫੜਾਈਏ
ਆਓ ਮਰਿਆਦਾ ਲਾਗੂ ਕਰਾਈਏ

ਕੁਰਸੀਆਂ ਸੋਫੇ ਤਾਂ ਹੈ ਬੇਅਦਬੀ ਟੋਏ ਪੁੱਟ ਜ਼ਮੀਨੀ ਵੜੀਏ
ਚਿਮਚੇ, ਥਾਲ, ਗਿਲਾਸ ਬਾਹਰ ਸੁੱਟ, ਹੱਥਾਂ ਤੇ ਪ੍ਰਸਾਦੇ ਧਰੀਏ
ਗੱਡੀਆਂ, ਮੋਟਰਾਂ ਵਾਪਸ ਕਰਕੇ ਘੋੜੇ ਖੱਚਰਾਂ ਜਾ ਉੱਤੇ ਚੜੀਏ
ਡਾਲਰ, ਪੌਂਡਾਂ, ਰੁਪਈਏ ਛੱਡ ਕੇ, ਦਮੜਿਆਂ ਵਿਚ ਸੌਦਾ ਕਰੀਏ
ਆਓ ਮਰਿਆਦਾ ਲਾਗੂ ਕਰੀਏ

ਬਾਣੀ ਬਾਬੇ ਦੀ ਹੀ ਬਸ ਨਿੱਤ ਨਵੀਂ, ਉਸ ਦੀ ਸਿੱਖਿਆ ਅਮਲ ਤੋਂ ਪਾਸੇ
ਮਨਮਤੀਆਂ ਪੂਜਣ ਲਾਏ ਜੁੱਤੀਆਂ, ਖੁੰਡੀਆਂ, ਗੰਗਾ ਸਾਗਰ ਤਾਂਬੇ ਕਾਸੇ
ਜਹਾਜ਼ ਵਿਦੇਸ਼ੀਂ ਉੱਡਣ ਲੱਗੇ ਕਿਰਪਾਨਾਂ ਲਾਹ ਜੋਂ ਟੈਚੀਆ ਵਿਚ ਪਾਉਂਦੇ
ਮਰਿਆਦਾ ਪੁਰਾਣੀ,ਮਾਰ ਕੇ ਹੋਕਾ,ਸਹੂਲਤ ਨਵੇਂ ਜ਼ਮਾਨੇ ਦੀ ਜੋ ਹੰਢਾਉਂਦੇ

ਨੋਟ - ਕੋਈ ਵੀ ਮਰਿਆਦਾ ਤੇ ਸਾਧਨ ਸਮੇਂ ਦੀ ਲੋੜ ਹਾਲਾਤਾਂ ਵਿੱਚੋ ਨਿਕਲਦੇ ਹਨ ਤੇ ਬਨਦੇ ਭੱਜਦੇ ਰਹਿੰਦੇ ਹਨ। ਗੁਰਬਾਣੀ ਹੀ ਸਦੀਵੀ ਸੱਚ ਹੈ ਪਰ ਅਫਸੋਸ ਬਾਣੀ ਸਮਝਣ ਸਮਝਾਉਣ ਦੀ ਥਾਂ ਹੋਰ ਪਾਸੇ ਲਾਇਆ ਭੜਕਾਇਆ ਜਾਂਦਾ ਹੈ।

# ਆਨੰਦ ਕਾਰਜ ਦਾ ਬਦਲਦਾ ਰੂਪ

**ਕਰਮਜੀਤ ਕੌਰ ਸੂਰੇਵਾਲੀਆ 94174-53400**

ਕਿਸੇ ਸਮੇਂ ਸਿੱਖ ਧਰਮ ਵਿੱਚ ਵਿਆਹ ਦੀ ਮੁੱਖ ਮਰਿਯਾਦਾ 'ਆਨੰਦ ਕਾਰਜ' ਸੀ। ਵਿਆਹ ਦਾ ਮਤਲਬ ਹੀ ਆਨੰਦ ਕਾਰਜ ਹੁੰਦਾ ਸੀ। ਜੇਕਰ ਕੋਈ ਕੋਰਟ ਮੈਰਿਜ ਕਰਵਾਉਂਦਾ ਤਾਂ ਉਸ ਨੂੰ ਕਾਗਜ਼ੀ ਵਿਆਹ ਕਿਹਾ ਜਾਂਦਾ। ਆਨੰਦ ਕਾਰਜ ਦੀ ਰਸਮ ਸ਼ਰੀਕੇ-ਰਿਸ਼ਤੇਦਾਰਾਂ, ਬਰਾਤੀਆਂ, ਪਿੰਡ ਦੀ ਪੰਚਾਇਤ ਭਾਵ ਸਮਾਜ ਦੀ ਕਚਹਿਰੀ ਵਿੱਚ ਅਦਾ ਹੁੰਦੀ ਸੀ। ਇਸ ਤਰ੍ਹਾਂ ਵਿਆਹ ਨੂੰ ਸਮਾਜ ਦੀ ਪ੍ਰਵਾਨਗੀ ਮਿਲ ਜਾਂਦੀ ਹੈ। ਕਿਸੇ ਵੱਖਰੇ ਸਰਟੀਫਿਕੇਟ ਦੀ ਕੋਈ ਜ਼ਰੂਰਤ ਨਹੀਂ ਸੀ। ਅਸਲੀ ਵਿਆਹ ਆਨੰਦ ਕਾਰਜ ਨੂੰ ਮੰਨਿਆ ਜਾਂਦਾ, ਕੋਰਟ ਮੈਰਿਜ ਨੂੰ ਨਹੀਂ। ਅੱਜ ਮੈਰਿਜ ਸਰਟੀਫਿਕੇਟ ਦਾ ਹੋਣਾ ਜ਼ਰੂਰੀ ਹੈ, ਭਾਵੇਂ ਨਕਲੀ ਹੀ ਕਿਉਂ ਨਾ ਹੋਵੇ। ਅੱਜ ਨੌਜਵਾਨਾਂ ਵਿੱਚ ਵਿਦੇਸ਼ ਜਾਣ ਲਈ ਲੱਗੀ ਹੋੜ ਨੇ ਵੀ ਇਸ ਰਸਮ ਦਾ ਮਹੱਤਵ ਘਟਾ ਦਿੱਤਾ ਹੈ।

ਅੱਜ ਵਿਆਹ ਦਾ ਮਤਲਬ ਸਿਰਫ਼ ਨੱਚਣਾ, ਟੱਪਣਾ, ਖਾਣਾ-ਪੀਣਾ ਹੀ ਰਹਿ ਗਿਆ ਹੈ। ਅੱਜ ਦੇ ਵਿਆਹ ਨੂੰ ਵਿਆਹ ਨਹੀਂ ਪਾਰਟੀ ਕਹਿਣਾ ਜ਼ਿਆਦਾ ਠੀਕ ਹੈ, ਕਿਉਂਕਿ ਜੋ ਲੋਕ ਵਿਆਹ ਵਿੱਚ ਆਉਂਦੇ ਹਨ, ਉਹ ਵਿਆਹ ਦੀਆਂ ਰਸਮਾਂ ਵਿੱਚ ਸ਼ਾਮਲ ਹੋਣ ਦੀ ਬਜਾਏ ਖਾ-ਪੀ ਕੇ, ਨੱਚ-ਟੱਪ ਕੇ ਭਾਵ ਪਾਰਟੀ ਦਾ ਆਨੰਦ ਮਾਣ ਕੇ ਘਰ ਚਲੇ ਜਾਂਦੇ ਹਨ।

ਅੱਜ ਤੋਂ ਕੋਈ ਪੰਜ ਕੁ ਦਹਾਕੇ ਪਹਿਲਾਂ ਬਰਾਤਾਂ ਦੋ-ਤਿੰਨ ਰਾਤਾਂ ਰੁਕਦੀਆਂ ਸਨ, ਜਿਸ ਕਰਕੇ ਵਿਆਹ ਦੀਆਂ ਰਸਮਾਂ ਸੰਪੂਰਨ ਕਰਨ ਵਿੱਚ ਕੋਈ ਕਾਹਲੀ ਨਹੀਂ ਕੀਤੀ ਜਾਂਦੀ ਸੀ। ਸਭ ਕੁਝ ਬੜੇ ਠਰ੍ਹੰਮੇ ਨਾਲ ਕੀਤਾ ਜਾਂਦਾ। ਫਿਰ ਸਮਾਂ ਆਇਆ ਕਿ ਬਰਾਤਾਂ ਇੱਕ ਰਾਤ ਰੁਕਦੀਆਂ, ਤਦ ਵੀ ਆਨੰਦ ਕਾਰਜ ਤਾਰਿਆਂ ਦੀ ਛਾਵੇਂ ਭਾਵ ਸੂਰਜ ਚੜ੍ਹਨ ਤੋਂ ਪਹਿਲਾਂ ਕੀਤੇ ਜਾਂਦੇ ਸਨ। ਫਿਰ ਸਮਾਂ ਆਇਆ ਕਿ ਇੱਕ ਦਿਨ ਵਿੱਚ ਵਿਆਹ ਦੀਆਂ ਸਾਰੀਆਂ ਰਸਮਾਂ ਸੰਪੂਰਨ ਕੀਤੀਆਂ ਜਾਣ ਲੱਗੀਆਂ। ਤਦ ਵੀ ਇਹ ਕੋਸ਼ਿਸ਼ ਕੀਤੀ ਜਾਂਦੀ ਸੀ ਕਿ ਆਨੰਦ ਕਾਰਜ 12 ਵਜੇ ਤੋਂ ਪਹਿਲਾਂ-ਪਹਿਲਾਂ ਕੀਤੇ ਜਾਣ।

ਪਹਿਲਾਂ ਅੱਜ ਵਾਂਗ ਵਿਆਹਾਂ ਦੇ ਕਾਰਡ ਨਹੀਂ ਛਪਵਾਏ ਜਾਂਦੇ ਸਨ। ਰਿਸ਼ਤੇਦਾਰੀਆਂ ਵਿੱਚ ਆਪ ਜਾ ਕੇ ਜਾਂ ਲਾਗੀ ਹੱਥ ਗੰਢਾਂ ਭੇਜੀਆਂ ਜਾਂਦੀਆਂ ਸਨ ਅਤੇ ਸ਼ਰੀਕੇ ਕਬੀਲੇ, ਪਿੰਡ ਵਿੱਚ ਗੁਰਦੁਆਰਾ ਸਾਹਿਬ ਵਿਖੇ ਹੋਕਾ ਦੁਆ ਕੇ, ਆਪ ਜਾ ਕੇ ਜਾਂ ਲਾਗੀ ਹੱਥ ਸੱਦਾ ਦਿੱਤਾ ਜਾਂਦਾ ਸੀ ਕਿ ਭਾਈ ਫਲਾਣਾ ਸਿੰਘ ਦੀ ਲੜਕੀ ਦੇ ਆਨੰਦ ਕਾਰਜ 'ਤੇ ਜ਼ਰੂਰ ਪਹੁੰਚਣਾ। ਪਿੰਡ ਦੇ ਹਰ ਘਰ ਦਾ ਜੀਅ ਆਨੰਦ ਕਾਰਜਾਂ 'ਤੇ ਪਹੁੰਚਦਾ ਵੀ ਜ਼ਰੂਰ ਹੁੰਦਾ ਸੀ।

ਮਾਵਾਂ ਨੇ ਵੀ ਧੀਆਂ ਨੂੰ ਨਾਲ ਲੈ ਕੇ ਜਾਣਾ ਤਾਂ ਕਿ ਧੀ ਨੂੰ ਪਤਾ ਲੱਗ ਜਾਵੇ ਕਿ ਲਾਵਾਂ ਦੇ ਸਮੇਂ ਭਾਵ ਆਨੰਦ ਕਾਰਜ ਸਮੇਂ ਕਿਵੇਂ ਬੈਠਣਾ ਹੈ? ਵਿਆਹ ਵਿੱਚ ਸਭ ਤੋਂ ਵੱਧ ਇਕੱਠ ਆਨੰਦ ਕਾਰਜ ਸਮੇਂ ਹੀ ਹੁੰਦਾ ਸੀ। ਘਰ ਦੇ ਵਿਹੜੇ ਵਿਚ ਪੱਟੀਆਂ ਉੱਪਰ ਦਰੀਆਂ ਵਿਛਾ ਕੇ ਪੰਡਾਲ ਤਿਆਰ ਕੀਤਾ ਜਾਂਦਾ। ਉੱਪਰ ਚਾਨਣੀ ਬੰਨ੍ਹੀ ਜਾਂਦੀ। ਕੁੜੀ ਦੇ ਪਰਿਵਾਰ ਵਾਲੇ, ਪਿੰਡ ਵਾਲੇ, ਬਰਾਤੀ, ਸਭ ਰਿਸ਼ਤੇਦਾਰ ਮੱਥਾ ਟੇਕ ਕੇ ਬੈਠੀ ਜਾਂਦੇ। ਅੰਤ ਵਿੱਚ ਕੁੜੀ ਨੂੰ ਲਿਆ ਕੇ ਬਿਠਾਇਆ ਜਾਂਦਾ ਤੇ ਆਨੰਦ ਕਾਰਜ ਹੁੰਦੇ। ਸ੍ਰੀ ਗੁਰੂ ਗ੍ਰੰਥ ਸਾਹਿਬ ਦੁਆਲੇ ਪਰਿਕਰਮਾ ਕਰਨ ਦਾ ਰਿਵਾਜ ਕੁਝ ਦਹਾਕੇ ਪਹਿਲਾਂ ਹੀ ਪ੍ਰਚੱਲਿਤ ਹੋਇਆ। ਕੁਝ ਸਮਾਂ ਪਹਿਲਾਂ ਆਨੰਦ ਕਾਰਜ ਸਮੇਂ ਸਿਹਰਾ ਅਤੇ ਸਿੱਖਿਆ ਵੀ ਬੋਲੀ ਜਾਂਦੀ ਸੀ।



ਅਰਦਾਸ ਦੀ ਸਮਾਪਤੀ ਪਿੱਛੋਂ ਬਰਾਤੀਆਂ ਵਿੱਚੋਂ ਕੋਈ ਸਿਹਰਾ ਪੜ੍ਹਦਾ ਅਤੇ ਲੜਕੀ ਪਰਿਵਾਰ ਵੱਲੋਂ ਸਿੱਖਿਆ ਬੋਲੀ ਜਾਂਦੀ। ਵੱਡਿਆਂ ਨੂੰ ਵਧਾਈਆਂ ਵੀ ਦਿੱਤੀਆਂ ਜਾਂਦੀਆਂ। ਦੇਗ ਛਕਣ ਤੋਂ ਪਿੱਛੋਂ-ਪਹਿਲਾਂ ਬਰਾਤੀ ਅਤੇ ਪਿੱਛੋਂ ਲੜਕੀ ਵਾਲੇ ਪਾਸਿਓਂ ਆਨੰਦ ਕਾਰਜ 'ਤੇ ਪਹੁੰਚੇ ਸਾਰੇ ਲੋਕ ਲੜਕੇ-ਲੜਕੀ ਨੂੰ ਸ਼ਗਨ ਦਿੰਦੇ। ਪਿੰਡ ਦੇ ਲੋਕ ਲੜਕੀ ਵਾਲੇ ਘਰੋਂ ਚਾਹ ਵੀ ਨਹੀਂ ਪੀਂਦੇ ਸਨ। ਸ਼ਗਨ ਦੇ ਕੇ ਸਭ ਆਪੋ-ਆਪਣੇ ਘਰਾਂ ਨੂੰ ਚਲੇ ਜਾਂਦੇ। ਇਸ ਤਰ੍ਹਾਂ ਵਿਆਹ ਦੀ ਇਹ ਮਹੱਤਵਪੂਰਨ ਰਸਮ ਸਮਾਜ ਦੀ ਕਚਹਿਰੀ ਵਿੱਚ ਅਦਾ ਹੁੰਦੀ ਸੀ। ਸਮਾਜ ਵੱਲੋਂ ਪੱਕਾ ਸਰਟੀਫਿਕੇਟ ਮਿਲ ਜਾਂਦਾ, ਹੋਰ ਕਿਸੇ ਸਰਟੀਫਿਕੇਟ ਦੀ ਜ਼ਰੂਰਤ ਨਹੀਂ ਸੀ।

ਪਹਿਲਾਂ ਜੋ ਸਮਾਂ ਆਨੰਦ ਕਾਰਜ ਨੂੰ ਦਿੱਤਾ ਜਾਂਦਾ ਸੀ, ਅੱਜ ਉਹ ਡੀ.ਜੇ. ਆਰਕੈਸਟਰਾ ਨੂੰ ਦਿੱਤਾ ਜਾਂਦਾ ਹੈ। ਵਿਆਹ ਦਾ ਸਾਰਾ ਜ਼ੋਰ ਇੱਥੇ ਹੀ ਲਾਇਆ ਜਾਂਦਾ ਹੈ ਤਾਂ ਕਿ ਕੋਈ ਕਮੀ ਨਾ ਰਹਿ ਜਾਵੇ। ਆਨੰਦ ਕਾਰਜ ਦੀ ਸਿਰਫ਼ ਖਾਨਾਪੂਰਤੀ ਹੀ ਕੀਤੀ ਜਾਂਦੀ ਹੈ। ਬਰਾਤਾਂ ਲੇਟ ਪਹੁੰਚਦੀਆਂ ਹਨ। ਕਈ ਵਾਰ ਕਿਸੇ ਗੁਰਦੁਆਰਾ ਸਾਹਿਬ ਵਿਖੇ ਕਈ-ਕਈ ਆਨੰਦ ਕਾਰਜ ਹੁੰਦੇ ਹਨ। ਫਿਰ ਪਾਠੀ ਸਿੰਘ ਨੂੰ ਜਲਦੀ-ਜਲਦੀ ਆਨੰਦ ਕਾਰਜ ਦੀ ਸਮਾਪਤੀ ਕਰਨ ਲਈ ਕਿਹਾ ਜਾਂਦਾ ਹੈ ਕਿ ਪੈਲੇਸ ਵਿੱਚ ਲੋਕ ਉਡੀਕ ਰਹੇ ਹਨ। ਆਨੰਦ ਕਾਰਜ ਪੈਲੇਸ ਦੇ ਨੇੜੇ ਗੁਰਦੁਆਰਾ ਸਾਹਿਬ ਵਿਖੇ ਕੀਤੇ ਜਾਂਦੇ ਹਨ।

ਪੈਲੇਸ ਵਿੱਚ ਰਹਿ ਕੇ ਖਾਂਦੇ-ਪੀਂਦੇ ਹਾਂ ਅਤੇ ਰੌਣਕ ਵੇਖਦੇ ਹਾਂ। ਦੂਰ-ਨੇੜੇ ਦੇ ਲੋਕ ਤਾਂ ਪਹੁੰਚਦੇ ਹੀ ਆਨੰਦ ਕਾਰਜ ਤੋਂ ਪਿੱਛੋਂ ਹਨ। ਆਨੰਦ ਕਾਰਜ ਕਰਨ ਲਈ ਸਿਰਫ਼ ਲੜਕੇ-ਲੜਕੀ ਦੇ ਪਰਿਵਾਰਕ ਮੈਂਬਰ ਹੀ ਜਾਂਦੇ ਹਨ। ਇਸ ਤਰ੍ਹਾਂ ਅੱਜ-ਕੱਲ੍ਹ ਵਿਆਹ ਸਿਰਫ਼ ਕੁਝ ਪਰਿਵਾਰਕ ਮੈਂਬਰਾਂ ਦੀ ਹਾਜ਼ਰੀ ਵਿੱਚ ਹੀ ਹੁੰਦਾ ਹੈ ਜਦਕਿ ਸਮਾਜ/ਰਿਸ਼ਤੇਦਾਰਾਂ ਦੀ ਹਾਜ਼ਰੀ ਵਿੱਚ ਨਹੀਂ ਹੁੰਦਾ। ਪੈਲੇਸ ਕਲਚਰ ਨੇ ਵਿਆਹ ਦੀ ਇਸ ਮੁੱਖ ਰਸਮ ਨੂੰ ਨਿਗਲ ਲਿਆ ਹੈ।


ਹਿੰਦੂ ਧਰਮ ਵਿੱਚ ਵੀ ਫੇਰਿਆਂ ਦੀ ਰਸਮ ਦਾ ਮਹੱਤਵ ਬਹੁਤ ਘੱਟ ਗਿਆ ਹੈ। ਵਿਆਹ ਭਾਵੇਂ ਦਿਨ ਦਾ ਹੋਵੇ ਜਾਂ ਰਾਤ ਦਾ, ਫੇਰਿਆਂ ਦੀ ਰਸਮ ਤਕ ਸਭ ਲੋਕ ਖਾ-ਪੀ ਕੇ ਨੱਚ-ਟੱਪ ਕੇ ਘਰੋ-ਘਰੀ ਚਲੇ ਜਾਂਦੇ ਹਨ। ਆਨੰਦ ਕਾਰਜ ਵਾਂਗ ਫੇਰਿਆਂ ਦੇ ਸਮੇਂ ਸਿਰਫ਼ ਪਰਿਵਾਰਕ ਮੈਂਬਰ ਜਾਂ ਕੁਝ ਨੇੜਲੇ ਰਿਸ਼ਤੇਦਾਰ ਹੀ ਰਹਿ ਜਾਂਦੇ ਹਨ। ਅਨੰਦ ਕਾਰਜ ਦੀ ਮਰਿਯਾਦਾ ਨੂੰ ਫੋਟੋ, ਵੀਡੀਓਗ੍ਰਾਫੀ ਨੇ ਵੱਡੀ ਢਾਅ ਲਾਈ ਹੈ। ਅਨੰਦ ਕਾਰਜ ਹੁੰਦੇ ਸਾਰ ਹੀ ਲੜਕੀ ਲੜਕਾ ਫੋਟੋ ਕਰਾਉਣ ਦੇ ਚੱਕਰ ਵਿਚ ਮੈਰਿਜ ਪੈਲੇਸ ਵਿਚ ਲੇਟ ਪਹੁੰਚਦੇ ਹਨ, ਜਿਸ ਨਾਲ ਜ਼ਿਆਦਾਤਰ ਲੋਕ ਇੰਤਜਾਰ ਕਰਕੇ ਚਲੇ ਜਾਂਦੇ ਹਨ।

ਕਈ ਸਿਆਣੇ ਲੋਕ ਅੱਜ ਵੀ ਪੈਲੇਸ ਵਿੱਚ ਜਾਣ ਦੀ ਥਾਂ ਪਹਿਲਾਂ ਸਿੱਧਾ ਗੁਰਦੁਆਰਾ ਸਾਹਿਬ ਜਾ ਕੇ ਆਨੰਦ ਕਾਰਜ ਦੀ ਰਸਮ ਸਮੇਂ ਸਿਰ ਅਦਾ ਕਰਦੇ ਹਨ। ਹੁਣ ਕਈ ਪੰਚਾਇਤਾਂ ਵੱਲੋਂ ਵੀ ਇਹ ਰਸਮ 12 ਵਜੇ ਤੋਂ ਪਹਿਲਾਂ-ਪਹਿਲਾਂ ਕਰਨ ਲਈ ਫ਼ੈਸਲੇ ਕੀਤੇ ਗਏ ਹਨ, ਜੋ ਚੰਗੀ ਕੋਸ਼ਿਸ਼ ਹੈ। ਚੰਗਾ ਹੋਵੇ ਜੇਕਰ ਅਸੀਂ ਵਿਆਹ ਨੂੰ ਵਿਆਹ ਹੀ ਰਹਿਣ ਦੇਈਏ, ਪਾਰਟੀ ਨਾ ਬਣਨ ਦੇਈਏ। ਪਾਰਟੀਆਂ ਦੇ ਹੋਰ ਮੌਕੇ ਬਹੁਤ ਹੁੰਦੇ ਹਨ। ਵਿਆਹ ਦੀ ਇਸ ਰਸਮ ਦਾ ਮਾਣ-ਸਤਿਕਾਰ ਬਰਕਰਾਰ ਰੱਖਣਾ ਪਰਿਵਾਰ ਅਤੇ ਸਮਾਜ ਦੀ ਜ਼ਿੰਮੇਵਾਰੀ ਬਣਦੀ ਹੈ।

-0-

# — ਕਿਤਾਬ ਸਮੀਖਿਆ —

## ਗੁਰਬਾਣੀ ਵਿਚ ਆਏ ਪਸ਼ੂ, ਪੰਛੀ ਅਤੇ ਬਨਸਪਤੀ ਦੇ ਬਿੰਬ



ਸ. ਮੰਗਤ ਸਿੰਘ ਜੀ ਰਾਹੀ

ਸਤਿਕਾਰਯੋਗ ਸ. ਮੰਗਤ ਸਿੰਘ ਜੀ ਰਾਹੀ ਦੁਆਰਾ ਲਿਖੀ ਪੁਸਤਕ **ਗੁਰਬਾਣੀ ਵਿਚ ਆਏ ਪਸ਼ੂ, ਪੰਛੀ ਅਤੇ ਬਨਸਪਤੀ ਦੇ ਬਿੰਬ** ਬਹੁਤ ਹੀ ਗਿਆਨ ਭਰਪੂਰ ਹੈ, ਰਾਹੀ ਸਾਹਿਬ ਨੇ ਬੜੀ ਮਿਹਨਤ ਨਾਲ ਗੁਰਬਾਣੀ ਦੀਆਂ ਉਹ ਤੁਕਾਂ ਇਕੱਠੀਆਂ ਕੀਤੀਆਂ ਹਨ, ਜਿਹੜੀਆਂ ਪਸ਼ੂ, ਪੰਛੀ, ਜੀਵ ਜੰਤੂ ਅਤੇ ਬਨਸਪਤੀ ਬਾਰੇ ਗੁਰੂ ਸਾਹਿਬਾਂ ਨੇ ਲਿਖੀਆਂ ਹਨ। ਇਸ ਪੁਸਤਕ ਵਿੱਚ ਉਨ੍ਹਾਂ ਨੇ ਸਭ ਤੋਂ ਛੋਟੇ ਪੰਛੀ ਤੋਂ ਜਾਨਵਰ ਤੱਕ ਹੀ ਨਹੀਂ, ਸਗੋਂ ਪੌਦੇ ਅਤੇ ਰੁੱਖਾਂ ਬਾਰੇ ਜੋ ਗੁਰਬਾਣੀ ਵਿਚ ਵਰਨਣ ਕੀਤਾ ਗਿਆ ਦੀ ਪਾਠਕਾਂ ਸਾਹਮਣੇ ਪੇਸ਼ਕਾਰੀ ਕੀਤੀ ਹੈ। ਸੱਚਮੁੱਚ ਇਹ ਕਿਤਾਬ ਦਿਲ ਨੂੰ ਟੁੰਬਣ ਅਤੇ ਹਲੂਣਾ ਦੇਣ ਵਾਲੀ ਹੈ, ਕਿਉਂਕਿ ਜਦੋਂ ਇਸ ਪੁਸਤਕ ਨੂੰ ਪੜ੍ਹਨਾ ਸ਼ੁਰੂ ਕਰਦੇ ਹਾਂ ਤਾਂ ਦਿਲਚਸਪੀ ਬਣੀ ਰਹਿੰਦੀ ਹੈ। ਇਸ ਪੁਸਤਕ ਵਿੱਚ ਜੀਵ ਜੰਤੂਆਂ ਅਤੇ ਬਨਸਪਤੀ ਬਾਰੇ ਬਹੁਤ ਹੀ ਡੂੰਘਾ ਅਧਿਐਨ ਹੋਇਆ ਹੈ ਅਤੇ ਪਤਾ ਲਗਦਾ ਹੈ ਕਿ ਇਹ ਕੁਦਰਤ ਵਿੱਚ ਆਪਣਾ ਕੀ-ਕੀ ਯੋਗਦਾਨ ਪਾ ਰਹੇ ਹਨ।




ਸ. ਮੰਗਤ ਸਿੰਘ ਜੀ ਰਾਹੀ ਦੇ ਵਿਚਾਰ ਬੜੇ ਹੀ ਸਰਲ ਅਤੇ ਭਾਵਪੂਰਵਕ ਹੁੰਦੇ ਹਨ, ਇਨ੍ਹਾਂ ਨਾਲ ਜ਼ਿਆਦਾ ਕਰਕੇ ਗੁਰਬਾਣੀ ਦੇ ਉਪਦੇਸ਼ ਦੀ ਵਿਚਾਰ ਹੁੰਦੀ ਰਹਿੰਦੀ ਹੈ। ਇਹਨਾਂ ਹੀ ਗੋਸ਼ਟੀਆਂ ਵਿਚੋਂ ਹੀ ਇਸ ਪੁਸਤਕ ਦਾ ਮੁੱਢ ਬੱਝਾ। ਭਾਈ ਸਾਹਿਬ ਜੀ ਨੇ ਬੜੀ ਮਿਹਨਤ ਸਦਕਾ ਪੁਸਤਕ ਦਾ ਖਰੜਾ ਤਿਆਰ ਕੀਤਾ। ਸ: ਮੰਗਤ ਸਿੰਘ ਜੀ ਰਾਹੀ ਵਲੋਂ ਗੁਰਬਾਣੀ ਵਿੱਚ ਆਏ ਪ੍ਰਤੀਬਿੰਬ ਪਸ਼ੂ, ਪੰਛੀ ਅਤੇ ਬਨਸਪਤੀ ਦੇ ਵੱਖਰੇ-ਵੱਖਰੇ ਰੂਪਾਂ ਨੂੰ ਸਰੋਤਿਆਂ ਸਾਹਮਣੇ ਪਰੋਸਿਆ ਗਿਆ। ਇਸ ਪੁਸਤਕ ਵਿੱਚ ਗਿਆਨ ਪੱਖੋਂ ਬਹੁਤ ਹੀ ਵਧੀਆ ਅਤੇ ਅਰਥ ਭਰਪੂਰ ਦਲੀਲਾਂ ਦਿੱਤੀਆਂ ਗਈਆਂ ਹਨ। ਪਾਠਕਾਂ ਨੂੰ ਬੇਨਤੀ ਹੈ ਕਿ ਇਸ ਪੁਸਤਕ ਨੂੰ ਪੜ੍ਹ ਕੇ ਕੁਦਰਤ ਅਤੇ ਬਾਣੀ ਦਾ ਅਲੌਕਿਕ ਨਜ਼ਾਰਾ ਜ਼ਰੂਰ ਦੇਖੋ।

ਆਸ ਕਰਦੇ ਹਾਂ ਕਿ ਸ. ਮੰਗਤ ਸਿੰਘ ਜੀ ਰਾਹੀ ਵਲੋਂ ਤਿਆਰ ਕੀਤੀ ਪੁਸਤਕ ਕੌਮ ਨੂੰ ਸੇਧ ਪ੍ਰਦਾਨ ਕਰੇਗੀ। ਮੰਗਤ ਸਿੰਘ ਜੀ 'ਰਾਹੀ' ਇਸ ਨਿਵੇਕਲੇ ਉਦਮ ਲਈ ਵਧਾਈ ਦੇ ਪਾਤਰ ਹਨ। ਮੈਂ ਅਕਾਲ ਪੁਰਖ ਅੱਗੇ ਅਰਦਾਸ ਕਰਦਾ ਹੈ ਕਿ ਰਹਿੰਦੀ ਉਮਰ ਵੀ ਇਸੇ ਤਰ੍ਹਾਂ ਲਿਖਦੇ ਹੋਏ ਕੌਮੀ ਕਾਰਜਾਂ ਦੇ ਲੇਖੇ ਲਾਉਣ।

ਕੈਪਟਨ ਅਵਤਾਰ ਸਿੰਘ ਪਰਿੰਗੜੀ
ਸੰਪਾਦਕ ਗੁਰਮਤਿ ਵਿਰਸਾ
ਗੁਰਮਤਿ ਗਿਆਨ ਮਿਸ਼ਨਰੀ ਕਾਲਜ, ਲੁਧਿਆਣਾ

## ਲੇਖਕਾਂ ਨੂੰ ਬੇਨਤੀ

**ਗੁਰਮਤਿ ਗਿਆਨ ਮਿਸ਼ਨਰੀ ਕਾਲਜ ਵਲੋਂ ਛਾਪੇ ਜਾਂਦੇ ਮਾਸਿਕ ਪੱਤਰ 'ਗੁਰਮਤਿ ਵਿਰਸਾ' ਵਿਚ ਧਾਰਮਿਕ, ਸਮਾਜਿਕ, ਆਰਥਿਕ, ਵਿਦਿਅਕ, ਬੱਚਿਆਂ ਪ੍ਰਤੀ ਅਤੇ ਸਿਹਤ ਆਦਿ ਵੱਖ ਵੱਖ ਵਿਸ਼ਿਆਂ ਨੂੰ ਛੂਹਿਆ ਜਾਂਦਾ ਹੈ। ਲੇਖਕ ਵੀਰਾਂ ਨੂੰ ਬੇਨਤੀ ਹੈ ਕਿ ਖਾਸ ਮਹੀਨੇ ਵਿਚ ਛਪਣ ਵਾਲੀਆਂ ਰਚਨਾਵਾਂ ਦੋ ਮਹੀਨੇ ਪਹਿਲਾਂ ਭੇਜਣ ਦੀ ਕ੍ਰਿਪਾਲਤਾ ਕਰਨੀ।**

**ਰਚਨਾਵਾਂ ਭੇਜਣ ਲਈ ਪਤਾ:**
ਗੁਰਮਤਿ ਵਿਰਸਾ,
ਗੁਰਮਤਿ ਗਿਆਨ ਮਿਸ਼ਨਰੀ ਕਾਲਜ,
ਪੰਜਾਬੀ ਬਾਗ, ਜਵੱਦੀ, ਲੁਧਿਆਣਾ
**M:** 79733-70542
**Email:** gurmatvirsa@gmail.com

## ਜੇਕਰ ਮੈਗਜ਼ੀਨ ਨਾ ਮਿਲੇ ਤਾਂ ...




ਸਾਰੇ ਪ੍ਰਚਾਰਕ ਵੀਰਾਂ ਨੂੰ ਬੇਨਤੀ ਹੈ ਕਿ 'ਗੁਰਮਤਿ ਵਿਰਸਾ' ਦੀ ਬੁਕਿੰਗ ਕਰਦਿਆਂ ਰਿਕਾਰਡ ਆਪਣੇ ਕੋਲ ਜ਼ਰੂਰ ਰੱਖੋ। 'ਗੁਰਮਤਿ ਵਿਰਸਾ' ਨਾ ਮਿਲਣ ਦੀ ਸੂਰਤ ਵਿਚ ਇਸ ਨੰਬਰ 79733-70542 'ਤੇ ਵੱਟਸਅਪ ਮੈਸਜ਼ ਕਰ ਸਕਦੇ ਹੋ ਇਸ ਤੋਂ ਇਲਾਵਾ ਚਿੱਟ ਨੰਬਰ ਜਾਂ ਰਸੀਦ ਨੰਬਰ ਦਾ ਵੇਰਵਾ ਦੱਸੋ ਤਾਂ ਜੋ ਮੈਗਜ਼ੀਨ ਦੁਬਾਰਾ ਭੇਜਿਆ ਜਾ ਸਕੇ। ਬੁਕਿੰਗ ਸਮੇਂ ਟੈਲੀਫੋਨ ਨੰਬਰ ਸਾਫ ਸੁਥਰੇ, ਮੋਟੇ ਅੱਖਰਾਂ ਵਿਚ ਪਤਾ ਲਿਖੋ ਜੀ।

ਵੱਲੋਂ ਅਦਾਰਾ 'ਗੁਰਮਤਿ ਵਿਰਸਾ'

# भाई गुरदास जी–संक्षिप्त जीवन वृतांत

**संग्रह कर्ता : अमृत पाल बंसल**

भाई गुरदास जी को गुरबाणी का पहला व्याख्याकार माना जाता है। वह एक प्रसिद्ध लेखक, इतिहासकार और प्रचारक थे। उन्होने पंजाबी, संस्कृत, बृजभाषा और संस्कृत में काव्य रचना की। पंजाबी में वह 'वारां भाई गुरदास' के लिये जाने जाते हैं। बृजभाषा में आपके 'कवित और सवैये' उच्चकोटि की रचना है। सबसे पहले 1604 ई. में श्री आदि ग्रंथ अपने हाथों से लिखा। श्री गुरु अरजन देव जी ने आपकी रचना को 'गुरबाणी की कुंजी' कहकर सम्मान दिया है।

भाई गुरदास जी का जन्म 1551 में पंजाब के एक छोटे से गांव गोइन्दवाल में हुआ। आप भाई ईशर दास जी (गुरु अमरदास जी के चचेरे भाई) और माता जीवनी जी की इकलौती संतान थे। आप श्री गुरु अमरदास जी के भतीजे थे। जब आपकी उम्र लगभग 3 वर्ष थी तब आपकी माता जी का देहांत हो गया। भाई गुरदास जी के 12 वर्ष की उम्र में अनाथ होने के बाद आपको गुरु अमरदास जी ने गोद ले लिया। आप जी ने अपनी प्रारंभिक शिक्षा गुरु अमर दास जी के मार्गदर्शन में प्राप्त की। आपने पंजाबी, बृजभाषा, संस्कृत और फारसी भाषा सीखी और आपने शुरुआती साल गोइंदवाल और सुल्तानपुर लोधी में बिताये। गोइंदवाल में रहने के दौरान आप ने दिल्ली–लाहौर मार्ग पर, गोइंदवाल होकर, अक्सर गुजरने वाले विद्धानों संतों और महांपुरुषों की बातें सुनी और देश दुनिया का काफी ज्ञान प्राप्त किया। बाद में आप वाराणसी चले गये जहां आपने संस्कृत और हिन्दू शास्त्रों का अध्ययन किया।



गुरु अमरदास जी के ज्योति–ज्योत समाने के बाद, उनके उत्तराधिकारी गुरु राम दास जी ने भाई गुरदास जी की नियुक्ति एक सिख मिशनरी के रुप में आगरा में कर दी। गुरु राम दास जी के ज्योति–ज्योत समाने के बाद आप वापस पंजाब आ गये जहां आपको गुरु अरजन देव जी की संगत में सिख धर्म का अध्ययन और निरीक्षण करने का अवसर मिला। इस दौरान आपने हरिमंदिर साहिब अमृतसर के निर्माण ने अहम भूमिका निभाई। गुरु अरजन देव जी आपका बहुत आदर करते थे और आपको मामा के रुप में मानते थे।

भाई गुरदास जी ने 40 वारें (गाथागति) और 556 कबितों (पंजाबी कविता के दोनों रुप) की रचना की जिन्हें सिख साहित्य और दर्शन का सर्वश्रेष्ठ नमूना माना जाता है। आप जी को 1604 ई. में गुरु अरजन देव जी द्वारा संकलित गुरबाणी पवित्र ग्रंथ श्री गुरु ग्रंथ साहिब (श्री आदि ग्रंथ) को लिखने का सुअवसर मिला। इसके अलावा, आपने विभिन्न सिख धर्मग्रंथों के लेखन में लगे चार अन्य शास्त्रीयों भाई हरिया, भाई संत दास, भाई सुखा और भाई मनसा राम के कार्य की निगरानी तथा पर्यवेक्षण भी किया।

सिखों के पवित्र धार्मिक स्थल श्री अकाल तख्त साहिब की स्थापना छठे गुरु श्री गुरु हरिगोबिंद साहिब जी ने 15 जून 1606 को की। इस इमारत की आधारशिला स्वयं गुरु हरिगाबिंद साहिब जी ने रखी थी। बाकी की संरचना बाबा बुडढा जी और भाई गुरदास जी द्वारा पूरी की गई। किसी भी राजमिस्त्री या किसी अन्य व्यक्ति को संरचना के निर्माण में भाग लेने की अनुमति नहीं थी। श्री गुरु हरिगोबिंद साहिब जी स्वयं तख्त के संरक्षक थे। जब मुगल सम्राट जहांगीर ने सिख धर्म की लोकप्रियता से ईर्ष्या करते हुए 31 दिसंबर 1612, को, श्री गुरु हरिगोबिंद साहिब जी को ग्वालियर किले में कैद कर लिया, तब गुरु साहिब जी ने बाबा बुडढा जी को श्री हरिमंदिर साहिब तथा भाई गुरदास जी को श्री अकाल तख्त साहिब के पहले जत्थेदार के रुप में सेवायें देने के लिये नियुक्त किया। इस दौरान आप सिखों का एक जत्था लेकर ग्वालियर भी गये।

आप जी ने श्री लंका, काबुल, काश्मीर, राजस्थान और वाराणसी में एक सिख प्रचारक के रुप में अनेकों यात्रायें की और लोगों के बीच सिख धर्म की विशेषतायें तथा गुरु के नाम का प्रचार कर उन्हें जीवन का सही मार्ग दिखाया। आप जी को पांच सिख गुरु साहिबान जी का साथ

**शेष पृष्ठ 35 पर**

# BHAGAT TRILOCHAN JI
## LIFE AND TEACHINGS

**Amrit Paul Bansal**

"O Dear Lord, You, Yourself know every thing;
so prays Trilochan, Lord."

**Principal Teachings:**

Man is caught in the web of mammon (maya) and affection. Age is passing by. Old age and angels of death are coming closer. The purpose of a human being coming to this world is to purify the mind and unite with Almighty God. Through Simran (Reciting Prayers), mind is purified but man adopts false and baseless rituals and ignores Simran. Finely a person gets nothing. Intensive poignant meditation is required so that harmony with God Almighty may become possible in this human life.

Bhagat Trilochan, whose name literally means three-eyed, that is the seer (Sidh Purash) of the present past and future, was a celebrated bhagat of the Vaisya Caste. He was born in the year 1267 A.D. at village Baarsi Distt. Sholapur in the Maharashtra State. He was religiously inclined since childhood. He got religious education from Swami Gianeshwar Ji. He was a contemporary of Bhagat Naam Dev Ji, a well known saint of the time. Trilochan Ji used to share and discuss all details about naam simran with Bhagat Naam Dev Ji. This has been mentioned in the Shalok of Bhagat Kabeers Ji. Naam Dev Ji was busy dying clothes (His profession), when Trilochan Ji visited him. This created on illusion in the mind of Trilochan Ji regarding the spiritual status of Bhagat Naam Dev Ji. He thought that Bhagat Naam Dev Ji was always engrossed in his work, whenever he visited and it seemed that Naam Dev Ji was influenced by wealth (maya). So Trilochan Ji revealed his doubt to his dear friend Bhagat Naam Dev Ji, as mentioned in Sri Guru Granth Sahib Ji on page 1375 :

ਨਾਮਾ ਮਾਇਆ ਮੋਹਿਆ ਕਹੈ ਤਿਲੋਚਨੁ ਮੀਤ ॥

Trilochan says, O Naam Dev,
Maya has enticed you, my friend.

ਕਾਹੇ ਛੀਪਹੁ ਛਾਇਲੈ ਰਾਮ ਨ ਲਾਵਹੁ ਚੀਤੁ ॥

Why are you printing designs on these sheets,
and not focusing your consciousness on the Lord?||

Naam Dev Ji smiled after hearing the question form his friend and in order to clear the doubt of Trilochan Ji, he replied, "O My dear friend! Trilochan, I am not caught in the web of maya. Hands do not recite Naam. It is to be medidated upon with the mind and I meditate on the Naam of God in my mind and use my hands and feet to earn and work for his livelihood. This answer is also egistered in Sri Guru Granth Sahib Ji on page 1375-1376:

ਨਾਮਾ ਕਹੈ ਤਿਲੋਚਨਾ ਮੁਖ ਤੇ ਰਾਮੁ ਸੰਮ੍ਾਲਿ ॥

Naam Dayv answers, O Trilochan,
chant the Lord's Name with your mouth.

ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨ ਨਾਲਿ ॥

With your hands and feet, do all your work,
but let your consciousness remain.
with the Immaculate Lord. ||213||

Trilochan Ji was pleased to hear this answer, but a thought came to his mind that his spiritual state was not as high as compared with Bhagat Naam Dev Ji. Bhagat Naam Dev Ji was a saint of the highest level, who had reached the stage of harmony with Almighty God. Tilochan Ji thought that he should request Naam Dev Ji to help him in getting a glimpse of God Almighty. So he asked his friend politely. This whole dialogue between Naam Dev Ji and Trilochan Ji is recorded in Bhai Gurdas Ji's vaar tenth pauri 12th as under.

ਪਉੜੀ ੧੨ : ਨਾਮਦੇਵ ਅਤੇ ਤ੍ਰਿਲੋਚਨ

ਦਰਸਨੁ ਦੇਖਣ ਨਾਮਦੇਵ ਭਲਕੇ ਉਠਿ ਤ੍ਰਿਲੋਚਨੁ ਆਵੈ ॥

Trilochan will awake early to have visit of Namdev,

ਭਗਤਿ ਕਰਨਿ ਮਿਲਿ ਦੁਇ ਜਣੇ ਨਾਮਦੇਉ ਹਰਿ ਚਲਿਤੁ ਸੁਣਾਵੈ ॥

Together they would concentrate on the Lord
and Namdev would tell him the grand stories of God.

ਮੇਰੀ ਭੀ ਕਰਿ ਬੇਨਤੀ ਦਰਸਨੁ ਦੇਖਾਂ ਜੇ ਤਿਸੁ ਭਾਵੈ ॥

Trilochan asked Namdev "kindly pray for me
so that if the Lord accepts,
I may also have His glimpse."

ਠਾਕੁਰ ਜੀ ਨੋ ਪੁਛਿਓਸੁ ਦਰਸਨੁ ਕਿਵੈ ਤ੍ਰਿਲੋਚਨੁ ਪਾਵੈ ॥

Namdev asked Thakur , the Lord,
as to how Trilochan could have sight of the Lord ?

ਹਸਿ ਕੈ ਠਾਕੁਰ ਬੋਲਿਆ ਨਾਮਦੇਉ ਨੋ ਕਹਿ ਸਮਝਾਵੈ ॥

The Lord God smiled and explained to Naamdev;

ਹਥਿ ਨ ਆਵੈ ਭੇਟੁ ਸੋ ਤੁਸਿ ਤ੍ਰਿਲੋਚਨ ਮੈ ਮੁਹਿ ਲਾਵੈ ॥

"No offerings are needed by me.
Out of my delight only,
I would make Trilochan to have sight of me."

ਹਉ ਅਧੀਨੁ ਹਾਂ ਭਗਤ ਦੇ ਪਹੁੰਚਿ ਨ ਹੰਘਾਂ ਭਗਤੀ ਦਾਵੈ ॥

I am under the total control of the devotees
and their loving claims I can never reject;
rather I myself also cannot understand them.

ਹੋਇ ਵਿਚੋਲਾ ਆਨਿ ਮਿਲਾਵੈ ॥

Their loving devotion, in fact,
becomes mediator and makes them meet me.

So Bhagat Trilochan Ji recieved harmony with Almighty God, through company and humble prays of his friend Bhagat Naam Dev Ji. When his repution spread everywhere, many saints and other curious learners started to pay him visits. He, along with his wife, looked after every guest very affectionately and politely His wife requested him to hire a servant to help her in the domestic affairs because of the large number of Visitors. Bhagat Ji also thought about having a good servant in the house. Next day, Almighty God came in the disguise of a servant and stood before Bhagat Trilochan Ji. After giving him instructions, Bhagat Ji asked him about how much salary he wanted. The servant (God disguised Himself) said politely, what would I do with my salary because. I have no relatives in this world. I will work without pay. what ever you give me to eat and wear. I will accept it. But I have one condition, if you try to slander or talk behind my back, I will not stay here. That is all my pay and conditions. Time passed by at its own pace. All the work of Bhagat Trilochan Ji and taking care of quests was beautifully accomplished by the intuitive servant. Everything was going smoothly and peacefully. One day Bhagat Ji's wife talked badly about the servant Antarjami (his name) to one of her neighbors. As a result of this, agreement between the master and the servant was broken and the servant disappeared. It was a problem. When Bhagat Ji came to know that all this happened because of his wife, he tried to pacify her by giving references from old religious scriptures. He told her that it was the outcome of her earlier deed from past life and everyone has to pay for the deeds. As mentioned in Sri Guru Granth Sahib Ji on page 695:

ਨਾਰਾਇਣ ਨਿੰਦਸਿ ਕਾਇ ਭੂਲੀ ਗਵਾਰੀ ॥

Why do you slander the Lord?
You are ignorant and deluded.

ਦੁਕ੍ਰਿਤੁ ਸੁਕ੍ਰਿਤੁ ਥਾਰੋ ਕਰਮੁ ਰੀ ॥੧॥ ਰਹਾਉ ॥

Pain and pleasure are
result of your own actions. ||1||Pause||

Trilochans Ji also tried to make her understand by giving more examples as mentioned on page 695;

ਪੂਰਬਲੋ ਕ੍ਰਿਤ ਕਰਮੁ ਨ ਮਿਟੈ ਰੀ ਘਰ ਗੇਹਣਿ
ਤਾ ਚੇ ਮੋਹਿ ਜਾਪੀਅਲੇ ਰਾਮ ਚੇ ਨਾਮੰ ॥

The karma of past actions cannot be erased,
O wife of my house;
this is why I chant the Name of the Lord.

Four divine hymns of Trilochan Ji are incorporated in Sri Guru Granth Sahib Ji. In these hymns, he has condemned hypocrisy and showing off. He has stressed the need of purifying the mind by meditation and service to humanity.

So under this eternal order, Bhagat Trilochan Ji left for his heavenly abode in the year 1335 AD and left permanent foot prints in the form of shabads (Divine Hymns), which give us guidance and will continue giving it for ever. The Great Guru Arjan Dev Ji included these hymns in Sri Guru Granth Sahib Ji, making them a part of Shabad-Guru.

-0-

**पृष्ठ 33 का शेष**

पाने का सौभग्य प्राप्त हुआ। भाई गुरदास जी का निधन 25 अगस्त 1636 को गोइंदवाल साहिब में हुआ तथा छठे गुरु हरिगोबिंद साहिब जी ने स्वयं उनके अंतिम संस्कार की सारी औपचारिक रस्में पूर्ण की। गुरु साहिब जी ने आपकी सेवाओं को मुख्य रख कर फुरमाया :

महि मंडल में जसु विसथारा। पाए परमगत पंथ पधारा। चिरंकाल तेरो रहि नामू। जानगिह गुरु पंथ अभिरामू।

(गुर प्रताप सूरज ग्रंथ, भाई गुरदास जी रास–1, अंसु–14)

भाई गुरदास जी ना केवल सिख धर्मग्रंथों के व्याख्याकार और सिख धर्म के उपदेशक थे बल्कि आप सिख धर्म के चलते फिरते विश्वकोष थे। श्री गुरु अरजन देव जी ने आप जी की बाणी को गुरु ग्रंथ साहिब की कुंजी कहकर सम्मानित किया। आप ने अपने लेखन में सिख इतिहास का बहुत ही सुंदर दस्तावेजीकरण किया है। –0–

ਸਿਹਤ ਸੰਭਾਲ

# ਭੋਜਨ ਅਤੇ ਸਿਹਤ ਦੇ ਸਹੀ ਸਿਧਾਂਤ ਕੀ ਹਨ?

**ਡਾਕਟਰ ਅਜੀਤਪਾਲ ਸਿੰਘ ਐਮ ਡੀ (ਸਾਬਕਾ ਡਿਪਟੀ ਮੈਡੀਕਲ ਕਮਿਸ਼ਨਰ 98156-29301)**

ਤਣਾਅ ਅਤੇ ਭੱਜ ਨੱਠ ਭਰੀ ਜਿੰਦਗੀ 'ਚ ਜਿੰਨਾ ਜ਼ਰੂਰੀ ਆਰਾਮ ਕਰਨਾ ਹੈ ਉਸ ਤੋਂ ਕਿਤੇ ਵੱਧ ਜਰੂਰੀ ਹੈ ਪੋਸ਼ਟਿਕ ਆਹਾਰ ਜੋ ਹੈ ਅਸਲ ਚ ਸਿਹਤ ਦਾ ਆਧਾਰ। ਬਹੁਤ ਸਾਰੇ ਲੋਕਾਂ ਦਾ ਕਹਿਣਾ ਹੈ ਕਿ ਅਸੀਂ ਦੁਰਲਭ ਚੀਜ਼ਾਂ ਖਾਂਦੇ ਹਾਂ ਤੇ ਉਹ ਬਹੁਤ ਮਹਿੰਗੀਆਂ ਹਨ। ਇੱਥੇ ਗੌਰ ਕਰੀਏ ਕਿ ਸਿਰਫ ਮਹਿੰਗੀਆਂ ਖੁਰਾਕੀ ਵਸਤਾਂ ਹੀ ਪੋਸ਼ਟਿਕ ਹੋਣ ਤੇ ਪੋਸ਼ਣ ਨਾਲ ਭਰਪੂਰ ਹੋਣ ਇਹ ਵੀ ਜਰੂਰੀ ਨਹੀਂ। ਸਸਤੀਆਂ ਖੁਰਾਕੀ ਵਸਤੂਆਂ ਵੀ ਮਹਿੰਗੀਆਂ ਤੋਂ ਕਿਤੇ ਵੱਧ ਪੋਸ਼ਟਿਕ ਤੇ ਸਿਹਤ ਨਾਲ ਭਰਪੂਰ ਹੋ ਸਕਦੀਆਂ ਹਨ। ਬਸ ਜਰੂਰੀ ਹੈ ਇਹ ਜਾਨਣਾ ਕਿ ਕਿਹੜੇ ਭੋਜਨ/ਡਾਇਟ ਚ ਕਿੰਨਾ ਪੋਸ਼ਣ ਹੈ?

ਨਿਊਟ੍ਰਿਸ਼ਨ/ਪੋਸ਼ਣ ਹੈ ਕੀ ਤੇ ਸਿਹਤ ਦੇ ਮੁੱਖ ਸਿਧਾਂਤ ਕੀ ਹਨ ?

**ਪੋਸ਼ਣ :**

ਆਪ ਦੀ ਖੁਰਾਕ ਜਾਨੀ ਭੋਜਨ 'ਚ ਸੰਤੁਲਿਤ/ਬੈਲੈਂਸਡ ਡਾਇਟ ਬਹੁਤ ਜਰੂਰੀ ਹੈ ਅਤੇ ਉਸ 'ਚ ਤਾਕਤ/ਪੋਸ਼ਣ ਹੋਣਾ ਉਸ ਤੋਂ ਵੀ ਵੱਧ ਜਰੂਰੀ ਹੈ। ਕੀ ਆਪ ਜਾਣਦੇ ਹੋ ਕਿ ਪੋਸ਼ਣ ਦੇ ਸਹੀ ਅਰਥ ਕੀ ਹਨ ਜਾਂ ਪੋਸ਼ਟਿਕ ਖੁਰਾਕ ਦਾ ਕੀ ਮਤਲਬ ਹੈ ? ਜੇ ਨਹੀਂ ਜਾਣਦੇ ਤਾਂ ਆਓ ਜਾਣੀਏ ਬਹੁਤ ਸਾਰੇ ਲੋਕਾਂ ਦਾ ਮੰਨਣਾ ਹੈ ਕਿ ਪੋਸ਼ਟਿਕ ਖੁਰਾਕ ਤੋਂ ਮਤਲਬ ਹੈ ਜੋ ਅਸੀਂ ਖਾ ਰਹੇ ਹਾਂ ਉਸ ਨੂੰ ਛੱਡ ਕੇ ਦਵਾਈਆਂ ਤੋਂ ਬਣੇ ਭੋਜਨ ਦੀ ਵਰਤੋਂ ਕਰਨਾ ਜਦ ਕਿ ਅਜਿਹਾ ਕੁਝ ਹੈ ਨਹੀਂ। ਅਸਲ 'ਚ ਸਹੀ ਖਾਣਾ ਲੈਣ ਦਾ ਵਿਗਿਆਨ ਹੀ ਪੋਸ਼ਣ ਹੈ। ਅਸੀਂ ਜੋ ਖਾ ਰਹੇ ਹਾਂ ਉਸ 'ਚ ਕੀ ਕੀ ਪੋਸ਼ਟਿਕ ਤੱਤ ਹਨ, ਜੋ ਸਿਹਤ ਚ ਸੁਧਾਰ ਲਿਆਉਣ ਦੇ ਨਾਲ ਨਾਲ ਸਾਨੂੰ ਹੋਣ ਵਾਲੀਆਂ ਕੁਝ ਬਿਮਾਰੀਆਂ ਤੋਂ ਸੁਰੱਖਿਆ ਦਿੰਦੇ ਹਨ, ਸਾਨੂੰ ਊਰਜਾ ਦਿੰਦੇ ਹਨ। ਨਾਲ ਹੀ ਉਹ ਖੁਰਾਕੀ ਪਦਾਰਥ ਸਾਨੂੰ ਕਿੰਨੀ ਮਾਤਰਾ ਚ ਕਦੋਂ ਕਦੋਂ ਤੇ ਕਿਹੜੇ ਕਿਹੜੇ ਪਦਾਰਥਾਂ ਨਾਲ ਮਿਲ ਕੇ ਖਾਣੇ ਹਨ ਆਦਿ ਵਿਸ਼ੇ ਬਾਰੇ ਜਾਨਣਾ ਹੁਣ ਅਤੀ ਜਰੂਰੀ ਹੈ। ਇਹ ਸਭ ਕੁਝ ਪੋਸ਼ਣ ਵਿਗਿਆਨ ਦੇ ਤਹਿਤ ਹੀ ਆਉਂਦਾ ਹੈ। ਸਾਨੂੰ ਜੋ ਸਿਹਤ ਲਈ ਦਿੱਕਤਾਂ ਹੁੰਦੀਆਂ ਹਨ ਉਹ ਸਾਨੂੰ ਖਾਣ ਕਰਕੇ ਨਹੀਂ ਬਲਕਿ ਲੋੜ ਤੋਂ ਵੱਧ ਖਾਣ ਨਾਲ ਹੁੰਦੀਆਂ ਹਨ। ਇਸ ਲਈ ਅਸੀਂ ਆਪਣੇ ਰੋਜ਼ਾਨਾ ਤੇ ਡਾਇਟ ਰੂਟੀਨ ਤੇ ਥੋੜਾ ਬਹੁਤ ਬਦਲਾਅ ਕਰਕੇ ਸੰਤੁਲਿਤ ਜਾਣੀ ਪੌਸ਼ਟਿਕ ਤੇ ਸਿਹਤਮੰਦ ਖੁਰਾਕ/ਡਾਇਟ ਪਾ ਸਕਦੇ ਹਾਂ। ਪੋਸ਼ਣ/ਤਾਕਤ ਨਾਲ ਭਰਪੂਰ ਆਹਾਰ 'ਚ ਸਾਨੂੰ ਸਭ ਤੋਂ ਵੱਧ ਸਾਬਤ ਅਨਾਜ,ਤਾਜੇ ਤੇ ਮੌਸਮੀ ਫਲ,ਸਬਜੀਆਂ ਸ਼ਾਮਿਲ ਕਰਨੇ ਚਾਹੀਦੇ ਹਨ। ਮੌਸਮੀ ਫਲ ਤੇ ਤਾਜ਼ਾ ਸਬਜੀਆਂ ਸਰੀਰ ਦੀਆਂ ਸਾਰੀਆਂ ਲੋੜਾਂ ਨੂੰ ਬਿਹਤਰ ਤਰੀਕੇ ਨਾਲ ਪੂਰਾ ਕਰਦੀਆਂ ਹਨ ਅਤੇ ਕੋਲਡ ਸਟੋਰੇਜ ਦੇ ਫਲਾਂ ਦੇ ਮੁਕਾਬਲੇ ਬਹੁਤ ਜਿਆਦਾ ਊਰਜਾ ਦੇਣ ਵਾਲੀਆਂ ਤੇ ਸਿਹਤਮੰਦ ਹੁੰਦੀਆਂ ਹਨ।

ਸਾਡਾ ਭੋਜਨ ਮੁੱਖ ਤੌਰ ਤੇ ਕਾਰਬੋਹਾਈਡਰੇਟ ਪ੍ਰੋਟੀਨ ਅਤੇ ਚਰਬੀ ਤੋਂ ਮਿਲ ਕੇ ਬਣਦਾ ਹੈ ਸੰਤੁਲਤ ਡਾਇਟ ਚ 45 ਤੋਂ 65 ਫੀਸਦੀ ਕਾਰਬੋਹਾਈਡਰੇਟ, 20 ਤੋਂ 35 ਫੀਸ ਫੈਟ,10 ਤੋਂ 30 ਫੀਸਦੀ ਪ੍ਰੋਟੀਨ ਹੋਣੀ ਚਾਹੀਦੀ ਹੈ। ਇਹਨਾਂ ਤਿੰਨਾਂ ਦਾ ਜੋੜ ਜੇ ਭੋਜਨ ਹੈ ਤਾਂ ਉਹ ਭੋਜਨ ਸ਼ਰੀਰ ਦੀ ਊਰਜ਼ਾ ਬਣਾਈ ਰੱਖਣ ਦੀ ਲੋੜ ਪੂਰੀ ਕਰਦਾ ਹੈ। ਤਰਲ ਪਦਾਰਥ ਜਿਵੇਂ ਕਿ ਪਾਣੀ ਨਾਲ ਹੀ ਹਮੇਸ਼ਾ ਦਿਨ ਦੀ ਸ਼ੁਰੂਆਤ ਕਰਨੀ ਚਾਹੀਦੀ ਹੈ। ਅਜਿਹਾ ਕਰਨ ਨਾਲ ਪੇਟ ਸਾਫ ਰਹਿੰਦਾ ਹੈ ਤੇ ਕਬਜ਼ ਨਹੀਂ ਹੁੰਦੀ।

**ਅਨਾਜ :**

ਅਨਾਜ 'ਚ ਕਾਰਬੋਹਾਈਡਰੇਟ, ਫਾਈਬਰ, ਥੋੜੀ ਪ੍ਰੋਟੀਨ, ਕੁਝ ਫੈਟ ਤੇ ਕੈਲੈਸਟਰੋਲ ਹੁੰਦਾ ਹੈ। ਇਸ ਨੂੰ ਆਦਰਸ਼ ਭੋਜਨ ਕਹਿੰਦੇ ਹਨ। ਅਨਾਜ 'ਚ ਕਣਕ, ਜਵਾਰ, ਬਾਜਰਾ, ਮੱਕਾ ਤੇ ਜੌਆ ਆਦਿ ਦੇ ਮਿਕਸ ਆਟੇ ਦੀ ਵਰਤੋਂ ਕਰਨੀ ਚਾਹੀਦੀ ਹੈ। ਇਸ 'ਚ ਛੋਲੇ ਤੇ ਸੋਆਬੀਨ ਵੀ ਮਿਲਾ ਲਓ ਤਾਂ ਬਿਹਤਰ ਹੋਵੇਗਾ। ਇਹ ਮੋਟਾਪਾ, ਡਾਇਬਟਿਜ਼, ਗੁਰਦੇ ਜਾਂ ਦਿਲ ਦੇ ਰੋਗ, ਹਾਈ ਕੈਲੈਸਟਰੋਲ, ਹਾਈ ਬਲੱਡ ਪ੍ਰੈਸ਼ਰ, ਪੇਟ ਦੀਆਂ ਸਮੱਸਿਆਵਾਂ ਕਬਜ਼ ਆਦਿ 'ਚ ਵਿਸ਼ੇਸ਼ ਕਰਕੇ ਫਾਇਦੇਮੰਦ ਹਨ।

**ਦਾਲ, ਮੇਵੇ ਤੇ ਮਾਸ ਦਾ ਰੋਲ :**

ਦਾਲਾਂ ਤੇ ਡਰਾਈ ਫਰੂਟਸ ਪ੍ਰੋਟੀਨ ਦੇ ਬਿਹਤਰ ਸਰੋਤ ਹੁੰਦੇ ਹਨ। ਅਨਾਜ 'ਚ ਅਮਾਈਨੋਏਸਡ ਦੀ ਘਾਟ ਹੁੰਦੀ ਹੈ, ਜਿਸ ਦੀ




**ਮੈਗੀ, ਚਓਮੀਨ, ਪੀਜਾ, ਬਰਗਰ, ਹਾਟਡਾਗ, ਸਮੋਸੇ ਨਾਸ਼ਤਾ ਨਹੀਂ ਹਨ। ਇਹਨਾਂ ਨੂੰ ਨਾਸ਼ਤੇ ਵਜੋਂ ਖਾਣ ਤੋਂ ਬਚੋ। ਕਸਰਤ ਕਰਨ ਤੋਂ ਅੱਧੇ ਘੰਟੇ ਪਿੱਛੋਂ ਹੀ ਬ੍ਰੇਕਫਾਸਟ ਕਰਨਾ ਚਾਹੀਦਾ ਹੈ ਨਾਸ਼ਤੇ ਤੋਂ ਚਾਰ-ਪੰਜ ਘੰਟੇ ਪਿੱਛੋਂ ਹੀ ਲੰਚ ਲੈਣਾ ਚਾਹੀਦਾ ਹੈ। ਡਾਇਬਿਟੀਜ ਮਰੀਜ਼ ਵਿੱਚ ਹਲਕਾ ਫੁਲਕਾ ਨਾਸ਼ਤਾ ਭੁੱਜੇ ਛੋਲੇ, ਮੁਰਮਰੇ, ਫਲ ਆਦਿ ਲੈ ਸਕਦੇ ਹੋ। ਦੁੱਧ ਦੇ ਨਾਲ ਦਹੀ ਨਾ ਲਓ। ਤਲਿਆ ਭੁੰਨਿਆ ਨਮਕੀਨ ਵੀ ਨਾ ਖਾਓ। ਮੱਛੀ ਨਾਲ ਦੁੱਧ ਨਾ ਪੀਓ। ਫਲ ਹਮੇਸ਼ਾ ਭੋਜਨ ਤੋਂ ਪਹਿਲਾਂ ਖਾਓ ਖਾਣੇ ਦੇ ਨਾਲ ਜਾਂ ਪਿੱਛੋਂ ਨਹੀਂ। ਮਿੱਠੇ ਤੇ ਖੱਟੇ ਫਲ ਇਕੱਠੇ ਨਾ ਖਾਓ। ਘਿਓ, ਮੱਖਣ, ਤੇਲ ਨੂੰ ਪਨੀਰ, ਅੰਡਾ, ਮੀਟ ਵਰਗੇ ਭਾਰੀ ਪ੍ਰੋਟੀਨ ਨੂੰ ਜਿਆਦਾ ਸਟਾਰਚ ਵਾਲੇ ਪਦਾਰਥਾਂ ਦੇ ਨਾਲ ਨਾ ਖਾਓ। ਫਲ ਖਾ ਰਹੇ ਹੋ ਤਾਂ ਉਸ ਉਪਰ ਦੀ ਪਾਣੀ ਨਹੀਂ ਪੀਣਾ ਚਾਹੀਦਾ।**

ਪੂਰਤੀ ਦਾਲ ਅਤੇ ਡਰਾਈ ਫਰੂਟ ਨਾਲ ਹੋ ਸਕਦੀ ਹੈ। ਜੋ ਲੋਕ ਮਾਸਾਹਾਰੀ ਹਨ ਉਹ ਦਾਲਾਂ ਦੀ ਥਾਂ ਮਾਸ, ਚਿਕਨ, ਮੱਛੀ, ਮੀਟ, ਅੰਡਾ ਖਾ ਸਕਦੇ ਹਨ, ਪਰ ਧਿਆਨ ਰਹੇ ਕਿ ਮਾਸ ਜਿਆਦਾ ਚਰਬੀ ਵਾਲਾ ਨਾ ਹੋਵੇ। ਮੱਛੀ ਤੇ ਚਿਕਨ ਪ੍ਰੋਟੀਨ ਦੇ ਬਿਹਤਰ ਸਰੋਤ ਹਨ। ਮੱਛੀਆਂ ਚ ਸੈਚੂਰੇਟਡ ਫੈਟ ਘੱਟ ਹੁੰਦਾ ਹੈ ਅਤੇ ਕੁਝ ਮੱਛੀਆਂ ਚ ਫਾਇਦੇਮੰਦ ਫੈਟੀਐਸਡ ਵੀ ਹੁੰਦੇ ਹਨ।

**ਹਰੀਆਂ ਸਬਜ਼ੀਆਂ ਤੇ ਫਲ :**

ਸਬਜ਼ੀਆਂ ਚ ਖਣਿਜ, ਲਵਣ, ਵਿਟਾਮਿਨ, ਆਇਰਨ ਫਾਈਬਰ ਤੇ ਕੁਝ ਮਾਤਰਾ 'ਚ ਪ੍ਰੋਟੀਨ ਹੁੰਦੇ ਹਨ। ਕਾਰਬੋਹਾਈਡਰੇਟ ਤੇ ਕੈਲਸ਼ੀਅਮ ਵੀ ਬਹੁਤ ਸਾਰੀਆਂ ਸਬਜ਼ੀਆਂ ਤੇ ਫਲਾਂ 'ਚ ਹੁੰਦੇ ਹਨ, ਜੋ ਸਾਡੇ ਭੋਜਨ ਨੂੰ ਸੰਪੂਰਨ ਬਣਾਉਂਦੇ ਹਨ। ਹਰੀਆਂ ਸਬਜੀਆਂ ਤੇ ਫਲ ਹਮੇਸ਼ਾਂ ਮੌਸਮ ਤੇ ਰੁੱਤਾਂ ਮੁਤਾਬਕ ਵਰਤਣੇ ਚਾਹੀਦੇ ਹਨ। ਉਹਨਾਂ ਨੂੰ ਸਲਾਦ ਜਾਂ ਤਸਕਰੀ ਸੂਪ ਜਾਂ ਜੂਸਾਂ ਆਦਿ ਰੂਪਾਂ ਵਿੱਚ ਵੀ ਵਰਤ ਸਕਦੇ ਹੋ। ਇਹਨਾਂ ਦੀ ਵਰਤੋਂ ਨਾਲ ਡਾਇਬਟਿਜ਼, ਪੇਟ ਦੇ ਰੋਗ, ਕਬਜ, ਹਾਈ ਬਲੱਡ ਪ੍ਰੈਸ਼ਰ, ਹਾਈ ਕੋਲੇਸਟ੍ਰੋਲ, ਕੈਂਸਰ, ਜੋੜਾਂ ਦੇ ਦਰਦ, ਸਿਰ ਦਰਦ, ਦਮਾ, ਲਕਵਾ, ਮੋਟਾਪਾ ਆਦਿ ਰੋਗਾਂ 'ਚ ਫਾਇਦਾ ਹੁੰਦਾ ਹੈ ।

**ਡੇਅਰੀ ਵਸਤਾਂ ਤੇ ਮਠਿਆਈਆਂ ਦਾ ਰੋਲ:**

ਦੁੱਧ ਮੱਖਣ ਪਨੀਰ ਚੀਜ਼ ਦਹੀ ਤੇ ਦੂਜੀਆਂ ਡੇਅਰੀ ਵਾਲੀਆਂ ਵਸਤਾਂ ਪ੍ਰੋਟੀਨ ਦੇ ਬਿਹਤਰ ਸਰੋਤ ਹਨ। ਇਹਨਾਂ 'ਚ ਕੈਲਸ਼ੀਅਮ, ਫਾਸਫੋਰਸ, ਵਿਟਾਮਨ-ਡੀ ਵੀ ਹੁੰਦਾ ਹੈ। ਸੰਤੁਲਿਤ ਭੋਜਨ ਦਾ ਇਹ ਜਰੂਰੀ ਹਿੱਸਾ ਹਨ ਪਰ ਇਸ ਨੂੰ ਵੀ ਇੱਕ ਕੰਟਰੋਲ ਮਾਤਰਾ 'ਚ ਹੀ ਖਾਣਾ ਚਾਹੀਦਾ ਹੈ। ਸੁਬਾਹ ਨਾਸ਼ਤੇ ਜਦੋਂ ਪਨੀਰ, ਮੱਖਣ ਦੀ ਵਰਤੋਂ ਕਰੋ। ਦੁਪਹਿਰ ਵੇਲੇ ਭੋਜਨ ਨਾਲ ਦਹੀਂ ਲੈਣਾ ਚਾਹੀਦਾ ਹੈ ਤੇ ਰਾਤ ਨੂੰ ਦੁੱਧ ਜਰੂਰ ਪੀਓ ਤਾਂ ਕਿ ਪੇਟ ਸਾਫ ਰਹੇ। ਮਿਠਾਈਆਂ ਤੇ ਮਿੱਠੇ ਪਦਾਰਥ ਘੱਟ ਤੋਂ ਘੱਟ ਮਾਤਰਾ 'ਚ ਲੈਣੇ ਚਾਹੀਦੇ ਹਨ। ਪੂਰੇ ਦਿਨ 'ਚ ਭੋਜਨ ਚ ਸ਼ੱਕਰ ਦੀ ਮਾਤਰਾ ਤਿੰਨ-ਚਾਰ ਚਮਚ ਬਹੁਤ ਹੈ। ਇਸ ਤੋਂ ਵੱਧ ਨਹੀਂ ਲੈਣੀ ਚਾਹੀਦੀ।

**ਆਪ ਦਾ ਬ੍ਰੇਕਫਾਸਟ ਕਿਹੋ ਜਿਹਾ ਹੋਵੇ ?**

ਲਗਭਗ ਸਾਰੇ ਘਰਾਂ 'ਚ ਲੰਚ ਤੇ ਡਿਨਰ 'ਚ ਕੀ ਖਾਣਾ ਹੈ, ਇਸ ਬਾਰੇ ਬਹਿਸ ਚਲਦੀ ਹੀ ਰਹਿੰਦੀ ਹੈ ਪਰ ਬ੍ਰੇਕਫਾਸਟ ਬਾਰੇ ਬਹੁਤ ਲੋਕ ਭੁੱਲ ਹੀ ਜਾਂਦੇ ਹਨ ਜਦ ਕਿ ਸਾਡੇ ਸਰੀਰ ਨੂੰ ਲੋੜੀਂਦੀ ਊਰਜਾ ਦੇਣ ਲਈ ਬਰੇਕਫਾਸਟ ਦਾ ਪੋਸ਼ਟਿਕ ਹੋਣਾ ਬੇਹਦ ਜਰੂਰੀ ਹੈ। ਰਾਤ ਦੇ ਡਿਨਰ ਪਿੱਛੋਂ ਸੱਤ ਅੱਠ ਘੰਟੇ ਦੀ ਨੀਂਦ ਲਈ ਜਾਂਦੀ ਹੈ। ਉਸ ਤੋਂ ਜਾਗਣ ਦੇ ਤਿੰਨ ਚਾਰ ਘੰਟੇ ਬਾਅਦ ਹੀ ਬਰੇਕਫਾਸਟ ਮਿਲਦਾ ਹੈ ਯਾਨੀ ਪੂਰੇ 10 ਤੋਂ 12 ਘੰਟੇ ਪਿੱਛੋਂ ਤਾਂ ਅਜਿਹੇ 'ਚ ਸਰੀਰ ਦੀ ਊਰਜਾ ਘਟ ਜਾਂਦੀ ਹੈ। ਜਿਸ ਨੂੰ ਦੁਬਾਰਾ ਚਾਰਜ ਕਰਨ ਲਈ ਬਰੇਕਫਾਸਟ ਲਿਆ ਜਾਂਦਾ ਹੈ ਤਾਂ ਫਿਰ ਕਿਹੋ ਜਿਹਾ ਹੋਵੇ ਬਰੇਕਫਾਸਟ ?

ਸਰੀਰ ਨੂੰ ਫਿੱਟ ਰੱਖਣ ਲਈ ਤਨ ਮਨ ਦੋਹਾਂ ਦਾ ਅਲਰਟ ਹੋਣਾ ਜਰੂਰੀ ਹੈ। ਇਸ ਲਈ ਲੋੜੀਂਦੀ ਊਰਜਾ ਭੋਜਨ ਤੋਂ ਸਰੀਰ ਨੂੰ ਮਿਲਦੀ ਹੈ। ਜੇ ਸਰੀਰ ਨੂੰ ਤਾਜ਼ਾ ਐਨਰਜੀ/ ਊਰਜਾ ਨਹੀਂ ਮਿਲੇਗੀ ਤਾਂ ਸਰੀਰ ਪਹਿਲਾਂ ਤੋਂ ਇਕੱਠੀ ਹੋਈ ਪਈ ਊਰਜਾ ਨੂੰ ਹਾਸਲ ਕਰਦਾ ਹੈ। ਇਸ ਨਾਲ ਸਰੀਰ ਤੇ ਲੋਡ ਪੈਂਦਾ ਹੈ ਤੇ ਮੈਟਾਬੋਲੀਜ਼ਮ ਰੇਟ (ਸ਼ਰੀਰਕ ਕੰਮ ਕਰਨ ਇਥੋਂ ਤੱਕ ਕਿ ਸੌਣ, ਪੜ੍ਹਨ ਬੈਠਣ ਚੱਲਣ ਦੇ ਵਿੱਚ ਹੀ ਜਿੰਨੀਆਂ ਕੈਲਰੀਆਂ ਵਰਤਦਾ ਹੈ) ਇਕੱਠ ਹੋ ਜਾਂਦਾ ਹੈ। ਇਸ ਲਈ ਸਰੀਰ ਨੂੰ ਮਹਿਸੂਸ ਹੋਣ ਲੱਗਦਾ ਹੈ ਕਿ ਕੁਝ ਖਾਧਾ ਹੀ ਨਹੀਂ ਤੇ ਉਸ ਨੂੰ ਕੁੱਝ ਹਾਸਲ ਨਹੀਂ ਹੋ ਰਿਹਾ ਹੈ। ਅਤੇ ਪਹਿਲਾਂ ਤੋਂ ਰਿਜ਼ਰਵ ਖਾਣਾ ਘੱਟ ਨਾ ਰਹਿ ਜਾਵੇ ਇਸ ਲਈ ਉਹ ਮੈਟਾਬੋਲੀਜ਼ਮ ਰੇਟ ਘੱਟ ਕਰ ਦਿੰਦਾ ਹੈ। ਨਾਲ ਹੀ ਉਹ ਰਿਜਰਵ ਊਰਜਾ ਚੋਂ ਵੀ ਬਾਕੀ ਹਿੱਸਿਆਂ ਨੂੰ ਊਰਜਾ ਸਪਲਾਈ ਘੱਟ ਕਰਕੇ ਦਿਮਾਗ ਨੂੰ ਊਰਜਾ ਭੇਜਣੀ ਸ਼ੁਰੂ ਕਰ ਦਿੰਦਾ ਹੈ। ਇਸ ਨਾਲ ਥਕਾਵਟ ਹੋਣ ਲੱਗਦੀ ਹੈ ਆਲਸ ਆਉਂਦਾ ਹੈ ਅਤੇ ਏਸਡ ਬਣਨ।ੱਗਦਾ ਹੈ ਅਤੇ ਬਦਹਜ਼ਮੀ ਹੋ ਜਾਂਦੀ ਹੈ। ਇਸੇ ਲਈ ਜਰੂਰੀ ਹੈ ਕਿ ਸਾਡਾ ਨਾਸ਼ਤਾ ਪੋਸ਼ਟਿਕ ਹੋਣਾ ਚਾਹੀਦਾ ਹੈ। ਅਸੀਂ ਨਾਸ਼ਤਾ ਥੋੜਾ ਭਾਰੀ ਤੇ ਪੋਸ਼ਟਿਕ ਤੱਤਾਂ ਤੋਂ ਲੈਂਦੇ ਹਾਂ। ਲੰਚ ਭਾਵੇਂ ਅਸੀਂ ਨਾ ਕਰੀਏ ਤਾਂ ਵੀ ਸਾਡੀ ਊਰਜਾ ਬਣੀ ਰਹਿੰਦੀ ਹੈ। ਹੈਲਦੀ ਨਾਸ਼ਤਾ ਹਮੇਸ਼ਾ ਤਾਜ਼ਾ ਹੋਣਾ ਚਾਹੀਦਾ ਹੈ ਰਾਤ ਦਾ ਬੇਹਾ ਖਾਣਾ ਨਹੀਂ ਖਾਣਾ ਚਾਹੀਦਾ ਕਿਉਂਕਿ ਇਸ ਸਮੇਂ ਪੇਟ ਸਾਫ ਹੁੰਦਾ ਹੈ ਤੇ ਭੋਜਨ ਹਜਮ ਕਰਨ ਦੀ ਸਮਰਥਾ ਵੱਧ ਹੁੰਦੀ ਹੈ। ਇਸ ਲਈ ਇਥੇ ਬੇਹਾ ਖਾਣਾ ਨੁਕਸਾਨ ਕਰੇਗਾ। ਨਾਸ਼ਤਾ ਪੋਸ਼ਟਿਕ ਤੱਤਾਂ ਨਾਲ ਭਰਪੂਰ ਹੋਣਾ ਚਾਹੀਦਾ ਹੈ। ਜਿਸ ਚ ਖਣਿਜ, ਲਵਣ, ਵਿਟਾਮਨ, ਪ੍ਰੋਟੀਨ, ਫਾਈਬਰ, ਆਇਰਨ, ਕਾਰਬੋਹਾਈਡਰੇਟ, ਕੈਲਸ਼ੀਅਮ, ਫੈਟ ਆਦਿ ਤੱਤ ਲੋੜੀਦੀ ਮਾਤਰਾ ਚ ਹੋਣ ।

ਨਾਸ਼ਤੇ ’ਚ ਕਾਰਬੋਹਾਈਡਰੇਟ, ਫੈਟ ਪ੍ਰੋਟੀਨ ਤਿੰਨੋ ਹੋਣੇ ਚਾਹੀਦੇ ਹਨ। ਬਾਕੀ ਤਾਂ ਤੁਸੀਂ ਲੰਚ ਤੇ ਡਿਨਰ ਤੋਂ ਹਾਸਿਲ ਕਰ ਸਕਦੇ ਹੋ ਤਾਂ ਬਹੁਤ ਅੱਛਾ ਹੈ। ਸਿਹਤ ਲਈ ਆਪਾਂ ਦਲੀਆ ਦਾਣੇ ਤੇ ਕੰਪਲੈਕਸ ਕਾਰਬੋਹਾਈਡ੍ਰੇਟ ਲਵੋ ਕਿਉਂਕਿ ਇਹ ਸਰੀਰ 'ਚ ਹੌਲੀ ਹੌਲੀ ਸ਼ੂਗਰ ਰਿਲੀਜ਼ ਕਰਦੇ ਹਨ। ਨਾਲ ਬਦਾਮ ਮਿਕਸ ਦੁੱਧ, ਪਨੀਰ, ਪੁੰਗਰੀਆਂ ਦਾਲਾਂ, ਚਨਾਂ, ਸੋਇਆਬੀਨ, ਲੋਬੀਆ, ਮੋਠ, ਮੂੰਗੀ ਆਦਿ ਦੀ ਚਾਟ ਜਾਂ ਸਲਾਦ ਬਣਾ ਕੇ ਖਾਓ। ਜੂਸ (ਅਨਾਰ ਸੰਤਰਾ ਅਨਾਨਾਸ ਸੇਬ ਆਦਿ) ਇਹ ਨਾਸ਼ਤੇ ਨੂੰ ਹੈਲਦੀ ਤੇ ਭਾਰਾ ਬਣਾਉਂਦੇ ਹਨ ਜੋ ਸਰੀਰ ਨੂੰ ਊਰਜਾ ਦਿੰਦੇ ਹਨ। ਉਬਲੇ ਆਂਡੇ ਜਾਂ ਆਮਲੇਟ ਨਾਲ ਦੋ ਬ੍ਰੈਡ ਸਲਾਈਸ ਲਵੋ (ਜੇ ਤੁਸੀਂ ਅੰਡੇ ਖਾਂਦੇ ਹੋ) ਨਾਸ਼ਤੇ 'ਚ ਚਾਹ ਨਾ ਪੀਓ। ਦੁੱਧ, ਦਹੀ ਫਰੂਟ ਜੂਸ ਸਬਜ਼ੀਆਂ ਦਾ ਜੂਸ ਜਾਂ ਸੂਪ ਲਵੋ।

**ਬਰੇਕਫਾਸਟ ਨਾਸਤੇ 'ਚ ਨਾ ਖਾਣ ਯੋਗ ਵਸਤਾਂ ਕਿਹੜੀਆਂ ਹਨ:**

ਬਰੇਕਫਾਸਟ ਦੇ ਨਾਲ ਨਾਲ ਚਾਹ ਨਾ ਪੀਓ ਚਾਹ 'ਚ ਟੈਨਿਨ ਤੇ ਕੇਫੀਨ ਹੁੰਦੇ ਹਨ ਜੋ ਪੋਸ਼ਟਿਕ ਤੱਤਾਂ, (ਕੈਲਸ਼ੀਅਮ ਤੇ ਆਇਰਨ) ਨੂੰ ਸ਼ਰੀਰ ਚ ਜਜਬ ਨਹੀਂ ਹੋਣ ਦਿੰਦੇ। ਜੇ ਤੁਸੀਂ ਚਾਹ ਦੇ ਸ਼ੋਕੀਨ ਹੋ ਤਾਂ ਨਾਸ਼ਤੇ ਤੋਂ ਅੱਧਾ ਘੰਟਾ ਬਾਅਦ ਚਾਹ ਪੀ ਲਓ। ਨਾਸ਼ਤਾ ਹਲਕੇ ਮਿਰਚ ਮਸਾਲੇ ਵਾਲਾ ਹੋਵੇ ਤਾਂ ਕਿ ਜਲਦੀ ਪਚ ਸਕੇ। ਸਵੇਰ ਸਮੇਂ ਕਦੀ ਮਾਸ ਮੀਟ ਮੱਛੀ ਚਿਕਨ ਮਟਨ ਆਦਿ ਨਾ ਖਾਓ ਕਿਉਂਕਿ ਉਹਨਾਂ ਤੇ ਤੇਲ ਦੀ ਮਾਤਰਾ ਵੱਧ ਹੁੰਦੀ ਹੈ ਤੇ ਮਸਾਲੇ ਵੀ ਬਹੁਤ ਪੈਂਦੇ ਹਨ, ਜਿਸ ਕਰਕੇ ਉਹ ਦੇਰ ਨਾਲ ਪਚਦੇ ਹਨ ਤੇ ਗੈਸ ਬਣਾਉਂਦੇ ਹਨ ਅਤੇ ਪੇਟ ਭਾਰੀ ਕਰ ਦਿੰਦੇ ਹਨ। ਸਾਡੇ ਸਰੀਰ ਦਾ ਪਾਚਨ ਤਾਪਮਾਨ ਕਰੀਬ 37 ਡਿਗਰੀ ਦਾ ਹੈ ਇਸ ਕਰਕੇ ਨਾਸ਼ਤੇ 'ਚ ਫਰਿਜ ਚੋਂ ਕੱਢਿਆ ਠੰਡਾ ਪਦਾਰਥ ਨਹੀਂ ਖਾਣਾ ਚਾਹੀਦਾ।

ਨਿਊਡਲ, ਚਓਮੀਨ, ਮੈਗੀ, ਪੀਜਾ, ਬਰਗਰ, ਹਾਟਡਾਗ, ਸਮੋਸੇ ਨਾਸ਼ਤਾ ਨਹੀਂ ਹਨ। ਇਹਨਾਂ ਨੂੰ ਨਾਸ਼ਤੇ ਵਜੋਂ ਖਾਣ ਤੋਂ ਬਚੋ। ਕਸਰਤ ਕਰਨ ਤੋਂ ਅੱਧੇ ਘੰਟੇ ਪਿੱਛੋਂ ਹੀ ਬ੍ਰੇਕਫਾਸਟ ਕਰਨਾ ਚਾਹੀਦਾ ਹੈ ਨਾਸ਼ਤੇ ਤੋਂ ਚਾਰ-ਪੰਜ ਘੰਟੇ ਪਿੱਛੋਂ ਹੀ ਲੰਚ ਲੈਣਾ ਚਾਹੀਦਾ ਹੈ। ਡਾਇਬਿਟੀਜ ਮਰੀਜ਼ ਵਿੱਚ ਹਲਕਾ ਫੁਲਕਾ ਨਾਸ਼ਤਾ ਭੁੱਜੇ ਛੋਲੇ, ਮੁਰਮਰੇ, ਫਲ ਆਦਿ ਲੈ ਸਕਦੇ ਹੋ। ਦੁੱਧ ਦੇ ਨਾਲ ਦਹੀ ਨਾ ਲਓ। ਤਲਿਆ ਭੁੰਨਿਆ ਨਮਕੀਨ ਵੀ ਨਾ ਖਾਓ। ਮੱਛੀ ਨਾਲ ਦੁੱਧ ਨਾ ਪੀਓ। ਫਲ ਹਮੇਸ਼ਾ ਭੋਜਨ ਤੋਂ ਪਹਿਲਾਂ ਖਾਓ ਖਾਣੇ ਦੇ ਨਾਲ ਜਾਂ ਪਿੱਛੋਂ ਨਹੀਂ। ਮਿੱਠੇ ਤੇ ਖੱਟੇ ਫਲ ਇਕੱਠੇ ਨਾ ਖਾਓ। ਘਿਓ, ਮੱਖਣ, ਤੇਲ ਨੂੰ ਪਨੀਰ, ਅੰਡਾ, ਮੀਟ ਵਰਗੇ ਭਾਰੀ ਪ੍ਰੋਟੀਨ ਨੂੰ ਜਿਆਦਾ ਸਟਾਰਚ ਵਾਲੇ ਪਦਾਰਥਾਂ ਦੇ ਨਾਲ ਨਾ ਖਾਓ। ਫਲ ਖਾ ਰਹੇ ਹੋ ਤਾਂ ਉਸ ਉਪਰ ਦੀ ਪਾਣੀ ਨਹੀਂ ਪੀਣਾ ਚਾਹੀਦਾ।

-0-

ਸਾਡੀ ਖੇਤੀ

# ਉਪਜਾਊ ਸ਼ਕਤੀ ਦੇ ਮੁਲਾਂਕਣ ਲਈ ਮਿੱਟੀ ਦੀ ਜਾਂਚ

ਅਸ਼ੋਕ ਕੁਮਾਰ ਗਰਗ / ਗੋਬਿੰਦਰ ਸਿੰਘ ਸੰਪਰਕ: 95018-55223

ਖੇਤੀ ਦੀ ਸਫ਼ਲਤਾ ਨੂੰ ਨਿਰਧਾਰਤ ਕਰਨ ਲਈ ਮਿੱਟੀ ਦੀ ਉਪਜਾਊ ਸ਼ਕਤੀ ਨੂੰ ਜਾਨਣਾ ਜ਼ਰੂਰੀ ਹੈ। ਇਹ ਸ਼ਕਤੀ ਬੂਟਿਆਂ ਦੇ ਸਹੀ ਵਿਕਾਸ ਅਤੇ ਉਤਪਾਦਨ ਲਈ ਜ਼ਰੂਰੀ ਖ਼ੁਰਾਕੀ ਤੱਤ ਪ੍ਰਦਾਨ ਕਰਨ ਦੀ ਯੋਗਤਾ ਨੂੰ ਦਰਸਾਉਂਦੀ ਹੈ। ਹਾਲਾਂਕਿ, ਜਲਵਾਯੂ, ਮਿੱਟੀ ਦੀ ਕਿਸਮ ਅਤੇ ਫ਼ਸਲੀ ਪ੍ਰਬੰਧ ਆਦਿ ਵਰਗੇ ਕਾਰਨ ਵੀ ਮਿੱਟੀ ਦੀ ਉਪਜਾਊ ਸ਼ਕਤੀ ਨੂੰ ਬਦਲ ਸਕਦੇ ਹਨ। ਇਸ ਲਈ ਸਿਹਤਮੰਦ ਫ਼ਸਲਾਂ ਨੂੰ ਯਕੀਨੀ ਬਣਾਉਣ ਲਈ ਮਿੱਟੀ ਦੀ ਉਪਜਾਊ ਸ਼ਕਤੀ ਦਾ ਮੁਲਾਂਕਣ ਕਰਨਾ ਜ਼ਰੂਰੀ ਹੈ।

ਮਿੱਟੀ ਦੀ ਉਪਜਾਊ ਸ਼ਕਤੀ ਦਾ ਮੁਲਾਂਕਣ ਹੇਠ ਲਿਖੇ ਕਾਰਨਾਂ ਕਰ ਕੇ ਮਹੱਤਵਪੂਰਨ ਹੈ:

• **ਅਨੁਕੂਲ ਫ਼ਸਲ ਵਿਕਾਸ:** ਬੂਟਿਆਂ ਨੂੰ ਸਹੀ ਵਿਕਾਸ ਅਤੇ ਚੰਗੇ ਝਾੜ ਲਈ ਕਈ ਤਰ੍ਹਾਂ ਦੇ ਖ਼ੁਰਾਕੀ ਤੱਤਾਂ ਦੀ ਲੋੜ ਹੁੰਦੀ ਹੈ। ਇਸ ਲਈ ਮਿੱਟੀ ਦੀ ਜਾਂਚ ਨਾਲ ਇਹ ਨਿਰਧਾਰਤ ਕੀਤਾ ਜਾ ਸਕਦਾ ਹੈ ਕਿ ਮਿੱਟੀ ਵਿੱਚ ਕਿਹੜੇ ਖ਼ੁਰਾਕੀ ਤੱਤਾਂ ਦੀ ਘਾਟ ਅਤੇ ਕਿੰਨਾਂ ਦੀ ਬਹੁਤਾਤ ਹੈ। ਇਸ ਜਾਣਕਾਰੀ ਤੋਂ ਫ਼ਸਲ ਦੇ ਅਨੁਕੂਲ ਵਿਕਾਸ ਨੂੰ ਯਕੀਨੀ ਬਣਾਉਣ ਲਈ ਲੋੜੀਂਦੀਆਂ ਸੋਧਾਂ ਕੀਤੀਆਂ ਜਾ ਸਕਦੀਆਂ ਹਨ।



• **ਲਾਗਤ-ਪ੍ਰਭਾਵਸ਼ਾਲੀ:** ਮਿੱਟੀ ਦੀ ਜਾਂਚ ਨਾਲ ਬੇਲੋੜੀਆਂ ਖਾਦਾਂ ਦੀ ਵਰਤੋਂ ਤੋਂ ਬਚਣ ਵਿੱਚ ਮਦਦ ਮਿਲ ਸਕਦੀ ਹੈ। ਇਸ ਨਾਲ ਨਾ ਸਿਰਫ਼ ਸਰੋਤਾਂ ਦੀ ਬਰਬਾਦੀ, ਸਗੋਂ ਵਾਤਾਵਰਨ ’ਤੇ ਪੈ ਰਹੇ ਬੁਰੇ ਪ੍ਰਭਾਵਾਂ ਦੇ ਨੁਕਸਾਨ ਤੋਂ ਵੀ ਬਚਿਆ ਜਾ ਸਕਦਾ ਹੈ। ਜਾਂਚ ਨਾਲ ਸਹੀ ਖ਼ੁਰਾਕੀ ਲੋੜਾਂ ਨੂੰ ਜਾਣ ਕੇ, ਸਿਰਫ਼ ਲੋੜੀਂਦੀਆਂ ਖਾਦਾਂ ਨੂੰ ਹੀ ਵਰਤ ਕੇ ਕਿਸਾਨ ਪੈਸੇ ਬਚਾ ਸਕਦੇ ਹਨ।

• **ਖ਼ੁਰਾਕੀ ਤੱਤਾਂ ਦੀ ਘਾਟ:** ਖ਼ੁਰਾਕੀ ਤੱਤਾਂ ਦੀ ਘਾਟ ਕਾਰਨ ਵਿਕਾਸ ਰੁਕ ਸਕਦਾ ਹੈ, ਪੈਦਾਵਾਰ ਘਟ ਸਕਦੀ ਹੈ। ਇੱਥੋਂ ਤੱਕ ਕਿ ਫ਼ਸਲ ਬਰਬਾਦ ਵੀ ਹੋ ਸਕਦੀ ਹੈ। ਇਸ ਲਈ ਨਿਯਮਤ ਤੌਰ ’ਤੇ ਜਾਂਚ ਕਰਵਾ ਕੇ, ਘਾਟ ਆਉਣ ਤੋਂ ਪਹਿਲਾਂ ਹੀ ਹੱਲ ਕੀਤਾ ਜਾ ਸਕਦਾ ਹੈ।

ਬੂਟਿਆਂ ਨੂੰ ਆਪਣੇ ਵਾਧੇ ਅਤੇ ਵਿਕਾਸ ਲਈ 17 ਜ਼ਰੂਰੀ ਖ਼ੁਰਾਕੀ ਤੱਤਾਂ ਦੀ ਲੋੜ ਹੁੰਦੀ ਹੈ, ਜੋ ਉਹ ਮਿੱਟੀ, ਪਾਣੀ ਅਤੇ ਹਵਾ ਤੋਂ ਪ੍ਰਾਪਤ ਕਰਦੇ ਹਨ। ਪੰਜਾਬ ਵਿੱਚ ਜਿੱਥੇ ਫ਼ਸਲਾਂ ਦੀ ਘਣਤਾ ਲਗਪਗ 200 ਫ਼ੀਸਦੀ ਤੋਂ ਵੱਧ ਹੈ, ਉੱਥੇ ਮਿੱਟੀ ਅਤੇ ਬੂਟਿਆਂ ਦੋਵਾਂ ਵਿੱਚ ਕੁਝ ਜ਼ਰੂਰੀ ਖ਼ੁਰਾਕੀ ਤੱਤਾਂ ਦੀ ਘਾਟ ਆਉਣ ਲੱਗ ਪਈ ਹੈ। ਇਹ ਮੁੱਖ ਤੌਰ ’ਤੇ ਇੱਕੋ ਹੀ ਖ਼ੁਰਾਕੀ ਤੱਤ ਦੀ ਅਸੰਤੁਲਿਤ ਵਰਤੋਂ ਕਾਰਨ ਹੁੰਦਾ ਹੈ, ਜਿਸ ਨਾਲ ਦੂਜੇ ਖ਼ੁਰਾਕੀ ਤੱਤਾਂ ਦੀ ਅਣ-ਉਪਲਬਧਤਾ ਜਾਂ ਜ਼ਹਿਰੀਲੇਪਣ ਹੋ ਸਕਦਾ ਹੈ। ਇਹ ਨੋਟ ਕਰਨਾ ਮਹੱਤਵਪੂਰਨ ਹੈ ਕਿ ਮਿੱਟੀ ਖ਼ੁਰਾਕੀ ਤੱਤਾਂ ਦੇ ਭੰਡਾਰ ਵਜੋਂ ਕੰਮ ਕਰਦੀ ਹੈ, ਪਰ ਇਨ੍ਹਾਂ ਖ਼ੁਰਾਕੀ ਤੱਤਾਂ ਨੂੰ ਨਿਯਮਤ ਤੌਰ ’ਤੇ ਮੁੜ ਭਰਨ ਤੋਂ ਬਿਨਾਂ ਲਗਾਤਾਰ ਕੱਢਣ ਨਾਲ ਇਨ੍ਹਾਂ ਤੱਤਾਂ ਦੀ ਘਾਟ ਹੋ ਜਾਵੇਗੀ।

ਭਾਰਤ ਸਰਕਾਰ ਨੇ ਫਰਵਰੀ 2015 ਵਿੱਚ ‘ਸੋਇਲ ਹੈਲਥ ਕਾਰਡ’ ਸਕੀਮ ਸ਼ੁਰੂ ਕੀਤੀ। ਇਸ ਸਕੀਮ ਦਾ ਉਦੇਸ਼ ਕਿਸਾਨਾਂ ਦੇ ਖੇਤਾਂ ਦੀ ਮਿੱਟੀ ਪਰਖ ਰਾਹੀਂ ਖਾਦ ਦੀ ਵਰਤੋਂ ਦੇ ਸਹੀ ਸਮੇਂ, ਮਾਤਰਾ, ਕਿਸਮ ਅਤੇ ਵਿਧੀ ਬਾਰੇ ਪੂਰੀ ਜਾਣਕਾਰੀ ਪ੍ਰਦਾਨ ਕਰਨਾ ਹੈ। ਸਰਕਾਰ ਕਿਸਾਨਾਂ ਨੂੰ ਇਸ ਕਾਰਡ ਰਾਹੀਂ ਖੇਤੀ ਦੀਆਂ ਖ਼ੁਰਾਕੀ ਲੋੜਾਂ ਦੀ ਸਮਝਦਾਰੀ ਨਾਲ ਵਰਤੋਂ ਕਰ ਕੇ ਉਨ੍ਹਾਂ ਦੇ ਉਤਪਾਦਨ ਵਧਾਉਣ ਵਿੱਚ ਮਦਦ ਕਰਨ ਦਾ ਟੀਚਾ ਰੱਖਦੀ ਹੈ। ਪੰਜਾਬ ਖੇਤੀਬਾੜੀ ਯੂਨੀਵਰਸਿਟੀ (ਪੀਏਯੂ), ਲੁਧਿਆਣਾ ਵੀ ਕਿਸਾਨਾਂ ਨੂੰ ਉਨ੍ਹਾਂ ਦੇ ਖੇਤਾਂ ਦੇ ਮਿੱਟੀ ਦੇ ਨਮੂਨਿਆਂ ਦੀ ਜਾਂਚ ਰਾਹੀਂ ਸੋਇਲ ਹੈਲਥ ਕਾਰਡ ਪ੍ਰਦਾਨ ਕਰਨ ਵਿੱਚ ਅਹਿਮ ਭੂਮਿਕਾ ਨਿਭਾ ਰਹੀ ਹੈ। ਭੂਮੀ ਵਿਗਿਆਨ ਵਿਭਾਗ, ਪੀਏਯੂ, ਲੁਧਿਆਣਾ ਅਤੇ ਪੰਜਾਬ ਦੇ ਲਗਪਗ ਹਰ ਜ਼ਿਲ੍ਹੇ ਵਿੱਚ ਸਥਿਤ ਕ੍ਰਿਸ਼ੀ ਵਿਗਿਆਨ ਕੇਂਦਰ ਬਹੁਤ ਹੀ ਮਾਮੂਲੀ ਫੀਸਾਂ ’ਤੇ ਮਿੱਟੀ ਪਰਖ ਸੇਵਾਵਾਂ ਪ੍ਰਦਾਨ ਕਰਦੇ ਹਨ। ਸੋਇਲ ਹੈਲਥ ਕਾਰਡ ਮਿੱਟੀ ਦੀ ਗੁਣਵੱਤਾ ਅਤੇ ਉਪਜਾਊ ਸ਼ਕਤੀ ਬਾਰੇ ਕੀਮਤੀ ਜਾਣਕਾਰੀ ਪ੍ਰਦਾਨ ਕਰਦਾ ਹੈ, ਕਿਸਾਨਾਂ ਨੂੰ ਖਾਦ ਦੀ ਵਰਤੋਂ ਬਾਰੇ ਸਹੀ ਫ਼ੈਸਲੇ ਲੈਣ ਦੇ ਯੋਗ ਬਣਾਉਂਦਾ ਹੈ। ਇਨ੍ਹਾਂ ਕਾਰਡਾਂ ਵਿੱਚ ਹਰ ਵਿਲੱਖਣ ਖੇਤ ਲਈ ਲੋੜੀਂਦੀਆਂ ਖਾਦਾਂ ਲਈ ਫ਼ਸਲ-ਵਿਸ਼ੇਸ਼ ਸਿਫ਼ਾਰਸ਼ਾਂ ਸ਼ਾਮਲ ਹੁੰਦੀਆਂ ਹਨ।

ਮਿੱਟੀ ਪਰਖ ਰਿਪੋਰਟਾਂ ਕਿਸ ਕਿਸਮ ਦੀ ਜਾਣਕਾਰੀ ਪ੍ਰਦਾਨ ਕਰਦੀਆਂ ਹਨ: ਮਿੱਟੀ ਦੇ ਖਾਰੀ ਅੰਗ, ਲੂਣਾਂ ਦੀ ਮਾਤਰਾ, ਜੈਵਿਕ ਕਾਰਬਨ, ਉਪਲਬਧ ਫਾਸਫੋਰਸ, ਉਪਲਬਧ ਪੋਟਾਸ਼, ਅਤੇ ਮਿੱਟੀ ਦੀ ਬਣਤਰ ਬਾਰੇ ਵਿਸਥਾਰਪੂਰਵਕ ਜਾਣਕਾਰੀ ਮਿੱਟੀ ਪਰਖ ਰਿਪੋਰਟਾਂ ਦੁਆਰਾ ਪ੍ਰਦਾਨ ਕੀਤੀ ਜਾਂਦੀ ਹੈ। ਇਕੱਠੀ ਕੀਤੀ ਜਾਣਕਾਰੀ ਦੇ ਆਧਾਰ ’ਤੇ ਕਿਸਾਨਾਂ ਨੂੰ ਰਸਾਇਣਕ ਅਤੇ ਜੈਵਿਕ ਖਾਦਾਂ ਦਾ ਸੰਤੁਲਿਤ ਵਰਤੋਂ ਕਰਨ ਦੀ ਸਲਾਹ ਦਿੱਤੀ ਜਾਂਦੀ ਹੈ।

* **ਮਿੱਟੀ ਦਾ ਖਾਰੀ ਅੰਗ:** ਮਿੱਟੀ ਦਾ ਤੇਜ਼ਾਬੀਪਣ ਜਾਂ ਖਾਰਾਪਣ ਇਸ ਦੇ ‘ਖਾਰੀਅੰਗ’ ਭਾਵ ‘ਪੀ ਐੱਚ’ ਦੁਆਰਾ ਨਿਰਧਾਰਤ ਕੀਤਾ ਜਾਂਦਾ ਹੈ। ਪੀ ਐੱਚ ਦੇ ਆਧਾਰ ’ਤੇ ਮਿੱਟੀ ਨੂੰ ਤੇਜ਼ਾਬੀ (6.5 ਤੋਂ ਘੱਟ), ਠੀਕ (6.5 ਤੋਂ 8.8), ਖਾਰੀ (8.8 ਤੋਂ 9.3 ਤੱਕ), ਜਾਂ ਕਾਲਾ ਕੱਲਰ (9.3 ਤੋਂ ਵੱਧ) ਦੇ ਰੂਪ ਵਿੱਚ ਸ਼੍ਰੇਣੀਬੱਧ ਕੀਤਾ ਗਿਆ ਹੈ। ਪੰਜਾਬ ਵਿੱਚ ਤੇਜ਼ਾਬੀ ਮਿੱਟੀਆਂ ਬਹੁਤ ਘੱਟ ਮਿਲਦੀਆਂ ਹਨ ਜਿਨ੍ਹਾਂ ਨੂੰ ਲੋੜੀਂਦਾ ਚੂਨਾ ਪਾ ਕੇ ਸੁਰਜੀਤ ਕੀਤਾ ਜਾ ਸਕਦਾ ਹੈ। ਖਾਰੀਆਂ ਮਿੱਟੀਆਂ ਨੂੰ ਠੀਕ ਕਰਨ ਲਈ ਹਰੀ ਖਾਦ ਦੀਆਂ ਫ਼ਸਲਾਂ ਅਤੇ ਚੰਗੀ ਤਰ੍ਹਾਂ ਸੜੀ ਹੋਈ ਰੂੜੀ ਦੀ ਖਾਦ ਦੀ ਵਰਤੋਂ ਕੀਤੀ ਜਾ ਸਕਦੀ ਹੈ। ਖਾਰੀ ਅੰਗ ਕਾਲੇ ਕੱਲਰ ਵਾਲੀ ਸਥਿਤੀ ਵਿੱਚ ਜਿਪਸਮ ਪਾ ਕੇ ਸੁਧਾਰਿਆ ਜਾ ਸਕਦਾ ਹੈ। ਇਨ੍ਹਾਂ ਜ਼ਮੀਨਾਂ ਵਿੱਚ ਆਮ ਨਾਲੋਂ 25 ਫ਼ੀਸਦੀ ਵੱਧ ਨਾਈਟ੍ਰੋਜਨ ਖਾਦ ਪਾਉਣ ਦੀ ਸਲਾਹ ਦਿੱਤੀ ਜਾਂਦੀ ਹੈ।

* **ਲੂਣਾਂ ਦੀ ਮਾਤਰਾ:** ਮਿੱਟੀ ਦੀ ਸਿਹਤ ਦਾ ਜ਼ਰੂਰੀ ਸੰਕੇਤ ਹੈ ਇਸ ਵਿੱਚ ਮੌਜੂਦ ਲੂਣਾਂ ਦੀ ਮਾਤਰਾ। ਇਹ ਮਿੱਟੀ ਦੇ ਖ਼ੁਰਾਕੀ ਤੱਤਾਂ ਦੀ ਉਪਲਬਧਤਾ, ਫ਼ਸਲ ਦੀ ਅਨੁਕੂਲਤਾ, ਫ਼ਸਲ ਦੀ ਪੈਦਾਵਾਰ, ਮਿੱਟੀ ਦੇ ਸੂਖਮ ਜੀਵਾਣੂਆਂ ਦੀਆਂ ਗਤੀਵਿਧੀਆਂ ਆਦਿ ’ਤੇ ਪ੍ਰਭਾਵ ਪਾਉਂਦਾ ਹੈ। ਲੂਣਾਂ ਦੀ ਜ਼ਿਆਦਾ ਮਾਤਰਾ ਮਿੱਟੀ-ਪਾਣੀ ਦੇ ਸੰਤੁਲਨ ਨੂੰ ਪ੍ਰਭਾਵਿਤ ਕਰ ਕੇ ਬੂਟਿਆਂ ਦੇ ਵਿਕਾਸ ਵਿੱਚ ਰੁਕਾਵਟ ਪਾਉਂਦੀ ਹੈ। ਫ਼ਸਲਾਂ ਲਈ ਲੂਣਾਂ ਦੀ ਮਾਤਰਾ 0.8 ਮਿਲੀ

ਮਹੋਸ/ਸਮ ਤੋਂ ਘੱਟ ਹੋਣੀ ਚਾਹੀਦੀ ਹੈ ਅਤੇ ਜਿੱਥੇ ਇਹ ਮਾਤਰਾ 0.8 ਮਿਲੀ ਮਹੋਸ/ਸਮ ਤੋਂ ਵੱਧ ਹੈ ਉਹ ਮਿੱਟੀ ਖਾਰੀ ਹੁੰਦੀ ਹੈ। ਖਾਰੀ ਮਿੱਟੀ ਨੂੰ ਸਿਫ਼ਾਰਸ਼ ਕੀਤੀ ਮਾਤਰਾ ਨਾਲੋਂ 25 ਫ਼ੀਸਦੀ ਵਾਧੂ ਨਾਈਟ੍ਰੋਜਨ ਦੀ ਲੋੜ ਹੁੰਦੀ ਹੈ। ਫ਼ਸਲਾਂ ਦੀ ਰਹਿੰਦ-ਖੂੰਹਦ, ਹਰੀ ਖਾਦ ਅਤੇ ਜੈਵਿਕ ਖਾਦ ਨੂੰ ਪਾਉਣਾ ਇਨ੍ਹਾਂ ਮਿੱਟੀਆਂ ਲਈ ਫ਼ਾਇਦੇਮੰਦ ਹੈ। ਅਜਿਹੀਆਂ ਮਿੱਟੀਆਂ ਵਿੱਚ ਕਿਸਾਨਾਂ ਨੂੰ ਜਿਪਸਮ ਨਾ ਪਾਉਣ ਦੀ ਸਲਾਹ ਦਿੱਤੀ ਜਾਂਦੀ ਹੈ।

* **ਜੈਵਿਕ ਕਾਰਬਨ:** ਮਿੱਟੀ ਦੀ ਜੈਵਿਕ ਕਾਰਬਨ ਦੀ ਮਾਤਰਾ ਨੂੰ ਇਸ ਵਿੱਚ ਮੌਜੂਦ ਨਾਈਟ੍ਰੋਜਨ ਤੱਤ ਦੀ ਉਪਲਬਧਤਾ ਦਾ ਸੂਚਕ ਮੰਨਿਆ ਜਾਂਦਾ ਹੈ ਅਤੇ ਨਾਈਟ੍ਰੋਜਨ ਖਾਦ ਦੀਆਂ ਸਿਫ਼ਾਰਸ਼ਾਂ ਕਰਨ ਲਈ ਵਰਤਿਆ ਜਾਂਦਾ ਹੈ। ਮਿੱਟੀ ਨੂੰ ਜੈਵਿਕ ਕਾਰਬਨ ਦੀ ਮਾਤਰਾ ਦੇ ਆਧਾਰ 'ਤੇ ਘੱਟ (0.4% ਤੋਂ ਘੱਟ), ਦਰਮਿਆਨੀ (0.4 ਤੋਂ 0.75%), ਅਤੇ ਵੱਧ (0.75% ਤੋਂ ਵੱਧ) ਦੇ ਰੂਪ ਵਿੱਚ ਸ਼੍ਰੇਣੀਬੱਧ ਕੀਤਾ ਗਿਆ ਹੈ। ਘੱਟ ਜੈਵਿਕ ਕਾਰਬਨ ਵਾਲੀਆਂ ਮਿੱਟੀਆਂ ਵਿੱਚ ਆਮ ਦੇ ਮੁਕਾਬਲੇ ਨਾਈਟ੍ਰੋਜਨ ਪ੍ਰਦਾਨ ਕਰਨ ਦੀ ਸਮਰੱਥਾ ਘੱਟ ਹੁੰਦੀ ਹੈ, ਇਸ ਕਰ ਕੇ ਇਨ੍ਹਾਂ ਨੂੰ ਸਿਫ਼ਾਰਸ਼ ਖਾਦਾਂ ਤੋਂ 25% ਜ਼ਿਆਦਾ ਨਾਈਟ੍ਰੋਜਨ ਦੀ ਲੋੜ ਹੁੰਦੀ ਹੈ। ਇਸ ਦੇ ਉਲਟ ਦਰਮਿਆਨੀ ਮਿੱਟੀ ਦੇ ਮੁਕਾਬਲੇ, ਉੱਚ ਸ਼੍ਰੇਣੀ ਵਾਲੀ ਮਿੱਟੀ ਵਿੱਚ 25% ਘੱਟ ਨਾਈਟ੍ਰੋਜਨ ਦੀ ਵਰਤੋਂ ਕਰੋ।

* **ਫਾਸਫੋਰਸ:** ਮਿੱਟੀ ਵਿੱਚ ਉਪਲਬਧ ਫਾਸਫੋਰਸ ਤੱਤ ਦੀ ਮਾਤਰਾ ਦੇ ਆਧਾਰ 'ਤੇ ਮਿੱਟੀ ਨੂੰ ਘੱਟ (5 ਕਿਲੋਗ੍ਰਾਮ ਪ੍ਰਤੀ ਏਕੜ ਤੋਂ ਘੱਟ), ਦਰਮਿਆਨੀ (5-9 ਕਿਲੋਗ੍ਰਾਮ ਪ੍ਰਤੀ ਏਕੜ), ਜ਼ਿਆਦਾ (9-20 ਕਿਲੋਗ੍ਰਾਮ ਪ੍ਰਤੀ ਏਕੜ) ਅਤੇ ਬਹੁਤ ਜ਼ਿਆਦਾ (20 ਕਿਲੋਗ੍ਰਾਮ/ਏਕੜ ਤੋਂ ਵੱਧ) ਸ਼੍ਰੇਣੀਆਂ ਦੇ ਰੂਪ ਵਿੱਚ ਸ਼੍ਰੇਣੀਬੱਧ ਕੀਤਾ ਗਿਆ ਹੈ। ਜੇ ਮਿੱਟੀ ਵਿੱਚ ਫਾਸਫੋਰਸ ਤੱਤ ਦੀ ਮਾਤਰਾ ਘੱਟ ਹੈ ਤਾਂ ਸਿਫ਼ਾਰਸ਼ ਖਾਦਾਂ ਨਾਲੋਂ 25% ਜ਼ਿਆਦਾ ਖਾਦ ਪਾਓ ਅਤੇ ਜੇ ਮਾਤਰਾ ਵੱਧ ਹੈ ਤਾਂ 25% ਘੱਟ ਖਾਦ ਪਾਓ। ਜੇ ਮਿੱਟੀ ਦੀ ਫਾਸਫੋਰਸ ਤੱਤ ਦੀ ਮਾਤਰਾ ਬਹੁਤ ਜ਼ਿਆਦਾ ਹੈ ਤਾਂ ਦੋ ਤੋਂ ਤਿੰਨ ਸਾਲਾਂ ਲਈ ਫਾਸਫੋਰਸ ਪਾਉਣਾ ਛੱਡ ਦਿਓ ਅਤੇ ਫਿਰ ਮਿੱਟੀ ਦੀ ਦੁਬਾਰਾ ਜਾਂਚ ਕਰਵਾਉ। ਜੈਵਿਕ ਕਾਰਬਨ ਦੀ ਮਾਤਰਾ ਵੀ ਮਿੱਟੀ ਦੀ ਫਾਸਫੋਰਸ ਦੀ ਮਾਤਰਾ ਨੂੰ ਪ੍ਰਭਾਵਿਤ ਕਰਦੀ ਹੈ।

* **ਪੋਟਾਸ਼:** ਮਿੱਟੀ ਨੂੰ ਉਪਲਬਧ ਪੋਟਾਸ਼ ਦੀ ਮਾਤਰਾ ਦੇ ਆਧਾਰ 'ਤੇ ਲੋੜੀਂਦੀ (55 ਕਿਲੋਗ੍ਰਾਮ/ਏਕੜ ਤੋਂ ਵੱਧ) ਜਾਂ ਘਾਟ (55 ਕਿਲੋਗ੍ਰਾਮ/ਏਕੜ ਤੋਂ ਘੱਟ) ਸ਼੍ਰੇਣੀਬੱਧ ਕੀਤਾ ਗਿਆ ਹੈ। ਪੋਟਾਸ਼ ਦੀ ਘਾਟ ਜਾਣਨ ਲਈ ਮਿੱਟੀ ਦੀ ਜਾਂਚ ਕਰਵਾਉਣੀ ਲਾਜ਼ਮੀ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਪੋਟਾਸ਼ ਖਾਦ ਦੀ ਵਰਤੋਂ ਨਾਲ ਫ਼ਸਲਾਂ ਦੀ ਉਤਪਾਦਕਤਾ ਵਿੱਚ ਰੁਕਾਵਟ ਨਾ ਪਵੇ।

* **ਸੂਖਮ ਖ਼ੁਰਾਕੀ ਤੱਤ:** ਜਿਵੇਂ-ਜਿਵੇਂ ਖੇਤੀਬਾੜੀ ਦਾ ਵਿਸਥਾਰ ਹੋਇਆ ਵਧੇਰੇ ਝਾੜ ਦੇਣ ਵਾਲੀਆਂ ਫ਼ਸਲਾਂ ਦੀਆਂ ਕਿਸਮਾਂ ਦੀ ਕਾਸ਼ਤ ਕੀਤੀ ਗਈ ਅਤੇ ਉੱਚ ਵਿਸ਼ਲੇਸ਼ਣਾਤਮਕ ਖਾਦਾਂ ਦੀ ਵਰਤੋਂ ਸਦਕਾ ਸੂਖਮ ਖ਼ੁਰਾਕੀ ਤੱਤਾਂ ਦੀ ਘਾਟ ਆਉਣੀ ਸ਼ੁਰੂ ਹੋ ਗਈ ਹੈ ਜਿਸ ਨੇ ਫ਼ਸਲਾਂ ਦੀ ਪੈਦਾਵਾਰ ਨੂੰ ਘਟਾਇਆ ਹੈ। ਉਦਾਹਰਨ ਵਜੋਂ ਜ਼ਿੰਕ ਦੀ ਘਾਟ ਵਾਲੀ ਮਿੱਟੀ (0.6 ਕਿਲੋ ਜ਼ਿੰਕ /ਏਕੜ ਤੋਂ ਘੱਟ) ਵਿੱਚ 10-25 ਕਿਲੋ ਜ਼ਿੰਕ ਸਲਫੇਟ ਵਰਤਣ ਦੀ ਸਲਾਹ ਦਿੱਤੀ ਜਾਂਦੀ ਹੈ। ਰੇਤਲੀਆਂ ਜ਼ਮੀਨਾਂ ਵਿੱਚ ਜੇ ਮਿੱਟੀ ਵਿੱਚ ਮੈਂਗਨੀਜ਼ ਤੱਤ 3.5 ਕਿਲੋ ਪ੍ਰਤੀ ਏਕੜ ਤੋਂ ਘੱਟ ਹੋਵੇ ਤਾਂ ਝੋਨੇ ਤੋਂ ਬਾਅਦ ਕਣਕ ਅਤੇ ਬਰਸੀਮ ਦੀਆਂ ਫ਼ਸਲਾਂ ਵਿੱਚ ਮੈਂਗਨੀਜ਼ ਦੀ ਘਾਟ ਆਮ ਤੌਰ 'ਤੇ ਅਕਸਰ ਹੀ ਆ ਜਾਂਦੀ ਹੈ। ਇਸ ਨੂੰ 0.5% ਮੈਂਗਨੀਜ਼ ਸਲਫੇਟ ਦੇ ਘੋਲ ਦੇ ਚਾਰ ਛਿੜਕਾਵਾਂ ਨਾਲ ਠੀਕ ਕੀਤਾ ਜਾ ਸਕਦਾ ਹੈ। ਝੋਨੇ ਦੀ ਪਨੀਰੀ ਰੇਤਲੀਆਂ ਜ਼ਮੀਨਾਂ ਵਿੱਚ ਬੀਜਣ ਨਾਲ ਲੋਹੇ ਦੀ ਘਾਟ ਆ ਜਾਂਦੀ ਹੈ। ਇਸ ਨੂੰ 0.5% ਫੈਰਸ ਸਲਫੇਟ ਦੇ ਛਿੜਕਾਅ ਨਾਲ ਠੀਕ ਕੀਤਾ ਜਾ ਸਕਦਾ ਹੈ।

ਆਮ ਫ਼ਸਲਾਂ ਦੀ ਖਾਦ ਦੀ ਲੋੜ ਨੂੰ ਜਾਣਨ ਲਈ ਸਮੱਸਿਆ ਵਾਲੀ ਮਿੱਟੀ ਦੇ ਸੁਧਾਰ ਲਈ ਅਤੇ ਬਾਗ਼ ਲਗਾਉਣ ਲਈ ਮਿੱਟੀ ਦੇ ਨਮੂਨੇ ਲੈਣ ਦੀ ਵਿਧੀ ਇਸ ਤਰ੍ਹਾਂ ਹੈ:


ਮਿੱਟੀ ਦਾ ਨਮੂਨਾ ਕਿਵੇਂ, ਕਦੋਂ, ਕਿੱਥੋਂ ਅਤੇ ਕਿੰਨਾ ਲੈਣਾ ਹੈ: ਫ਼ਸਲ ਦੀ ਕਟਾਈ ਤੋਂ ਬਾਅਦ ਖੇਤ ਵਿੱਚੋਂ ਮਿੱਟੀ ਦਾ ਨਮੂਨਾ ਲਿਆ ਜਾ ਸਕਦਾ ਹੈ ਤਾਂ ਜੋ ਅਗਲੀ ਫ਼ਸਲ ਲਈ ਖਾਦ ਦੀ ਲੋੜ ਦਾ ਮੁਲਾਂਕਣ ਕੀਤਾ ਜਾ ਸਕੇ। ਮਿੱਟੀ ਦੀ ਸਤਹਿ ਦੇ ਮਲਬੇ ਨੂੰ ਸਾਫ਼ ਕਰਨ ਤੋਂ ਬਾਅਦ 6 ਇੰਚ ਦੀ ਡੂੰਘਾਈ ਤੱਕ ਕਹੀ ਜਾਂ ਖੁਰਪਾ ਨਾਲ 'ੜ' ਆਕਾਰ ਦਾ ਕੱਟ ਬਣਾਓ। ਕੱਟ ਦੇ ਕਿਸੇ ਵੀ ਪਾਸੇ ਤੋਂ ਮਿੱਟੀ ਦਾ ਲਗਪਗ 1 ਇੰਚ ਮੋਟਾ ਇੱਕਸਾਰ ਟੁਕੜਾ ਤੋੜੋ। ਇਸੇ ਤਰ੍ਹਾਂ ਮਿੱਟੀ ਦੇ ਨਮੂਨੇ 7-8 ਬੇਤਰਤੀਬੇ ਚੁਣੇ ਹੋਏ ਭਾਗਾਂ ਤੋਂ ਇੱਕੋ ਜਿਹੀ ਦਿੱਖ ਵਾਲੇ ਖੇਤ ਵਿੱਚੋਂ ਇੱਕ ਕਰਿਸ-ਕ੍ਰਾਸ ਢੰਗ ਵਿੱਚ ਇਕੱਠੇ ਕਰੋ। ਪਰ ਜੇ ਖੇਤ ਦੀ ਉਪਜਾਊ ਸ਼ਕਤੀ ਜਾਂ ਬਣਤਰ ਵੱਖਰੀ ਦਿਖਾਈ ਦਿੰਦੀ ਹੈ ਤਾਂ ਹਰ ਖੇਤ ਤੋਂ ਵੱਖਰੇ ਤੌਰ 'ਤੇ ਨਮੂਨੇ ਲਵੋ। ਖੇਤ ਦੇ ਵੱਖ-ਵੱਖ ਥਾਵਾਂ ਤੋਂ ਇਕੱਠੀ ਕੀਤੀ ਮਿੱਟੀ ਨੂੰ ਚੰਗੀ ਤਰ੍ਹਾਂ ਮਿਲਾਓ। ਜੇ ਮਿੱਟੀ ਵਿੱਚ ਕੁਝ ਕੰਕਰ, ਪੱਥਰ ਜਾਂ ਬਜਰੀ ਹੈ ਤਾਂ ਉਨ੍ਹਾਂ ਨੂੰ ਬਾਹਰ ਨਾ ਸੁੱਟੋ ਤੇ ਉਨ੍ਹਾਂ ਨੂੰ ਨਮੂਨੇ ਵਿੱਚ ਹੀ ਸ਼ਾਮਲ ਕਰੋ। ਲਗਪਗ 500 ਗ੍ਰਾਮ ਮਿਸ਼ਰਤ ਮਿੱਟੀ ਦਾ ਨਮੂਨਾ ਜਾਂਚ ਲਈ ਕਾਫ਼ੀ ਹੁੰਦਾ ਹੈ। ਜੇ ਮਿੱਟੀ ਗਿੱਲੀ ਹੈ ਤਾਂ ਇਸ ਨੂੰ ਛਾਂ ਹੇਠ ਸੁਕਾਓ। ਇਸ ਮਿੱਟੀ ਨੂੰ ਇੱਕ ਸਾਫ਼ ਕੱਪੜੇ ਦੇ ਥੈਲੇ ਵਿੱਚ ਇੱਕ ਪਰਚੀ ਦੇ ਨਾਲ ਰੱਖੋ ਜਿਸ ਵਿੱਚ ਜਾਣਕਾਰੀ ਹੋਵੇ ਜਿਵੇਂ ਕਿ ਕਿਸਾਨ ਦਾ ਨਾਮ, ਪਤਾ, ਨਮੂਨੇ ਲੈਣ ਦੀ ਮਿਤੀ, ਫ਼ਸਲੀ ਚੱਕਰ, ਸਿੰਜਾਈ ਦੇ ਸਰੋਤ, ਖਾਦ ਦੀ ਕਿਸਮ ਅਤੇ ਵਰਤੀ ਗਈ ਮਾਤਰਾ ਆਦਿ। ਪਰਚੀ ਨੂੰ ਵੱਖਰੇ ਪੌਲੀਥੀਨ ਬੈਗ ਵਿੱਚ ਰੱਖੋ ਤਾਂ ਕਿ ਇਹ ਨਮੀ ਨਾਲ ਖ਼ਰਾਬ ਨਾ ਹੋਵੇ।

ਕੱਲਰ ਦੀ ਸਮੱਸਿਆ ਵਾਲੇ ਖੇਤ ਦੀ ਮਿੱਟੀ ਦੀ ਵਿੱਚੋਂ ਤਿੰਨ ਫੁੱਟ ਡੂੰਘੇ ਟੋਏ ਨੂੰ ਇਸ ਤਰ੍ਹਾਂ ਪੁੱਟੋ ਕਿ ਟੋਏ ਦਾ ਇੱਕ ਪਾਸਾ ਲੰਬਕਾਰੀ ਤੌਰ 'ਤੇ ਸਿੱਧਾ ਹੋਵੇ ਅਤੇ ਦੂਜਾ ਤਿਲਕਣ ਵਾਲਾ ਹੋਵੇ। ਖੜ੍ਹਵੇਂ ਸਿੱਧੇ ਪਾਸੇ 6 ਇੰਚ, 1 ਫੁੱਟ ਅਤੇ 2 ਫੁੱਟ ਦੀ ਡੂੰਘਾਈ ਤੇ ਨਿਸ਼ਾਨ ਲਗਾਓ। ਹਰ ਤਹਿ ਤੋਂ ਲਗਪਗ 500 ਗ੍ਰਾਮ ਮਿੱਟੀ ਇਕੱਠੀ ਕਰਨ ਲਈ ਖੁਰਪਾ ਜਾਂ ਕਹੀ ਦੀ ਮਦਦ ਨਾਲ 0-6 ਇੰਚ, 6-12 ਇੰਚ, 12-24 ਇੰਚ ਅਤੇ 24-36 ਇੰਚ ਦੀਆਂ ਚਾਰ ਪਰਤਾਂ ਨੂੰ ਕੱਟ ਕੇ ਕੁੱਲ ਚਾਰ ਮਿੱਟੀ ਦੇ ਨਮੂਨੇ ਇਕੱਠੇ ਕਰੋ। ਨਮੂਨਿਆਂ ਨੂੰ ਡੂੰਘਾਈ ਅਨੁਸਾਰ ਵੱਖਰੇ ਸਾਫ਼ ਕੱਪੜੇ ਦੇ ਬੈਗ ਵਿੱਚ ਪਾਓ। ਇੱਕ ਪਰਚੀ ਜਿਸ ਵਿੱਚ ਖੇਤ ਨੰਬਰ, ਪਤਾ, ਨਮੂਨਿਆਂ ਦੀ ਡੂੰਘਾਈ ਆਦਿ ਦਾ ਜ਼ਿਕਰ ਹੋਵੇ ਅਤੇ ਉਸ ਪਰਚੀ ਨੂੰ ਸਬੰਧਤ ਨਮੂਨੇ ਵਿੱਚ ਪਾਓ।

ਇਸ ਤੋਂ ਇਲਾਵਾ ਬਾਗ਼ ਲਗਾਉਣ ਤੋਂ ਪਹਿਲਾਂ ਖੇਤ ਦੀ ਉਪਜਾਊ ਸ਼ਕਤੀ ਦੇ ਨਾਲ-ਨਾਲ ਮਿੱਟੀ ਦੇ ਖਾਰੀ ਅੰਗ ਅਤੇ ਕੈਲਸ਼ੀਅਮ ਕਾਰਬੋਨੇਟ ਦੀ ਮਾਤਰਾ ਜਾਣਨ ਲਈ ਮਿੱਟੀ ਦੇ ਨਮੂਨਿਆਂ ਦੀ ਜਾਂਚ ਕਰਵਾਉਣੀ ਜ਼ਰੂਰੀ ਹੈ। ਇਸ ਲਈ ਖੇਤ ਦੇ ਵਿਚਕਾਰ ਇੱਕ 6 ਫੁੱਟ ਡੂੰਘਾ ਟੋਆ ਪੁੱਟੋ। ਇਸ ਤਰ੍ਹਾਂ ਟੋਏ ਦਾ ਇੱਕ ਪਾਸਾ ਲੰਬਕਾਰੀ ਤੌਰ 'ਤੇ ਸਿੱਧਾ ਅਤੇ ਦੂਜਾ ਪਾਸਾ ਤਿਲਕਣਾ ਚਾਹੀਦਾ ਹੈ। 6 ਇੰਚ ਡੂੰਘਾਈ ਤੱਕ 1 ਇੰਚ ਮੋਟੀ ਪਰਤ ਦਾ ਪਹਿਲਾ ਨਮੂਨਾ ਇਕੱਠਾ ਕਰੋ। ਇਸੇ ਤਰ੍ਹਾਂ 6 ਇੰਚ ਤੋਂ 1 ਫੁੱਟ, 1 ਤੋਂ 2 ਫੁੱਟ, 2 ਤੋਂ 3 ਫੁੱਟ, 3 ਤੋਂ 4 ਫੁੱਟ, 4 ਤੋਂ 5 ਫੁੱਟ ਅਤੇ 5 ਤੋਂ 6 ਫੁੱਟ ਮਿੱਟੀ ਦੀਆਂ ਪਰਤਾਂ ਨੂੰ ਵੱਖ-ਵੱਖ ਕਰ ਕੇ 500 ਗ੍ਰਾਮ ਮਿੱਟੀ ਪ੍ਰਤੀ ਤਹਿ ਦੇ ਹਿਸਾਬ ਨਾਲ ਇਕੱਠੀ ਕਰੋ। ਕੁੱਲ ਸੱਤ ਨਮੂਨੇ ਇਕੱਠੇ ਹੋ ਜਾਣਗੇ। ਜੇ ਕੁਝ ਡੂੰਘਾਈ 'ਤੇ ਕੋਈ ਕੰਕਰ ਵਾਲੀ ਪਰਤ ਹੈ, ਤਾਂ ਇਸ ਵਿਚੋਂ ਵੱਖਰੇ ਤੌਰ 'ਤੇ ਨਮੂਨਾ ਲਓ ਅਤੇ ਮਿੱਟੀ ਦੇ ਨਮੂਨੇ ਬਾਰੇ ਪਹਿਲਾਂ ਦੱਸੇ ਅਨੁਸਾਰ ਸਾਰੀ ਜਾਣਕਾਰੀ ਵਾਲੀ ਪਰਚੀ ਹਰ ਤਹਿ ਵਿੱਚ ਪਾਓ।

ਇਕੱਠੇ ਕੀਤੇ ਮਿੱਟੀ ਦੇ ਨਮੂਨਆਂ ਨੂੰ ਸਿੱਧੇ ਮਿੱਟੀ ਅਤੇ ਪਾਣੀ ਪਰਖ ਪ੍ਰਯੋਗਸ਼ਾਲਾ, ਭੂਮੀ ਵਿਗਿਆਨ ਵਿਭਾਗ, ਪੀਏਯੂ, ਜਾਂ ਨੇੜਲੇ ਕ੍ਰਿਸ਼ੀ ਵਿਗਿਆਨ ਕੇਂਦਰਾਂ, ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਦੀਆਂ ਪ੍ਰਯੋਗਸ਼ਾਲਾਵਾਂ ਨੂੰ ਜਾਂਚ ਲਈ ਭੇਜੋ। ਹਰ 2-3 ਸਾਲਾਂ ਦੇ ਅੰਤਰਾਲ ਤੋਂ ਬਾਅਦ ਮਿੱਟੀ ਦੀ ਜਾਂਚ ਜ਼ਰੂਰ ਕਰਵਾ ਲੈਣੀ ਚਾਹੀਦੀ ਹੈ।

*ਭੂਮੀ ਵਿਗਿਆਨ ਵਿਭਾਗ, ਪੀਏਯੂ, ਲੁਧਿਆਣਾ।



## ਸੂਚਨਾ

**ਪਾਠਕ ਜਨਾਂ ਦਾ ਕੋਈ ਗੁਰਮਤਿ ਸਬੰਧੀ ਸਵਾਲ ਹੈ ਤਾਂ ਜ਼ਰੂਰ ਲਿਖ ਭੇਜੋ ਜੀ ਅਤੇ ਇਸ ਨੰਬਰ 79733-70542 'ਤੇ ਵਟਸਐੱਪ ਕਰ ਸਕਦੇ ਹੋ।**

# ਗੁਰਮਤਿ ਸੰਜੋਗ



ਆਪ ਜੀ ਨੂੰ ਜਾਣ ਕੇ ਅਤਿ ਪ੍ਰਸੰਨਤਾ ਹੋਵੇਗੀ ਕਿ ਗੁਰਸਿੱਖ ਬੱਚੇ/ਬੱਚੀਆਂ ਦੇ ਵਿਆਹ / ਅਨੰਦ ਕਾਰਜਾਂ ਲਈ ਜੀ.ਜੀ.ਐਮ.ਸੀ. ਵਿਖੇ ਮਾਸਿੱਖ ਪੱਤਰ 'ਗੁਰਮਤਿ ਵਿਰਸਾ' ਰਾਹੀਂ ਉਪਰਾਲੇ ਕੀਤੇ ਜਾ ਰਹੇ ਹਨ। ਹੁਣ ਆਪ ਇਸ ਸੇਵਾ ਦਾ ਹੋਰ ਫਾਇਦਾ ਲੈਣ ਲਈ ਆਪਣੇ ਬੱਚਿਆਂ ਦੀ ਪੋਸਟ ਕਾਰਡ ਸਾਇਜ਼ ਫੋਟੋ ਸਮੇਤ ਬਾਇਓ ਡਾਟਾ ਸੋਮਵਾਰ ਤੋਂ ਸ਼ੁੱਕਰਵਾਰ 12 ਤੋਂ 2 ਵਜੇ ਦੁਪਹਿਰ ਤਕ ਗੁਰਮਤਿ ਗਿਆਨ ਮਿਸ਼ਨਰੀ ਕਾਲਜ, ਪੰਜਾਬੀ ਬਾਗ, ਜਵੱਦੀ ਵਿਖੇ ਮਿਲਣ ਦੀ ਕ੍ਰਿਪਾਲਤਾ ਕਰੋ ਜੀ। ਫਾਰਮ ਭਰਨ ਦੀ ਫੀਸ ਕੇਵਲ ਇਕ ਵਾਰ 500/- ਰੁਪਏ ਲਈ ਜਾਵੇਗੀ। ਸਾਰੀ ਜਾਣਕਾਰੀ ਗੁਪਤ ਰੱਖੀ ਜਾਵੇਗੀ।

**ਜਿਨ੍ਹਾਂ ਇਸ਼ਤਿਹਾਰਦਾਤਾਵਾਂ ਦੇ ਰਿਸ਼ਤੇ ਹੋ ਗਏ ਹਨ, ਕ੍ਰਿਪਾ ਕਰਕੇ ਫੋਨ ਨੰਬਰ 97819-90206 'ਤੇ ਸੰਪਰਕ ਕਰਕੇ ਜ਼ਰੂਰ ਦੱਸੋ ਜੀ, ਤਾਂ ਜੋ ਕਿਸੇ ਹੋਰ ਲੋੜਵੰਦ ਦਾ ਇਸ਼ਤਿਹਾਰ ਲਗਾਉਣ ਲਈ ਜਗ੍ਹਾ ਮਿਲ ਸਕੇ।**

## ਲਾੜੀ ਦੀ ਲੋੜ

**ਫਾਰਮ ਨੰ. 367:** ਲੁਧਿਆਣਾ ਵਾਸੀ, ਜਨਮ ਮਿਤੀ 10-08-1984, ਕੱਦ, 5'-8", 10+2 (Non Medical), Marketing Job in Jivo Canola Oil, ਲਈ ਸੁਚੱਜੀ ਲੜਕੀ ਦੀ ਲੋੜ ਹੈ। ਸੰਪਰਕ 98723-30471, 83608-14845

**ਫਾਰਮ ਨੰ. 368:** ਲੁਧਿਆਣਾ ਵਾਸੀ, ਅਰੋੜਾ ਸਿੱਖ, ਜਨਮ ਮਿਤੀ 07-09-1992, ਕੱਦ, 5'-11", (Well Established Chartered Accountant ਲਈ ਬਰਾਬਰ ਦੀ ਯੋਗਤਾ ਵਾਲੀ ਸੁੰਦਰ ਅਤੇ ਸੁਘੜ (ਦਾਜ ਰਹਿਤ) ਲੜਕੀ ਦੀ ਲੋੜ ਹੈ। ਜਾਤੀ ਬੰਧਨ ਕੋਈ ਨਹੀਂ। ਸੰਪਰਕ: 98151-22379, 95010-19163

**ਫਾਰਮ ਨੰ. 369:** ਕੈਨੇਡਾ ਵਿਚ ਪੜ੍ਹਾਈ ਪੂਰੀ ਕਰ ਚੁੱਕੇ ਲੁਧਿਆਣਾ ਵਾਸੀ, ਗੁਰਸਿੱਖ ਅੰਮ੍ਰਿਤਧਾਰੀ, ਜਨਮ ਮਿਤੀ 4-7-1995, ਕੱਦ 5'-8" B.C.A, MBA, ਲਈ ਅੰਮ੍ਰਿਤਧਾਰੀ ਲੜਕੀ ਦੀ ਲੋੜ ਹੈ। ਸੰਪਰਕ: 98150-80530

**ਫਾਰਮ ਨੰ. 370:** ਲੁਧਿਆਣਾ ਵਾਸੀ, ਜਨਮ ਮਿਤੀ 10-10-92, ਕੱਦ 5'-4" ਮੈਟ੍ਰਿਕ ਪਾਸ, ਪ੍ਰਾਈਵੇਟ ਜੋਬ 18000/-, ਆਪਣਾ ਮਕਾਨ ਲਈ ਲੜਕੀ ਦੀ ਲੋੜ ਹੈ। ਸੰਪਰਕ: 9988331841, 98884-40967

**ਫਾਰਮ ਨੰ. 371:** ਲੁਧਿਆਣਾ ਵਾਸੀ, ਜਨਮ ਮਿਤੀ 06-12-91, ਕੱਦ 5'-10" M.Com, MBA, Bed., ਆਮਦਨ 50000/- ਮਹੀਨਾ, Teaching & Self Coaching Centre ਲਈ ਲੜਕੀ ਦੀ ਲੋੜ ਹੈ। ਸੰਪਰਕ: 98143-84999

**ਫਾਰਮ ਨੰ. 372:** ਲੁਧਿਆਣਾ ਵਾਸੀ, ਜਨਮ ਮਿਤੀ 13-7-94, ਕੱਦ 5'-8" B-Tech Elec. Engineering, Settled in Canada ਲਈ ਲੜਕੀ ਦੀ ਲੋੜ ਹੈ। ਸੰਪਰਕ: 94647-63356

**ਫਾਰਮ ਨੰ. 373:** ਲੁਧਿਆਣਾ ਵਾਸੀ, ਜਨਮ ਮਿਤੀ 11-10-90, ਕੱਦ 6', 10+2, ਪ੍ਰਾਈਵੇਟ ਨੌਕਰੀ, 6 ਲੱਖ ਸਾਲਾਨਾ, ਘਰੇਲੂ ਲੜਕੀ ਦੀ ਲੋੜ ਹੈ। ਜਾਤੀ ਬੰਧਨ ਨਹੀਂ। ਸੰਪਰਕ: 98767-99132

**ਫਾਰਮ ਨੰ. 375:** Ludhiana Area, DOB 23-03-94, Hight 6'-2" Doing MD (Medicine) 2nd Year Want a Doctor Girl Should Be Gursikh either MD (Clinical) or Doing MD. Contact: 98550-10569, 87288-00569

**ਫਾਰਮ ਨੰ. 376:** ਲੁਧਿਆਣਾ ਵਾਸੀ, ਜਨਮ ਮਿਤੀ 27-4-83, ਕੱਦ 5'-9", Diploma in Software/Hardware, Occupation Auditor ਲਈ ਸੁਚੱਜੀ ਲੜਕੀ ਦੀ ਲੋੜ ਹੈ। ਸੰਪਰਕ : 75890-64853

**ਫਾਰਮ ਨੰ. 377:** ਜਲੰਧਰ ਵਾਸੀ, ਗੁਰਸਿੱਖ ਪਰਿਵਾਰ ਦੇ ਦੋ ਪੁੱਤਰ ਵੱਡਾ ਕੈਨੇਡਾ PR, ਉਮਰ 29 ਸਾਲ, ਕੱਦ 5'-9", M.Sc., ਛੋਟਾ ਪੰਜਾਬ ਵਿਚ ਕਾਰੋਬਾਰੀ, ਉਮਰ 26 ਸਾਲ, ਕੱਦ 5'-6", B.Com ਲਈ ਯੋਗ ਲੜਕੀਆਂ ਦੀ ਲੋੜ ਹੈ। ਸੰਪਰਕ: 92168-12358

**ਫਾਰਮ ਨੰ. 378:** Gursikh Issueless Divorcee, Jan. 1984, 5'-8" MBA, B.Tech, Working Top Company Mumbai, Very Decent Package, Required Homely, Unmarried/ Issueless, Divorcee/Widow Without Children Preferred. Parents Ludhiana Based. Contact: 98721-83880

**ਫਾਰਮ ਨੰ. 379:** ਲੁਧਿਆਣਾ ਵਾਸੀ, ਜਨਮ ਮਿਤੀ 1-6-1986, ਕੱਦ 5'-11", MBA, MDH ਕੰਪਨੀ ਵਿਚ ਨੌਕਰੀ, ਸੈਲਰੀ 33,000/- ਆਪਣਾ ਘਰ ਲਈ ਪੜ੍ਹੀ ਲਿਖੀ ਲੜਕੀ ਦੀ ਲੋੜ ਹੈ। ਸੰਪਰਕ: 98141-82370

**ਫਾਰਮ ਨੰ. 380:** ਭਿੱਖੀਵਿੰਡ ਵਾਸੀ, ਜਨਮ ਮਿਤੀ 8-12-1995, ਕੱਦ 5'-11", MA-History, Job in ICICI Bank, ਸੈਲਰੀ 28,000/- 5 ਏਕੜ ਜ਼ਮੀਨ ਲਈ ਪੜ੍ਹੀ ਲਿਖੀ ਲੜਕੀ ਦੀ ਲੋੜ ਹੈ। ਸੰਪਰਕ: 85679-70737

**ਫਾਰਮ ਨੰ. 381:** ਲੁਧਿਆਣਾ ਵਾਸੀ, ਜਨਮ ਮਿਤੀ 12-12-1993, ਕੱਦ 5'-6", +2, ਆਪਣੀ ਗੋਲਡ ਜਵੈਲਰੀ ਦੀ ਦੁਕਾਨ, ਸੰਪਰਕ: 81465-40125, 82890-80662

**ਫਾਰਮ ਨੰ. 382:** ਲੁਧਿਆਣਾ ਵਾਸੀ, ਜਨਮ ਮਿਤੀ 1-10-1994, ਕੱਦ 6'-1", M.Tech IIT Kanpur, Service in MNC at Banglore, Earning Twenty Seven Lakh PA, ਲਈ Well Qualified, Tall, Slim, Working Girl ਦੀ ਲੋੜ ਹੈ। ਸੰਪਰਕ: 99142-47653

**ਫਾਰਮ ਨੰ. 383:** ਲੁਧਿਆਣਾ ਵਾਸੀ, ਜਨਮ ਮਿਤੀ 10-02-1991, ਕੱਦ 5'-8", B.Tech (Mech.) ਆਪਣਾ ਕਾਰੋਬਾਰ ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ: 98146-47179

**ਫਾਰਮ ਨੰ. 384:** ਜਨਮ ਮਿਤੀ 27-10-1991, ਕੱਦ 5'-9", BBA, ਆਪਣਾ ਕਾਰੋਬਾਰ Running Hotel on Lease ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ: 70096-42659

**ਫਾਰਮ ਨੰ. 385:** ਅਮਰੀਕਾ ਨਾਗਰਿਕ, ਜਨਮ ਮਿਤੀ 01-05-1996, ਕੱਦ 5'-9", Qualification B-Pharmacy, ਲਈ ਯੋਗ ਲੜਕੀ ਦੀ ਲੋੜ ਹੈ ਨਰਸਿੰਗ ਕੀਤੀ ਲੜਕੀ ਨੂੰ ਪਹਿਲ। ਸੰਪਰਕ: 99887-78082, +1-848-235-8564

**ਫਾਰਮ ਨੰ. 386:** ਲੁਧਿਆਣਾ ਵਾਸੀ, ਜਨਮ ਮਿਤੀ 31-7-1993, ਕੱਦ 5'-7", Qualification 10+2, Private Job Electrical Material Marketing Salary 45,000/- ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ: 95017-44821

**ਫਾਰਮ ਨੰ. 387:** ਲੁਧਿਆਣਾ ਵਾਸੀ, ਜਨਮ ਮਿਤੀ 25-12-1990, ਕੱਦ 6'-0", Qualification B.Sc., own Medical Shop & many other properties, Good Income ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ: 99885-18270, 85286-59090

**ਫਾਰਮ ਨੰ. 388:** ਲੁਧਿਆਣਾ ਵਾਸੀ, ਜਨਮ ਮਿਤੀ 04-08-1995, ਕੱਦ 5'-10", Qualification +2, Private Job, Salary 18000/- ਅੰਮ੍ਰਿਤਧਾਰੀ ਲਈ ਅੰਮ੍ਰਿਤਧਾਰੀ, ਦੁਮਾਲਾ ਵਾਲੀ ਯੋਗ ਲੜਕੀ ਦੀ ਲੋੜ ਹੈ। ਸੰਪਰਕ: 93592-20005, 75084-21123

**ਫਾਰਮ ਨੰ. 389:** ਲੁਧਿਆਣਾ ਵਾਸੀ, ਜਨਮ ਮਿਤੀ 01-07-1991, ਕੱਦ 5'-6", Qualification B.A, Occupation Accountant ਲਈ ਗੁਰਸਿੱਖ, ਅੰਮ੍ਰਿਤਧਾਰੀ, ਲੜਕੀ ਦੀ ਲੋੜ ਹੈ। ਸੰਪਰਕ 99880-41300, 99154-41932

**ਫਾਰਮ ਨੰ. 390:** ਲੁਧਿਆਣਾ ਵਾਸੀ, ਜਨਮ ਮਿਤੀ 26-5-1993, ਕੱਦ 5'-7", Qualification Master in Big Analytics (Hons.) Occupation Data Analytics at Canada Post ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ 95018-79056 -0-

## ਲਾੜੇ ਦੀ ਲੋੜ

**ਫਾਰਮ ਨੰ. 344:** ਲੁਧਿਆਣਾ ਵਾਸੀ, ਜਨਮ ਅਕਤੂਬਰ 1994, ਕੱਦ 5'-3", MBBS, Study (USEMLI) ਡਾਕਟਰ ਲੜਕੀ ਲਈ ਗੁਰਸਿੱਖ ਡਾਕਟਰ ਲੜਕੇ ਦੀ ਲੋੜ ਹੈ। ਸੰਪਰਕ: 97797-59542

**ਫਾਰਮ ਨੰ. 361:** ਜਲੰਧਰ ਵਾਸੀ, ਗੁਰਸਿੱਖ ਅੰਮ੍ਰਿਤਧਾਰੀ ਵਿਡੋ (Widow) ਲੜਕੀ, ਜਨਮ ਮਿਤੀ 5-11-1981, MCA ਲਈ ਅੰਮ੍ਰਿਤਧਾਰੀ ਲੜਕੇ ਦੀ ਲੋੜ ਹੈ। ਸੰਪਰਕ: 98728-10427

**ਫਾਰਮ ਨੰ. 364:** ਲੁਧਿਆਣਾ ਵਾਸੀ, ਤਲਾਕਸ਼ੁਦਾ ਲੜਕੀ, ਜਨਮ ਮਿਤੀ 11-11-1988, B.A., E.T.T., N.T.T. Govt. Teacher ਲਈ ਲੜਕੇ ਦੀ ਲੋੜ ਹੈ। ਕੇਵਲ ਲੁਧਿਆਣਾ ਜ਼ਿਲ੍ਹੇ ਵਾਲੇ ਹੀ ਸੰਪਰਕ ਕਰਨ: 95018-94943, 98765-55925

**ਫਾਰਮ ਨੰ. 374:** ਪੀਲੀਭੀਤ ਵਾਸੀ, ਅੰਮ੍ਰਿਤਧਾਰੀ, ਜਨਮ ਮਿਤੀ 16-06-1997, M.A., B.ed. ਲਈ ਯੋਗ ਵਰ ਦੀ ਲੋੜ ਹੈ। ਸੰਪਰਕ: 94128-69007, 80062-35004

# ਜੂਨ ਮਹੀਨੇ ਦੀਆਂ ਸਰਗਰਮੀਆਂ

**ਮਾਝਾ:-**

**1. ਪਰਿੰਗੜੀ (ਤਰਨਤਾਰਨ) (79731-15345)-** ਕੇਂਦਰ ਦੇ ਪ੍ਰਚਾਰਕ ਭਾਈ ਮੰਗਲਜੀਤ ਸਿੰਘ ਜੀ ਵਲੋਂ ਸੋਮਵਾਰ, ਵੀਰਵਾਰ, ਸ਼ੁੱਕਰਵਾਰ, ਸ਼ਨੀਵਾਰ ਅਤੇ ਐਤਵਾਰ ਨੂੰ ਪਿੰਡ ਪਰਿੰਗੜੀ ਵਿਖੇ ਗੁਰਮਤਿ ਕਲਾਸਾਂ ਲਗਾਈਆਂ ਜਾਂਦੀਆਂ ਹਨ। ਪਿੰਡ ਸੁਹਾਵਾ ਵਿਖੇ ਮੰਗਲਵਾਰ ਅਤੇ ਬੁੱਧਵਾਰ ਨੂੰ ਗੁਰਮਤਿ ਕਲਾਸ ਲਗਾਈ ਜਾਂਦੀ ਹੈ। ਐਤਵਾਰ ਨੂੰ ਪਿੰਡ ਰੂੜੇ ਆਸਲ ਵਿਖੇ ਕਲਾਸ ਲਗਾਈ ਜਾਂਦੀ ਹੈ। 27 ਜੂਨ ਨੂੰ ਬੱਚਿਆਂ ਦਾ ਗੁਰਮਤਿ ਸਿਖਲਾਈ ਕੈਂਪ ਲਗਾਇਆ ਗਿਆ, ਜਿਸ ਵਿੱਚ 300 ਬੱਚਿਆਂ ਨੇ ਹਿੱਸਾ ਲਿਆ। 2 ਬੱਚਿਆਂ ਦੇ ਸਹਿਜ ਪਾਠ ਆਰੰਭ ਕੀਤੇ ਹਨ ਅਤੇ 3 ਪ੍ਰਾਣੀਆਂ ਨੇ ਖੰਡੇ ਬਾਟੇ ਦੀ ਪਾਹੁਲ ਛਕੀ।

**2. ਮਾਲੂਵਾਲ (98885-20250)-** ਕੇਂਦਰ ਦੇ ਪ੍ਰਚਾਰਕ ਭਾਈ ਨਿਰਮਲ ਸਿੰਘ ਵਲੋਂ 8 ਪਿੰਡਾਂ ਵਿੱਚ ਗੁਰਮਤਿ ਦੀਆਂ ਕਲਾਸਾਂ ਲਗਾ ਕੇ ਬੱਚਿਆਂ ਨੂੰ ਗੁਰਬਾਣੀ, ਇਤਿਹਾਸ ਅਤੇ ਸਿੱਖ ਰਹਿਤ ਮਰਿਯਾਦਾ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ। ਜੂਨ ਮਹੀਨੇ ਵਿੱਚ ਪਲਾਸੌਰ, ਪਰਿੰਗੜੀ ਅਤੇ ਰੂੜੇ ਆਸਲ ਵਿਖੇ ਲਗਾਏ ਗਏ 5 ਰੋਜ਼ਾ ਗੁਰਮਤਿ ਸਿਖਲਾਈ ਕੈਂਪ ਵਿੱਚ ਹਾਜ਼ਰੀ ਭਰੀ ਗਈ।

**ਮਾਲਵਾ:-**

**3. ਕਾਲੇਕੇ (97791-68108)-** ਕੇਂਦਰ ਦੇ ਪ੍ਰਚਾਰਕ ਭਾਈ ਕੁਲਦੀਪ ਸਿੰਘ ਵਲੋਂ ਪਿੰਡ ਵਿੱਚ ਰੋਜ਼ਾਨਾ ਸਵੇਰੇ ਕਥਾ ਵਿਚਾਰ ਕੀਤੀ ਜਾਂਦੀ ਹੈ ਅਤੇ ਸ਼ਾਮ ਨੂੰ ਬੱਚਿਆਂ ਦੀ ਗੁਰਮਤਿ ਕਲਾਸ ਲਗਾਈ ਜਾਂਦੀ ਹੈ। 10 ਦਿਨਾਂ ਦਾ ਗੁਰਮਤਿ ਕੈਂਪ ਲਗਾਇਆ ਗਿਆ, ਜਿਸ ਵਿੱਚ ਬੱਚਿਆਂ ਨੂੰ ਸਨਮਾਨਿਤ ਕੀਤਾ ਗਿਆ। ਦੇਸੀ ਮਹੀਨੇ ਦੀ ਆਰੰਭਤਾ ਵਾਲੇ ਦਿਨ ਆਸਾ ਦੀ ਵਾਰ ਦਾ ਕੀਰਤਨ ਹੁੰਦਾ ਹੈ।

**4. ਵਜੀਦ ਕੇ ਖੁਰਦ (75268-46700)-** ਪ੍ਰਚਾਰਕ ਭਾਈ ਲਖਵਿੰਦਰ ਸਿੰਘ ਵਲੋਂ ਪਿੰਡ ਵਜੀਦ ਕੇ ਖੁਰਦ ਦੇ ਗੁਰਦੁਆਰਾ ਸਤਿਕਰਤਾਰ ਸਾਹਿਬ ਵਿਖੇ ਹਰ ਰੋਜ਼ ਸਵੇਰੇ ਕਥਾ-ਵੀਚਾਰ ਹੁੰਦੀ ਹੈ। 20 ਮਈ ਤੋਂ 10 ਜੂਨ ਤੱਕ ਗੁਰਮਤਿ ਕੈਂਪ ਲਗਾਇਆ ਗਿਆ। ਬੱਚਿਆਂ ਨੂੰ ਮੈਡਲ ਅਤੇ ਸਰਟੀਫਿਕੇਟ ਵੰਡੇ ਗਏ। 15 ਬੱਚਿਆਂ ਨੇ ਸਹਿਜ ਪਾਠ ਆਰੰਭ ਕੀਤੇ ਹਨ ਅਤੇ 3 ਬੱਚਿਆਂ ਨੇ ਐਲੀਮੈਂਟਰੀ ਕੋਰਸ ਆਰੰਭ ਕੀਤਾ ਹੈ।

**5. ਲਤਾਲਾ (98556-27927)-** ਕੇਂਦਰ ਦੇ ਪ੍ਰਚਾਰਕ ਭਾਈ ਰੁਪਿੰਦਰ ਸਿੰਘ ਵੱਲੋਂ 2 ਪਿੰਡਾਂ ਵਿੱਚ ਅਤੇ 3 ਸਕੂਲਾਂ ਵਿੱਚ ਗੁਰਮਤਿ ਕਲਾਸਾਂ ਲਗਾ ਕੇ ਬੱਚਿਆਂ ਨੂੰ ਗੁਰਮਤਿ ਅਤੇ ਨੈਤਿਕ ਸਿਖਿਆ ਦਿੱਤੀ ਜਾਂਦੀ ਹੈ। 9 ਜੂਨ ਨੂੰ ਪਿੰਡ ਬੜੂੰਦੀ ਵਿਖੇ ਅਤੇ 16 ਜੂਨ ਨੂੰ ਪਿੰਡ ਲਤਾਲਾ ਵਿਖੇ ਸੁੰਦਰ ਦਸਤਾਰ ਮੁਕਾਬਲੇ ਕਰਵਾਏ ਗਏ, ਜਿਸ ਵਿੱਚ ਪੁਜੀਸ਼ਨਾਂ 'ਤੇ ਆਉਣ ਵਾਲੇ ਬੱਚਿਆਂ ਨੂੰ ਨਗਦ ਇਨਾਮ ਅਤੇ ਟਰਾਫੀਆਂ ਨਾਲ ਸਨਮਾਨਿਤ ਕੀਤਾ ਗਿਆ। ਹਫਤਾਵਾਰੀ ਦਸਤਾਰ ਸਿਖਲਾਈ ਕੈਂਪ ਵਿੱਚ ਭਾਗ ਲੈਣ ਵਾਲੇ ਬੱਚਿਆਂ ਨੂੰ ਦਸਤਾਰਾਂ ਦਿੱਤੀਆਂ ਗਈਆਂ ਅਤੇ ਬੂਟੇ ਵੀ ਵੰਡੇ ਗਏ। ਗੁਰੂ ਅਰਜਨ ਸਾਹਿਬ ਜੀ ਦੇ ਸ਼ਹੀਦੀ ਦਿਹਾੜੇ ਦੇ ਸੰਬੰਧ ਵਿੱਚ ਲੈਕਚਰ ਦੁਆਰਾ ਸਾਂਝ ਪਾਈ ਗਈ। 23 ਜੂਨ ਨੂੰ ਪਿੰਡ ਕਾਲਖ ਵਿਖੇ ਦਸਤਾਰ ਮੁਕਾਬਲੇ ਕਰਾਵਏ ਗਏ ਤੇ ਸੁੰਦਰ ਲਿਖਾਈ ਮੁਕਾਬਲੇ ਕਰਾਵਏ ਗਏ, ਪੁਜੀਸ਼ਨਾਂ ਹਾਸਿਲ ਕਰਨ ਵਾਲੇ ਬੱਚਿਆਂ ਨੂੰ ਸਨਮਾਨਿਤ ਕੀਤਾ ਗਿਆ, ਬੂਟੇ ਵੰਡੇ ਗਏ ਅਤੇ ਇਤਿਹਾਸਕ ਵਿਚਾਰਾਂ ਕੀਤੀਆਂ ਗਈਆਂ। 7 ਬੱਚਿਆਂ ਨੇ ਸਹਿਜ ਪਾਠ ਆਰੰਭ ਕੀਤੇ ਹਨ।

**6. ਗੁੱਜਰਵਾਲ (94655-66666)-** ਕੇਂਦਰ ਦੇ ਪ੍ਰਚਾਰਕ ਭਾਈ ਅਮਰਪ੍ਰੀਤ ਸਿੰਘ ਗੁੱਜਰਵਾਲ ਵਲੋਂ 17 ਅਤੇ 18 ਮਈ ਨੂੰ ਐਸ ਬੀ ਐਸ ਪਬਲਿਕ ਸੀ. ਸੈਕੰ. ਸਕੂਲ ਤਲਵੰਡੀ ਰਾਏ ਵਿਖੇ ਗੁਰਮਤਿ ਕੈਂਪ ਲਗਾਇਆ ਗਿਆ। 10 ਜੂਨ ਨੂੰ ਪਿੰਡ ਨਾਰੰਗਵਾਲ ਵਿਖੇ ਗੁਰਮਤਿ ਕੈਂਪ ਅਤੇ ਦਸਤਾਰ ਮੁਕਾਬਲੇ ਕਰਵਾਏ ਗਏ। 22 ਜੂਨ ਨੂੰ ਪਿੰਡ ਕਿਲਾ ਰਾਏਪੁਰ ਵਿਖੇ, 25 ਜੂਨ ਨੂੰ ਪਿੰਡ ਕਾਲਖ ਵਿਖੇ, 28 ਜੂਨ ਨੂੰ ਪਿੰਡ ਹੇਰਾਂ ਵਿਖੇ, 30 ਜੂਨ ਨੂੰ ਪਿੰਡ ਗੁੱਜਰਵਾਲ ਵਿਖੇ ਗੁਰਮਤਿ ਕੈਂਪ ਲਗਾਏ ਗਏ, ਜਿਸ ਵਿੱਚ ਸੰਗਤ ਅਤੇ ਬੱਚਿਆਂ ਨਾਲ ਵਿਚਾਰ ਸਾਂਝੇ ਕੀਤੇ ਗਏ। ਇਹਨਾਂ ਕੈਂਪਾਂ ਵਿੱਚ ਭੈਣ ਸੁਖਵਿੰਦਰ ਕੌਰ ਸੁਧਾਰ, ਭੈਣ ਕਿਰਨਪ੍ਰੀਤ ਕੌਰ, ਭੈਣ ਹਰਪ੍ਰੀਤ ਕੌਰ ਅਤੇ ਭਾਈ ਸੰਦੀਪ ਸਿੰਘ ਜੀ ਦਾ ਬਹੁਤ ਸਹਿਯੋਗ ਰਿਹਾ ਹੈ। 5 ਬੱਚੇ ਸਹਿਜ ਪਾਠ ਕਰ ਰਹੇ ਹਨ, 3 ਬੱਚਿਆਂ ਨੇ ਖੰਡੇ ਬਾਟੇ ਦੀ ਪਾਹੁਲ ਛਕੀ ਅਤੇ 2 ਬੱਚਿਆਂ ਨੇ ਕੇਸਾਂ ਦੀ ਸੰਭਾਲ ਆਰੰਭ ਕੀਤੀ ਹੈ।

**7. ਚੁੱਪ ਕੀਤੀ (98777-94586)-** ਪ੍ਰਚਾਰਕ ਭਾਈ ਹਰਜੀਤ ਸਿੰਘ ਜੀ ਵਲੋਂ 2 ਪਿੰਡਾਂ ਵਿੱਚ ਗੁਰਮਤਿ ਕੈਂਪ ਲਗਾਏ ਗਏ। ਪਹਿਲਾ ਗੁਰਮਤਿ ਕੈਂਪ 26 ਮਈ ਤੋਂ 1 ਜੂਨ ਤੱਕ ਪਿੰਡ ਭਾਗੀਕੇ ਵਿਖੇ ਲਗਾਇਆ ਗਿਆ, ਜਿਸ ਵਿੱਚ



100 ਬੱਚਿਆਂ ਨੇ ਭਾਗ ਲਿਆ। ਦੂਜਾ ਕੈਂਪ ਪਿੰਡ ਚੁੱਪਕੀਤੀ, ਸੰਧੂਆਣਾ ਅਤੇ ਮੱਲੀਆਂ ਵਾਲਾ ਵਿਖੇ 4 ਜੂਨ ਤੋਂ 12 ਜੂਨ ਤੱਕ ਲਗਾਇਆ ਗਿਆ, ਜਿਸ ਵਿਚ 150 ਬੱਚਿਆਂ ਨੇ ਭਾਗ ਲਿਆ ਅਤੇ ਕੈਪਟਨ ਅਵਤਾਰ ਸਿੰਘ ਜੀ ਨੇ ਸੰਗਤ ਨਾਲ ਵੀਚਾਰਾਂ ਦੀ ਸਾਂਝ ਪਾਈ। ਤੀਸਰਾ ਕੈਂਪ ਪਿੰਡ ਬੁਰਜ ਦੁਨਾ ਵਿਖੇ ਲਗਾਇਆ ਗਿਆ, ਜਿਸ ਵਿੱਚ 70 ਬੱਚਿਆਂ ਨੇ ਭਾਗ ਲਿਆ ਅਤੇ ਸਿੱਖ ਚੜ੍ਹਦੀ ਕਲਾ ਕੇਂਦਰ ਫਰੀਦਕੋਟ ਤੋਂ ਪਹੁੰਚੇ ਸਿੰਘਾਂ ਨੇ ਸੰਗਤ ਨਾਲ ਵਿਚਾਰਾਂ ਦੀ ਸਾਂਝ ਪਾਈ। ਚੌਥਾ ਕੈਂਪ ਪਿੰਡ ਕੜਿਆਲ ਵਿਖੇ ਲਗਾਇਆ ਗਿਆ, ਜਿਸ ਵਿੱਚ 100 ਬੱਚਿਆਂ ਨੇ ਭਾਗ ਲਿਆ। ਭਾਈ ਭੁਪਿੰਦਰ ਸਿੰਘ ਜੀ ਨੇ ਸੰਗਤ ਨਾਲ ਵਿਚਾਰਾਂ ਦੀ ਸਾਂਝ ਪਾਈ। 20 ਬੱਚੇ ਸਹਿਜ ਪਾਠ ਕਰ ਰਹੇ ਹਨ ਅਤੇ 2 ਬੱਚਿਆਂ ਨੇ ਐਲੀਮੈਂਟਰੀ ਕੋਰਸ ਸ਼ੁਰੂ ਕੀਤੇ ਹਨ।

**8. ਕੁੱਬਾ (98151-07941)-** ਕੇਂਦਰ ਦੇ ਪ੍ਰਚਾਰਕ ਭਾਈ ਸਤਨਾਮ ਸਿੰਘ ਵਲੋਂ 8 ਪਿੰਡਾਂ ਵਿੱਚ ਗੁਰਮਤਿ ਕਲਾਸਾਂ ਲਗਾ ਕੇ ਬੱਚਿਆਂ ਨੂੰ ਗੁਰਬਾਣੀ ਸੰਥਿਆ ਅਤੇ ਗੁਰ ਇਤਿਹਾਸ ਨਾਲ ਜੋੜਿਆ ਜਾਂਦਾ ਹੈ। ਪਹਿਲਾ ਕੈਂਪ ਪਿੰਡ ਕਾਲੇਵਾਲ (ਗੜਸ਼ੰਕਰ) ਵਿਖੇ 24 ਮਈ ਤੋਂ 27 ਮਈ ਤੱਕ ਚੱਕ ਸਿੰਘਾ ਦੇ ਸਹਿਯੋਗ ਨਾਲ ਗੁਰਮਤਿ ਸਿਖਿਆ ਕੈਂਪ ਲਗਾਇਆ ਗਿਆ। ਦੂਜਾ ਕੈਂਪ ਪਿੰਡ ਊਰਨਾ ਵਿਖੇ 17 ਜੂਨ ਤੋਂ 21 ਜੂਨ ਤੱਕ ਗੁਰਮਤਿ ਕੈਂਪ ਲਗਾਇਆ ਗਿਆ, ਜਿਸ ਵਿੱਚ ਬੱਚਿਆਂ ਅਤੇ ਸੰਗਤ ਨੂੰ ਗੁਰਬਾਣੀ ਸੰਥਿਆ, ਗੁਰ ਇਤਿਹਾਸ ਅਤੇ ਸਿੱਖ ਰਹਿਤ ਮਰਿਯਾਦਾ ਤੋਂ ਜਾਣੂ ਕਰਵਾਇਆ ਹੈ। ਕਮੇਟੀ ਮੈਂਬਰ ਸ: ਸੰਦੀਪ ਸਿੰਘ ਜੀ ਦੇ ਸਹਿਯੋਗ ਨਾਲ ਬੱਚਿਆਂ ਨੂੰ ਕੈਂਪ ਦੀ ਸਮਾਪਤੀ ਦੌਰਾਨ ਸਨਮਾਨਿਤ ਕੀਤਾ ਗਿਆ। 6 ਬੱਚੇ ਸਹਿਜ ਪਾਠ ਕਰ ਰਹੇ ਹਨ ਅਤੇ 6 ਬੱਚੇ ਐਲੀਮੈਂਟਰੀ ਕੋਰਸ ਕਰ ਰਹੇ ਹਨ।

**9. ਬੁਗਰਾ (70097-82466)-**

ਪ੍ਰਚਾਰਕ ਭਾਈ ਅੰਮ੍ਰਿਤਪਾਲ ਸਿੰਘ ਵਲੋਂ ਹਰ ਰੋਜ਼ ਸਵੇਰੇ ਗੁਰਬਾਣੀ ਦੀ ਕਥਾ-ਵੀਚਾਰ ਕੀਤੀ ਜਾਂਦੀ ਹੈ। 16 ਜੂਨ ਨੂੰ ਗੁਰੂ ਅਰਜਨ ਸਾਹਿਬ ਜੀ ਦੇ ਸ਼ਹੀਦੀ ਪੁਰਬ ਨੂੰ ਸਮਰਪਿਤ ਹੋਏ ਸਮਾਗਮ ਵਿੱਚ ਕਥਾ ਵਿਚਾਰ ਕੀਤੀ ਗਈ। ਸੋਮਵਾਰ ਤੋਂ ਸ਼ਨੀਵਾਰ ਤੱਕ ਕੰਪਿਊਟਰ ਕਲਾਸ ਲਗਾਈ ਜਾਂਦੀ ਹੈ। 11 ਬੱਚਿਆਂ ਨੇ ਸਹਿਜ ਪਾਠ ਆਰੰਭ ਕੀਤੇ ਹਨ, ਇੱਕ ਬੱਚੇ ਨੇ ਖੰਡੇ ਬਾਟੇ ਦੀ ਪਾਹੁਲ ਛਕੀ ਅਤੇ 2 ਬੱਚਿਆਂ ਨੇ ਕੇਸਾਂ ਦੀ ਸੰਭਾਲ ਆਰੰਭ ਕੀਤੀ।

**10. ਖਨਾਲ ਖੁਰਦ (62390-80242)-** ਪ੍ਰਚਾਰਕ ਭਾਈ ਕੁਲਦੀਪ ਸਿੰਘ ਵਲੋਂ ਖਨਾਲ ਖੁਰਦ ਦੇ ਗੁਰਦੁਆਰਾ ਸਾਹਿਬ ਵਿਖੇ ਸਵੇਰੇ ਨਿਤਨੇਮ ਅਤੇ ਕਥਾ-ਵੀਚਾਰ ਕੀਤੀ ਜਾਂਦੀ ਹੈ। 10.30 ਵਜੇ ਤੋਂ 12 ਵਜੇ ਤੱਕ ਮਾਤਾਵਾਂ ਦੀ ਕਲਾਸ ਲਗਾਈ ਜਾਂਦੀ ਹੈ। 4 ਵਜੇ ਤੋਂ 6 ਵਜੇ ਤੱਕ ਸ਼ਾਮ ਨੂੰ ਬੱਚਿਆਂ ਦੀ ਗੁਰਮਤਿ ਕਲਾਸ ਅਤੇ 8 ਵਜੇ ਤੋਂ 9 ਵਜੇ ਤੱਕ ਵੀਰਾਂ ਦੀ ਗੁਰਮਤਿ ਕਲਾਸ ਲਗਾਈ ਜਾਂਦੀ ਹੈ। ਕੇਂਦਰ ਵਲੋਂ 8 ਪਿੰਡਾਂ ਵਿੱਚ ਗੁਰਮਤਿ ਕੈਂਪ ਲਗਾਏ ਗਏ। 70 ਬੱਚੇ ਸਹਿਜ ਪਾਠ ਕਰ ਰਹੇ ਹਨ।

**11. ਕੁਲਾਰ (94654-93275)-** ਕੇਂਦਰ ਦੇ ਪ੍ਰਚਾਰਕ ਭਾਈ ਦਵਿੰਦਰ ਸਿੰਘ ਵਲੋਂ ਰੋਜ਼ਾਨਾ ਅੰਮ੍ਰਿਤ ਵੇਲੇ ਸ਼ਬਦ ਵਿਚਾਰ ਕੀਤੀ ਜਾਂਦੀ ਹੈ। ਹਰ ਰੋਜ਼ ਸਵੇਰੇ ਸੰਗਤ ਦੀ ਸੰਥਿਆ ਦੀ ਕਲਾਸ ਲਗਾਈ ਜਾਂਦੀ ਹੈ। ਰੋਜ਼ਾਨਾ ਸ਼ਾਮ ਨੂੰ ਬੱਚਿਆਂ ਦੀ ਸੰਥਿਆ ਕਲਾਸ ਲੱਗਦੀ ਹੈ। ਵੱਖ-ਵੱਖ ਪਿੰਡਾਂ ਵਿੱਚ ਹੋਏ ਗੁਰਮਤਿ ਸਮਾਗਮਾਂ ਵਿੱਚ ਕਥਾ-ਵਿਚਾਰਾਂ ਕੀਤੀਆਂ ਗਈਆਂ। ਹਰ ਐਤਵਾਰ ਸ਼ਾਮ ਨੂੰ ਬੱਚਿਆਂ ਦੀ ਗੁਰਮਤਿ ਕਲਾਸ ਲਗਾਈ ਜਾਂਦੀ ਹੈ, ਜਿਸ ਵਿੱਚ ਬੱਚਿਆਂ ਨੂੰ ਧਾਰਮਿਕ ਅਤੇ ਨੈਤਿਕ ਸਿੱਖਿਆ ਦਿੱਤੀ ਜਾਂਦੀ ਹੈ।

**12. ਗਰੇਸ ਪਬਲਿਕ ਸਕੂਲ (98149-25551)-** ਪ੍ਰਚਾਰਕ ਬੀਬੀ ਪਰਮਜੀਤ ਕੌਰ ਵਲੋਂ ਬੱਚਿਆਂ ਨੂੰ ਸਕੂਲ ਵਿੱਚ ਨੈਤਿਕ ਕਦਰਾਂ-ਕੀਮਤਾਂ ਸਿਖਾਈਆਂ ਜਾਂਦੀਆਂ ਹਨ ਅਤੇ ਸਵੇਰ ਦੀ ਸਭਾ ਵਿੱਚ ਬੱਚੇ **ਜਪੁਜੀ ਸਾਹਿਬ** ਦਾ ਪਾਠ ਕਰਦੇ ਹਨ। ਬੱਚਿਆਂ ਨੂੰ ਗੁਰਮਤਿ ਵਿਦਿਆ ਦੇ ਨਾਲ ਨਾਲ ਗੁਰਮਤਿ ਮੁਕਾਬਲਿਆਂ ਲਈ ਵੀ ਤਿਆਰ ਕੀਤਾ ਜਾਂਦਾ ਹੈ। ਮਈ-ਜੂਨ ਮਹੀਨੇ ਵਿੱਚ ਪ੍ਰਕਾਸ਼ ਦਿਹਾੜਾ ਸ੍ਰੀ ਗੁਰੂ ਅਮਰਦਾਸ ਜੀ, ਗੁਰੂ ਅੰਗਦ ਸਾਹਿਬ ਜੀ, ਗੁਰੂ ਹਰਿ ਗੋਬਿੰਦ ਸਾਹਿਬ ਜੀ ਗੁਰਤਾ ਗੱਦੀ ਦਿਵਸ ਮੌਕੇ ਬੱਚਿਆਂ ਕੋਲੋਂ ਕਵਿਤਾ, ਲੈਕਚਰ, ਕਵੀਸ਼ਰੀ ਪੇਸ਼ ਕੀਤੀ ਗਈ। 7 ਬੱਚਿਆਂ ਨੇ ਸਹਿਜ ਪਾਠ ਆਰੰਭ ਕੀਤੇ ਹਨ, 4 ਬੱਚਿਆਂ ਨੇ ਖੰਡੇ ਬਾਟੇ ਦੀ ਪਾਹੁਲ ਛਕੀ ਅਤੇ 5 ਬੱਚਿਆਂ ਨੇ ਕੇਸਾਂ ਦੀ ਸੰਭਾਲ ਆਰੰਭ ਕੀਤੀ ਹੈ।

**ਦੁਆਬਾ**

**13. ਨਵਾਂ ਸ਼ਹਿਰ (87290-86035)-** ਕੇਂਦਰ ਦੇ ਪ੍ਰਚਾਰਕ ਭਾਈ ਸਿਮਰਨਪ੍ਰੀਤ ਸਿੰਘ ਵਲੋਂ ਜੂਨ ਮਹੀਨੇ ਦੌਰਾਨ 9 ਸਕੂਲਾਂ ਅਤੇ 2 ਪਿੰਡਾਂ ਵਿੱਚ ਗੁਰਮਤਿ ਕੈਂਪ ਲਗਾਏ ਗਏ। ਪਿੰਡਾਂ ਵਿੱਚ ਗੁਰਮਤਿ ਕਲਾਸਾਂ ਲਗਾਈਆਂ ਜਾਂਦੀਆਂ ਹਨ, ਜਿਸ ਵਿੱਚ ਬੱਚਿਆਂ ਨੂੰ ਧਾਰਮਿਕ ਸਿਖਿਆ ਦਿੱਤੀ ਜਾਂਦੀ ਹੈ। ਰੋਜ਼ਾਨਾ ਬੱਚਿਆਂ ਦੀ ਫ੍ਰੀ ਟਿਊਸ਼ਨ ਅਤੇ ਕੰਪਿਊਟਰ ਦੀ ਕਲਾਸ ਲਗਾਈ ਜਾਂਦੀ ਹੈ। ਪਿੰਡ ਸਾਹਲੋ, ਭੋਰਾ, ਮਜਾਰੀ, ਬਘੌਰਾ ਅਤੇ ਪਨਾਮ ਵਿਖੇ ਹਫਤਾਵਾਰੀ ਕਲਾਸ ਲਗਾਈ ਜਾਂਦੀ ਹੈ। 2 ਬੱਚਿਆਂ ਨੇ ਸਹਿਜ ਪਾਠ ਆਰੰਭ ਕੀਤੇ ਹਨ, ਇੱਕ ਬੱਚੇ ਨੇ ਖੰਡੇ ਬਾਟੇ ਦੀ ਪਾਹੁਲ ਛਕੀ, 2 ਬੱਚਿਆਂ ਨੇ ਐਲੀਮੈਂਟਰੀ ਕੋਰਸ ਸ਼ੁਰੂ ਕੀਤਾ ਹੈ ਅਤੇ 4 ਬੱਚਿਆਂ ਨੇ ਕੇਸਾਂ ਦੀ ਸੰਭਾਲ ਆਰੰਭ ਕੀਤੀ ਹੈ।

**14. ਚੱਕ ਕਲਾਂ (75088-51496)-** ਪ੍ਰਚਾਰਕ ਭਾਈ ਤਰਲੋਚਨ ਸਿੰਘ ਵਲੋਂ 4 ਪਿੰਡਾਂ ਵਿੱਚ ਅਤੇ ਸੈਟ ਜੋਨ ਅਕੈਡਮੀ ਸ਼ੰਕਰ ਵਿਖੇ ਗੁਰਮਤਿ ਦੀਆਂ ਕਲਾਸਾਂ ਲਗਾ ਕੇ ਬੱਚਿਆਂ ਨੂੰ ਧਾਰਮਿਕ ਸਿੱਖਿਆ ਦਿੱਤੀ ਜਾਂਦੀ ਹੈ। 16 ਜੂਨ ਤੋਂ 20 ਜੂਨ ਤੱਕ 5 ਦਿਨਾਂ ਦਾ ਗੁਰਮਤਿ ਸਿਖਲਾਈ ਕੈਂਪ ਲਗਾਇਆ ਗਿਆ। ਇਨ੍ਹਾਂ ਕੈਂਪਾਂ ਵਿੱਚ 300 ਦੇ ਕਰੀਬ ਬੱਚਿਆਂ ਅਤੇ ਸੰਗਤ ਨੇ ਹਾਜ਼ਰੀ ਭਰੀ। ਭਾਈ ਨਛੱਤਰ ਸਿੰਘ ਜੀ ਨੇ ਬੱਚਿਆਂ ਤੇ ਸੰਗਤ ਨਾਲ ਗੁਰਮਤਿ ਵਿਚਾਰਾਂ ਦੀ ਸਾਂਝ ਪਾਈ। 18 ਜੂਨ ਨੂੰ ਦਸਤਾਰ ਮੁਕਾਬਲਾ ਤੇ 19 ਜੂਨ ਨੂੰ ਗੁਰਬਾਣੀ ਕੰਠ ਮੁਕਾਬਲਾ ਕਰਵਾਇਆ ਗਿਆ ਤੇ ਬੱਚਿਆਂ ਦਾ ਧਾਰਮਿਕ ਪੇਪਰ ਲਿਆ ਗਿਆ। ਅਵੱਲ ਦਰਜੇ 'ਤੇ ਆਉਣ ਵਾਲੇ ਬੱਚਿਆਂ ਨੂੰ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ ਤੇ ਸਮੁੱਚੇ ਹਾਜ਼ਰੀ ਭਰਨ ਵਾਲੇ ਬੱਚਿਆਂ ਨੂੰ ਮੈਡਲ ਦੇ ਕੇ ਸਨਮਾਨਿਤ ਕੀਤਾ ਗਿਆ। 22 ਜੂਨ ਨੂੰ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਗੁਰਦੁਆਰਾ ਗੁਰੂ ਅਰਜਨ ਸਾਹਿਬ ਮੁਹੱਲਾ ਗੁਰੂ ਨਾਨਕ ਪੁਰਾ ਨਕੋਦਰ ਵਿਖੇ ਬੱਚਿਆਂ ਦੇ ਗੁਰਬਾਣੀ ਕੰਠ ਮੁਕਾਬਲੇ ਹੋਏ, ਜਿਸ ਵਿੱਚ ਕੇਂਦਰ ਚੱਕ ਕਲਾਂ ਦੇ ਬੱਚਿਆਂ ਨੇ ਹਾਜ਼ਰੀ ਭਰੀ ਅਤੇ ਬੱਚੀ ਹਰਲੀਨ ਕੌਰ ਤੇ ਜਸਕਰਨ ਸਿੰਘ ਨੇ ਪਹਿਲਾ, ਦੂਜਾ ਸਥਾਨ ਪ੍ਰਾਪਤ ਕੀਤਾ ਤੇ ਬੱਚੀ ਰਵਲੀਨ ਕੌਰ ਨੇ ਆਪਣੇ ਗਰੁੱਪ ਵਿਚ ਪਹਿਲਾ ਸਥਾਨ ਪ੍ਰਾਪਤ ਕੀਤਾ। 23 ਜੂਨ ਨੂੰ ਪਿੰਡ ਚਾਨੀਆ ਵਿਖੇ ਦਸਤਾਰ ਮੁਕਾਬਲਾ ਕਰਵਾਇਆ ਗਿਆ। 5 ਸਹਿਜ ਪਾਠਾਂ ਦੀ ਸਮਾਪਤੀ ਕੀਤੀ ਗਈ ਅਤੇ ਆਰੰਭ ਕੀਤੇ ਗਏ, ਪਹਿਲਾ 55 ਬੱਚੇ ਸਹਿਜ ਪਾਠ ਕਰ ਰਹੇ ਹਨ।

**15. ਚੱਕ ਸਿੰਘਾ (98553-99892)-** ਪ੍ਰਚਾਰਕ ਭਾਈ ਪ੍ਰਭਸ਼ਰਨਜੀਤ ਸਿੰਘ ਵਲੋਂ ਗੁਰਦੁਆਰਾ ਅਕਾਲ ਬੁੰਗਾ ਸਾਹਿਬ ਵਿਖੇ ਹਰ ਰੋਜ਼ ਸਵੇਰੇ ਨਿਤਨੇਮ ਅਤੇ ਕਥਾ-ਵਿਚਾਰ ਕੀਤੀ ਜਾਂਦੀ ਹੈ। ਹਰ ਰੋਜ਼ ਬੱਚਿਆਂ ਦੀ ਗੁਰਬਾਣੀ ਸੰਥਿਆ ਕਲਾਸ ਅਤੇ ਫ੍ਰੀ ਟਿਊਸ਼ਨ ਕਲਾਸ ਲਗਾਈ ਜਾਂਦੀ ਹੈ। 27 ਜੂਨ ਤੋਂ 30 ਜੂਨ ਤੱਕ ਕੇਂਦਰ ਚੱਕ ਸਿੰਘਾ ਵਿਖੇ ਗੁਰਮਤਿ ਕੈਂਪ ਲਗਾਇਆ ਗਿਆ। 18 ਮਈ ਤੋਂ 23 ਮਈ ਤੱਕ ਬਾਬਾ ਹਰਨਾਮ ਸਿੰਘ ਸਕੂਲ ਕਾਲੇਵਾਲ ਵਿਖੇ ਗੁਰਮਤਿ ਕੈਂਪ ਲਗਾਇਆ ਗਿਆ। ਸੰਗਤ ਵਲੋਂ ਗੁਰਦੁਆਰਾ ਸਾਹਿਬ ਵਿਖੇ ਹਫਤਾਵਾਰੀ ਗੁਰਮਤਿ ਸਮਾਗਮ ਕੀਤਾ ਜਾਂਦਾ ਹੈ।

**ਪੰਜਾਬ ਤੋਂ ਬਾਹਰ ਦੇ ਕੇਂਦਰ-**

**16. ਸਿੰਬਲ ਕੈਂਪ (ਜੰਮੂ) (90865-31984)-** ਪ੍ਰਚਾਰਕ ਭਾਈ ਪੁਸ਼ਪਿੰਦਰ ਸਿੰਘ ਵਲੋਂ ਸਵੇਰੇ 9 ਵਜੇ ਤੋਂ 11 ਵਜੇ ਤੱਕ ਗੁਰਦੁਆਰਾ ਗੁਰੂ ਸਿੰਘ ਸਭਾ ਪਿੰਡ ਫਿੰਦੜ ਆਰ. ਐਸ. ਪੁਰਾ ਵਿਖੇ, 11.30 ਵਜੇ ਤੋਂ 1 ਵਜੇ ਤੱਕ ਗੁਰਦੁਆਰਾ ਸਾਹਿਬ ਮਮਕਾ ਆਰ. ਐਸ. ਪੁਰਾ ਵਿਖੇ, 4.30 ਵਜੇ ਤੋਂ 6.15 ਵਜੇ ਤੱਕ ਗੁਰਦੁਆਰਾ ਗੁਰੂ ਸਿੰਘ ਸਭਾ ਸਿੰਘਪੁਰਾ ਮੁਰਾਲੀਆਂ ਵਿਖੇ ਬੱਚਿਆਂ ਦੀਆਂ ਗੁਰਮਤਿ ਕਲਾਸਾਂ ਅਤੇ ਗੁਰਬਾਣੀ ਸੰਥਿਆ ਦੀਆਂ ਕਲਾਸਾਂ ਲਗਾਈਆਂ ਜਾਂਦੀਆਂ ਹਨ।

**17. ਇੰਫਾਲ (ਮਨੀਪੁਰ)-** ਪ੍ਰਚਾਰਕ ਭਾਈ ਜਗਦੀਪ ਸਿੰਘ ਸੈਦਪੁਰ ਵਲੋਂ ਹਰ ਰੋਜ਼ ਹੁਕਮਨਾਮੇ ਦੀ ਵੀਚਾਰ ਕੀਤੀ ਜਾਂਦੀ ਹੈ ਅਤੇ ਸੰਗਤ ਨਾਲ ਗੁਰਮਤਿ ਵੀਚਾਰਾਂ ਦੀ ਸਾਂਝ ਪਾਈ ਜਾਂਦੀ ਹੈ।

**18. ਜਰਮਨ (00491631892161)-** ਪ੍ਰਚਾਰਕ ਭਾਈ ਸੰਦੀਪ ਸਿੰਘ ਖਾਲੜਾ ਜੀ ਵਲੋਂ ਬੱਚਿਆਂ ਦੀਆਂ ਗੁਰਮਤਿ ਕਲਾਸਾਂ ਲਗਾ ਕੇ ਸਿੱਖ ਰਹਿਤ ਮਰਿਯਾਦਾ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ। ਸੰਗਤ ਦੀਆਂ ਕਲਾਸਾਂ ਲਗਾ ਕੇ ਧਾਰਮਿਕ ਅਤੇ ਨੈਤਿਕ ਸਿਖਿਆ ਦਿੱਤੀ ਜਾਂਦੀ ਹੈ।

**19. ਜਮਸ਼ੇਦਪੁਰ (ਟਾਟਾ ਨਗਰ)-** ਪ੍ਰਚਾਰਕ ਭਾਈ ਹਰਵਿੰਦਰ ਸਿੰਘ ਜਮਸ਼ੇਦਪੁਰੀ ਵਲੋਂ ਸੰਗਤ ਦੀਆਂ ਗੁਰਮਤਿ ਕਲਾਸਾਂ ਲਗਾ ਕੇ ਧਾਰਮਿਕ ਅਤੇ ਨੈਤਿਕ ਸਿੱਖਿਆ ਦਿੱਤੀ ਜਾ ਰਹੀ ਹੈ। ਗੁਰਦੁਆਰਾ ਸਾਹਿਬ ਜੈਮਕੋ ਅਜਾਦ ਬਸਤੀ ਵਿਖੇ ਭਾਈ ਸਾਹਿਬ ਵਲੋਂ ਸੰਗਤ ਨਾਲ ਗੁਰਮਤਿ ਵੀਚਾਰਾਂ ਕੀਤੀਆਂ ਗਈਆਂ।

**20. ਦੁਰਗ (ਛੱਤੀਸਗੜ੍ਹ) (98821-42424)-** ਪ੍ਰਚਾਰਕ ਭਾਈ ਕੰਵਲਪ੍ਰੀਤ ਸਿੰਘ ਵਲੋਂ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਰਾਜਨੰਦਗਾਓ ਛੱਤੀਸਗੜ੍ਹ 'ਚ ਗੁਰਮਤਿ ਕੈਂਪ ਲਗਾਇਆ ਗਿਆ, ਜਿਸ ਵਿੱਚ ਬੱਚਿਆਂ ਨੂੰ ਧਾਰਮਿਕ ਅਤੇ ਨੈਤਿਕ ਸਿਖਿਆ ਦਿੱਤੀ ਗਈ। ਬੱਚਿਆਂ ਨੂੰ ਦਸਤਾਰ ਦੀ ਸਿਖਲਾਈ ਅਤੇ ਗਤਕੇ ਦੀ ਸਿਖਲਾਈ ਵੀ ਦਿੱਤੀ ਜਾਂਦੀ ਹੈ।

-0-

# ਗਰਮੀਆਂ ਦੀਆਂ ਛੁੱਟੀਆਂ ਦੌਰਾਨ ਪੰਜਾਬ ਦੇ ਵੱਖ ਵੱਖ ਸਕੂਲਾਂ/ਗੁਰਦੁਆਰਿਆਂ ਵਿਖੇ ਗੁਰਮਤਿ ਗਿਆਨ ਮਿਸ਼ਨਰੀ ਕਾਲਜ ਵਲੋਂ ਵੱਡੀ ਗਿਣਤੀ ਵਿਚ ਗੁਰਮਤਿ ਕੈਂਪ ਲਗਾਏ ਗਏ



ਕੇਂਦਰ ਲਤਾਲਾ ਦੇ ਪਿੰਡ ਮੋਹੀ ਵਿਖੇ ਦਸਤਾਰ ਮੁਕਾਬਲੇ, ਪੈਂਤੀ ਲਿਖਣੀ ਅਤੇ ਗੁਰਬਾਣੀ ਕੰਠ ਮੁਕਾਬਲੇ ਕਰਵਾਏ ਗਏ। ਉਪਰੰਤ ਬੱਚਿਆਂ ਨੂੰ ਮੈਡਲ ਦਿੱਤੇ ਗਏ।



ਕੇਂਦਰ ਲਤਾਲਾ ਦੇ ਪਿੰਡ ਕਾਲਖ ਵਿਖੇ ਬੱਚਿਆਂ ਦਾ ਦਸਤਾਰ ਮੁਕਾਬਲਾ ਕਰਵਾਇਆ ਗਿਆ।



ਪੰਥਕ ਵਿਦਵਾਨ ਸ. ਮੰਗਤ ਸਿੰਘ 'ਰਾਹੀ' ਜੀ ਦੀ ਨਵੀਂ ਪੁਸਤਕ 'ਗੁਰਬਾਣੀ ਵਿਚ ਆਏ ਪਸ਼ੂ, ਪੰਛੀ ਅਤੇ ਬਨਸਪਤੀ ਦੇ ਬਿੰਬ' ਜਾਰੀ ਕੀਤੀ ਗਈ।



ਕੇਂਦਰ ਤਰਨਤਾਰਨ ਦੇ ਪਿੰਡ ਰੂੜੇ ਆਸਲ ਵਿਖੇ ਲੱਗ ਰਹੀ ਬੱਚਿਆਂ ਦੀ ਗੁਰਮਤਿ ਕਲਾਸ



ਕੇਂਦਰ ਚੱਕ ਕਲਾਂ ਦੇ ਪਿੰਡ ਸ਼ੰਕਰ ਦੀ ਸੈਂਟ ਜੋਨ ਅਕੈਡਮੀ ਵਿਖੇ ਲੱਗ ਰਹੀ ਗੁਰਮਤਿ ਕਲਾਸ।



ਪਿੰਡ ਹੇਰਾਂ ਵਿਖੇ ਗੁਰਮਤਿ ਕੈਂਪ ਲਗਾਇਆ ਗਿਆ।



ਕੇਂਦਰ ਪਰਿੰਗੜੀ ਦੇ ਪਿੰਡ ਕੋਟਦਾਤਾ ਵਿਖੇ ਲੱਗ ਰਹੀ ਗੁਰਮਤਿ ਕਲਾਸ।











ਕੇਂਦਰ ਜੰਮੂ ਦੇ ਵੱਖ ਵੱਖ ਇਲਾਕਿਆਂ ਦੇ ਗੁਰਦੁਆਰਾ ਸਾਹਿਬ ਮਮਕਾ, ਗੁ: ਸਿੰਘ ਸਭਾ ਸਿੰਘਪੁਰਾ ਮੁਰਾਲੀਆਂ ਅਤੇ ਗੁ: ਸਿੰਘ ਸਭਾ ਫਿੰਦੜ ਆਰ.ਐਸ.ਪੁਰਾ ਵਿਖੇ ਲੱਗ ਰਹੀ ਬੱਚਿਆਂ ਦੀ ਗੁਰਮਤਿ ਕਲਾਸ।

RNI No.: PUNMUL/2019/78309 Postal Regd. No.: L-6/PB/LDC/805/2024-26 (31-12-2026) Postal Date: 5th of every month

# ਮਿਤੀ 19 ਜੁਲਾਈ 2024 ਨੂੰ ਗੁਰਮਤਿ ਗਿਆਨ ਮਿਸ਼ਨਰੀ ਕਾਲਜ, ਲੁਧਿਆਣਾ ਵਿਖੇ ਗੁਰਮਤਿ ਦੇ ਤਿੰਨ ਸਾਲਾ ਡਿਪਲੋਮਾ ਕੋਰਸ ਲਈ ਬੱਚਿਆਂ ਦੇ ਨਵੇਂ ਬੈਚ ਦੀ ਆਰੰਭਤਾ ਕੀਤੀ ਗਈ















ਬੀਤੇ ਦਿਨੀਂ ਗੁਰਮਤਿ ਗਿਆਨ ਮਿਸ਼ਨਰੀ ਕਾਲਜ ਲੁਧਿਆਣਾ ਵਿਖੇ ਪੰਥਕ ਵਿਦਵਾਨ ਸ. ਮੰਗਤ ਸਿੰਘ 'ਰਾਹੀ' ਜੀ ਦੀ ਨਵੀਂ ਪੁਸਤਕ 'ਗੁਰਬਾਣੀ ਵਿਚ ਆਏ ਪਸ਼ੂ, ਪੰਛੀ ਅਤੇ ਬਨਸਪਤੀ ਦੇ ਬਿੰਬ' ਸੰਗਤ ਦੀ ਹਾਜ਼ਰੀ ਵਿਚ ਜਾਰੀ ਕੀਤੀ ਗਈ।